
# ਵਿਰਸੇ ਦੀ ਪਹਿਚਾਣ

(ਕਾਵਿ-ਸੰਗ੍ਰਹਿ)

ਡਾ. ਗੁਰਮੀਤ ਸਿੰਘ ਬਰਸਾਲ



ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ 10/-

# ਵਿਰਸੇ ਦੀ ਪਹਿਚਾਣ

(ਕਾਵਿ-ਸੰਗ੍ਰਹਿ)

ਡਾ: ਗੁਰਮੀਤ ਸਿੰਘ ਬਰਸਾਲ
(ਯੂ.ਐਸ.ਏ.)

*ਸਾਹਿਤ ਤੇ ਪ੍ਰਕਾਸ਼ਨ ਵਿਭਾਗ*

*ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ*

*ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-2*

*ਫੋਨ : 450352, 463606*

ਗਿਆਨੀ ਸਰੂਪ ਸਿੰਘ ਕਡਿਆਣਾ
★ ਪੰਥਕ ਢਾਡੀ ਜੱਥਾ 98150-03075 ★
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

**VIRSE DI PEHCHAN (Collection of Poems) Punjabi**

---

**DR.GURMIT SINGH BARSAL**

*©ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ*

*ਪਹਿਲੀ ਐਡੀਸ਼ਨ : ਮਈ (1999)*

*ਕੰਪਿਊਟਰ ਟਾਈਪ ਸੈਟਿੰਗ*

*ਵਿਰਸਾ ਪ੍ਰਿੰਟਰਜ਼*
*ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ*

*ਭੇਟਾ :-10/- ਰੁਪਏ*

*ਛਾਪਕ : ਹਮਦਰਦ ਪ੍ਰਿੰਟਿੰਗ ਪ੍ਰੈਸ, ਜਲੰਧਰ*

ਗਿਆਨੀ ਸਰੂਪ ਸਿੰਘ ਕਵਿਆਲ
ਪੰਥਕ
ਢਾਡੀ ਜੱਥਾ
98150-03075
ਤਹਿ: ਫਿਲੌਰ (ਜਲੰਧਰ)

# ਤਤਕਰਾ


| ਕਵਿਤਾਵਾਂ | ਪੰਨਾ |
|---|---|
| ਸਭਿਆਚਾਰ | 1 |
| ਲੋਕ ਨਾਚ | 5 |
| ਸ਼ਿੰਗਾਰ | 17 |
| ਦਾਜ | 27 |
| ਕੱਜੇ ਸਿਰ | 34 |
| ਅਗਾਂਹ-ਵਧੂ ਲੇਖਕ | 47 |
| ਹੈਪੀ ਮਦਰਜ਼ ਡੇ | 55 |
| ਦੇਸ਼ ਪ੍ਰੇਮ | 60 |
| ਦੋਸਤ | 64 |
| ਮੰਗਣਾ | 75 |
| ਰਖੜੀ | 81 |
| ਜਨਮ ਦਿਨ | 86 |
| ਗੁਰਮਤੇ ਬਨਾਮ ਹੁਕਮਨਾਮੇ | 91 |
| ਲੋਕ ਰਾਜ ਬਨਾਮ ਸਿੱਖ ਰਾਜ | 97 |
| ਸਤਿਕਾਰ | 102 |
| ਸੰਤ | 111 |
| ਹਮਲਾ ਜਾਰੀ ਹੈ | 123 |
| ਅਕਲੀ ਸਾਹਿਬੁ ਸੇਵੀਐ | 129 |
| ਜੀ ਆਇਆਂ ਨੂੰ | 142 |
| ਮੈਂ ਇਕ ਖ਼ਬਰ ਹਾਂ | 152 |
| ਕੇਤੀਆ | 159 |
| ਧਰਮ-ਅਧਰਮ | 163 |
| ਇਕ ਸੱਭਿਅਕ ਟੂਰ | 170 |
| ਕੁਝ ਕਰ | 177 |
| ਪਰ-ਉਪਕਾਰ | 179 |

| ਰੁਬਾਈਆਂ | ਪੰਨਾ |
|---|---|
| ਪਹੁੰਚ | 181 |
| ਵਤਨ | 181 |
| ਨਾਕਾਮੀਅਤ | 181 |
| ਅਨੋਖਾ ਸਾਥੀ | 182 |
| ਅਨੋਖਾ ਜੀਵ | 182 |
| ਧਰਤੀ ਦੁਆਲੇ ਘੇਰਾ | 182 |
| ਭਟਕਣ | 183 |
| ਹਕੀਕਤ | 183 |
| ਵਖੋ ਵਖਰੇ | 183 |
| ਮਾਣ | 184 |
| ਦੁਖ ਦਾਰੂ | 184 |
| ਅਨੋਖੀ ਅੱਗ | 184 |
| ਹੁਸੀਨ ਮੌਤ | 185 |
| ਅਗਾਂਹਵਧੂ | 185 |
| ਜੋਸ਼ | 185 |
| ਭੋਲਾ | 186 |
| ਆਦਮੀ ਤੇ ਰੂਹ | 186 |
| ਪਹਿਲੀ ਹਾਰ | 186 |
| ਲਿਖਤਾਂ | 187 |
| ਹਸਦੇ ਅੱਖਰ | 187 |

# ਸਮਰਪਣ

ਚੋਰੀ ਕਰਦੇ ਮਨੁੱਖ ਨੂੰ ਤੱਕ ਕੇ ਤੇ
ਲੋਕੀਂ ਚੁੱਪ ਕਰ ਜੋ ਲੰਘ ਆਂਵਦੇ ਨੇ।
ਸੂਝਵਾਨ ਮਨੁੱਖਾਂ ਦੀ ਨਜ਼ਰ ਵਿਚ ਉਹ
ਚੋਰ ਨਾਲ ਹੀ ਰਲੇ ਸਮਝੇ ਜਾਂਵਦੇ ਨੇ।
ਨਿੰਦਿਆ ਹੁੰਦੀ ਨਹੀਂ ਚੋਰ ਨੂੰ ਚੋਰ ਕਹਿਣਾ
ਭਾਵੇਂ ਚੋਰ ਤਾਂ ਉਲਟ ਸਮਝਾਂਵਦੇ ਨੇ।
ਅਰਥ ਸਰਬੱਤ ਦੇ ਭਲੇ ਦੇ ਉਹ ਕਿਉਂਕਿ
ਆਪਣੇ ਸਵਾਰਥ ਹਿਤ ਸਭ ਨੂੰ ਸਿਖਾਂਵਦੇ ਨੇ।
ਚੋਰ ਲਗੇ ਜੋ ਪੰਥ ਨੂੰ ਧਾਰ ਨੀਤੀ
ਚਾਲ ਉਹਨਾਂ ਦੀ ਜੋ ਪ੍ਰਗਟਾਂਵਦੇ ਨੇ।
ਪਛਾਣ ਕਰਨ ਲਈ ਚੋਰ ਤੇ ਸਾਧ ਵਾਲੀ
ਕਸਵੱਟੀ ਗੁਰੂ ਗਰੰਥ ਦੀ ਲਾਂਵਦੇ ਨੇ।
'ਸਿੱਖੀ ਸਿੱਖਿਆ ਗੁਰ ਵਿਚਾਰ' ਵਰਗੀ
ਜੀਵਨ ਵਿਚ ਰਹੁ-ਰੀਤ ਅਪਣਾਂਵਦੇ ਨੇ।
ਇਹ ਕਿਤਾਬ ਸਮਰਪਿਤ ਹੈ ਉਹਨਾਂ ਨੂੰ ਜੋ
ਆਪ ਜਾਗੇ ਤੇ ਅੱਗੇ ਜਗਾਂਵਦੇ ਨੇ।

"ਧੁੱਪਾਂ ਤੱਤੀਆਂ ਕੋਲੋਂ ਬਚਾ ਕੇ ਤੇ
ਲੈਂਦੀ ਬੁੱਕਲ ਵਿਚ ਜਿਵੇਂ ਹੈ ਮਾਂ ਠੰਡੀ।
ਬੁਕਲ ਭਾਲੀਏ ਸਦਾ ਲਈ ਸੁੱਖਾਂ ਦੀ ਜੇ
ਆਓ ਮਾਣੀਏ ਵਿਰਸੇ ਦੀ ਛਾਂ ਠੰਡੀ।"

"ਪਦਾਰਥ ਅਤੇ ਪਰਮਾਰਥ ਵਿਚ ਫਰਕ ਜਿਹੜਾ
ਸੰਸਾਰ ਅਤੇ ਨਿਰੰਕਾਰ ਨੂੰ ਜਾਣ ਕਰੀਏ।
ਦਸਾਂ ਗੁਰਾਂ ਨੇ ਸਾਨੂੰ ਜੋ ਬਖਸ਼ਿਆ ਏ
ਸੋਹਣੇ ਵਿਰਸੇ ਦੀ ਆਓ ਪਹਿਚਾਣ ਕਰੀਏ।"

# ਭੂਮਿਕਾ

ਡਾ: ਗੁਰਮੀਤ ਸਿੰਘ ਬਰਸਾਲ ਇਕ ਅਨੁਭਵੀ ਕਵੀ ਅਤੇ ਗੁਰਮਤਿ ਵਿਚਾਰਧਾਰਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਣ ਵਾਲੇ ਸੱਜਣ ਹਨ। ਜਿਸ ਦਾ ਸਬੂਤ ਇਨ੍ਹਾਂ ਦੀ ਨਵੀਂ ਕਾਵਿ-ਰਚਨਾ 'ਵਿਰਸੇ ਦੀ ਪਹਿਚਾਣ' ਤੋਂ ਭਲੀ ਪ੍ਰਕਾਰ ਮਿਲਦਾ ਹੈ। ਡਾਕਟਰ ਸਾਹਿਬ ਦੀਆਂ ਇਸ ਪੁਸਤਕ ਵਿਚ ਲਿਖੀਆਂ ਉੱਚ ਕੋਟੀ ਦੀਆਂ ਕਵਿਤਾਵਾਂ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਕਾਲਜ ਵਿਚ ਉੱਚੀ ਵਿੱਦਿਆ ਪੜ੍ਹਦੇ ਹੋਏ ਹੀ ਇਨ੍ਹਾਂ ਦਾ ਰੁਝਾਨ ਗੁਰਮਤਿ ਫਿਲਾਸਫੀ ਦੀ ਸ੍ਰੇਸ਼ਟਤਾ ਵੱਲ ਹੋ ਗਿਆ। ਜਦੋਂ ਆਪ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੰਪਰਕ ਵਿਚ ਆਏ ਤਾਂ ਆਪਦੇ ਨਿਰਮਲ ਹਿਰਦੇ ਵਿਚ ਗੁਰਬਾਣੀ ਦੇ ਗੂੜ੍ਹੇ ਅਰਥਾਂ ਨੂੰ ਕੇਵਲ ਸਮਝਣ ਦਾ ਚਾਓ ਹੀ ਪੈਦਾ ਨਹੀਂ ਹੋਇਆ, ਸਗੋਂ ਗੁਰਬਾਣੀ ਵਿਚ ਗੁਰਮੁੱਖਾਂ ਦੇ ਜੋ ਸ਼ੁਭ ਗੁਣ ਦੱਸੇ ਗਏ ਹਨ, ਉਨ੍ਹਾਂ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇਣ ਦਾ ਵੀ ਦ੍ਰਿੜ੍ਹ ਸੰਕਲਪ ਪੈਦਾ ਹੋ ਗਿਆ।

ਡਾਕਟਰ ਸਾਹਿਬ ਨੇ ਜਦੋਂ ਕਵਿਤਾ ਦੀ ਇਹ ਪੁਸਤਕ ਲਿਖਣ ਦੀ ਮਨਸ਼ਾ ਧਾਰਨ ਕੀਤੀ ਤਾਂ ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ :

ਸੇਵਕ ਕੀ ਮਨਸਾ ਪੂਰੀ ਭਈ।।
ਸਤਿਗੁਰ ਤੇ ਨਿਰਮਲ ਮਤਿ ਲਈ।।

ਆਪ ਜੀ ਨੇ ਮਨ ਹੀ ਮਨ ਵਿਚ ਅਰਦਾਸ ਕੀਤੀ ਕਿ ਹੇ ਸਤਿਗੁਰੂ ਤੇਰੇ ਸੇਵਕ ਨੇ ਇਹ ਮਨਸ਼ਾ ਧਾਰਨ ਕੀਤੀ ਹੈ ਕਿ ਕਵਿਤਾ ਦੀ ਕੋਈ ਐਸੀ ਪੁਸਤਕ ਰਚੀ ਜਾਵੇ ਜੋ ਲੋਕਾਂ ਦੇ ਮਨਾਂ ਵਿਚ ਪਏ ਹੋਏ ਭਰਮ ਭੁਲੇਖੇ ਦੂਰ ਕਰਕੇ ਉਨ੍ਹਾਂ ਨੂੰ ਅਸਲੀ ਹਕੀਕਤਾਂ (ਸੱਚਾਈਆਂ) ਨੂੰ ਸਮਝਣ ਦੀ ਸਮਰੱਥਾ ਦੇ ਸਕੇ। ਸਤਿਗੁਰਾਂ ਨੇ ਐਸੀ ਬਖਸ਼ਿਸ਼ ਕੀਤੀ ਕਿ ਆਪ ਨੂੰ ਨਿਰਮਲ ਬੁੱਧੀ ਦੀ ਦਾਤ ਪ੍ਰਾਪਤ ਹੋ ਗਈ। ਜਿਸ ਸਦਕਾ ਆਪ ਨੇ ਜਿਸ ਵਿਸ਼ੇ ਤੇ ਵੀ ਕਲਮ ਉਠਾਈ, ਉਸ ਦਾ ਅਸਲੀ ਸਰੂਪ ਉਜਾਗਰ ਕਰਕੇ ਪਾਠਕਾਂ ਦੇ

ਸਾਹਮਣੇ ਰੱਖ ਦਿੱਤਾ। ਡਾਕਟਰ ਸਾਹਿਬ ਨੇ ਕਿਹੜੇ ਕਿਹੜੇ ਭਰਮ ਭੁਲੇਖੇ ਦੂਰ ਕੀਤੇ ? ਉਨ੍ਹਾਂ ਦਾ ਪੂਰਾ ਵਿਸਥਾਰ ਆਪ ਜੀ ਦੀ ਇਸ ਰਚਨਾ ਵਿਚ ਦਿੱਤੀਆਂ ਕਵਿਤਾਵਾਂ ਤੋਂ ਭਲੀ ਪ੍ਰਕਾਰ ਮਿਲ ਸਕਦਾ ਹੈ।

ਡਾਕਟਰ ਸਾਹਿਬ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਵਿਚਾਰ ਤੋਂ ਜੋ ਤੱਤ ਗਿਆਨ ਪ੍ਰਾਪਤ ਕੀਤਾ ਉਹ ਆਪ ਜੀ ਦੀਆਂ ਕਵਿਤਾਵਾਂ ਵਿਚੋਂ ਝਲਕਾਰੇ ਮਾਰਦਾ ਹੈ। ਆਪ ਜੀ ਨੂੰ ਇਹ ਅਨੁਭਵ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਨਵੇਂ ਤੇ ਨਿਰਮਲ ਪੰਥ ਦੀ ਸਿਰਜਨਾ ਕੀਤੀ ਉਸੇ ਨੂੰ ਸੰਪੂਰਨਤਾ ਪ੍ਰਦਾਨ ਕਰਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਆਖਿਆ। ਸਿੱਖ ਪੰਥ ਦੇ ਅਮੋਲਕ ਵਿਰਸੇ ਵਿਚ ਜੋ ਸਾਰੇ ਸੰਸਾਰ ਤੋਂ ਨਿਰਾਲੀਆਂ ਤੇ ਵਿਲੱਖਣ ਗੱਲਾਂ (ਵਸਤਾਂ) ਹਨ। ਉਹ ਹਨ-ਜੁਗੋ ਜੁਗ ਅਟੱਲ ਤੇ ਸ਼ਬਦ ਅਵਤਾਰ ਅਤੇ ਰੱਬੀ ਗਿਆਨ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖਾਲਸਾ ਪੰਥ ਦਾ ਬੇਮਿਸਾਲ ਇਤਿਹਾਸ। ਦੁਨੀਆਂ ਦੀ ਕਿਸੇ ਵੀ ਕੌਮ ਪਾਸ ਨਾ ਗੁਰੂ ਗ੍ਰੰਥ ਸਾਹਿਬ ਵਰਗੀ ਪਵਿੱਤ੍ਰ ਬਾਣੀ ਹੈ ਅਤੇ ਨਾ ਹੀ ਸਿੱਖ ਪੰਥ ਦੇ ਇਤਿਹਾਸ ਵਰਗਾ ਬੇਮਿਸਾਲ ਇਤਿਹਾਸ।

ਡਾਕਟਰ ਸਾਹਿਬ ਨੇ ਇਹ ਸਿੱਟਾ ਕੱਢਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਨਵੇਂ ਤੇ ਨਿਰਮਲ ਪੰਥ ਦੀ ਨੀਂਹ ਰੱਖੀ ਉਸ ਦਾ ਆਰੰਭ ਹੀ ਇਥੋਂ ਹੋਇਆ ਕਿ ਗੁਰੂ ਜੀ ਨੇ ਪੁਰਾਣੀਆਂ ਸਾਹਹੀਣ ਹੋ ਚੁੱਕੀਆਂ ਤੇ ਸਮਾਂ ਵਿਹਾ ਚੁੱਕੀਆਂ ਮਨੌਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੀ ਥਾਂ ਇਕ ਨਵਾਂ ਮੌਲਕ ਧਰਮ ਸਥਾਪਤ ਕੀਤਾ। ਜਿਸ ਦੀ ਗੁਰਮਤਿ ਫਿਲਾਸਫੀ ਨੂੰ ਗੁਰਬਾਣੀ ਵਿਚ :

ਖਟੁ ਦਰਸਨੁ ਵਰਤੈ ਵਰਤਾਰਾ ।।
ਗੁਰ ਕਾ ਦਰਸਨੁ ਅਗਮ ਅਪਾਰਾ ।।

ਕਿਹਾ ਗਿਆ ਹੈ। ਇਸ ਕਰਕੇ ਡਾਕਟਰ ਸਾਹਿਬ ਨੇ ਆਪਣੀਆਂ ਕਵਿਤਾਵਾਂ ਵਿਚ ਗੁਰਮਤਿ ਫਿਲਾਸਫੀ ਦੇ ਵਿਰੁਧ ਜੋ ਭਰਮ ਭੁਲੇਖੇ ਪਾਏ ਹਨ, ਉਨ੍ਹਾਂ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਦੂਰ ਕੀਤਾ ਹੈ। ਡਾਕਟਰ ਸਾਹਿਬ ਨੂੰ ਸਤਿਗੁਰਾਂ ਮਿਹਰ ਕਰਕੇ ਇਕ ਬਹੁਤ ਹੀ ਵਿਲੱਖਣ ਪਾਰਦਰਸ਼ੀ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਹੈ। ਜਿਸ

ਦੁਆਰਾ ਆਪ ਹਰ ਗੱਲ ਦੀ ਤਹਿ ਤੱਕ ਪਹੁੰਚ ਜਾਂਦੇ ਹਨ ਤੇ ਉਸ ਪਿੱਛੇ ਲੁਕੀ ਹੋਈ ਹਕੀਕਤ ਨੂੰ ਬੜੇ ਵਜ਼ਨਦਾਰ ਸ਼ਬਦਾਂ ਵਿਚ ਪ੍ਰਗਟ ਕਰ ਦਿੰਦੇ ਹਨ।

ਜਿਵੇਂ ਡਾਕਟਰੀ ਵਿੱਦਿਆ ਦੇ ਖੋਜੀਆਂ ਨੇ ਤਨ ਦੇ ਰੋਗਾਂ ਨੂੰ ਸਮਝਣ ਲਈ ਐਕਸਰੇ ਦੀ ਮਸ਼ੀਨ ਦੀ ਕਾਢ ਕੱਢੀ ਹੈ ਅਤੇ ਉਸ ਨਾਲ ਮਨੁੱਖੀ ਸਰੀਰ ਦੇ ਅੰਦਰਲੇ ਸਾਰੇ ਅੰਗਾਂ ਦੀ ਤਸਵੀਰ ਖਿਚ ਲਈ ਜਾਂਦੀ ਹੈ ਉਸੇ ਤਰ੍ਹਾਂ ਗੁਰਬਾਣੀ ਦੁਆਰਾ ਸੁਰਤਿ, ਮਨ ਤੇ ਬੁੱਧੀ ਦੀਆਂ ਅੰਦਰਲੀਆਂ ਤਸਵੀਰਾਂ ਖਿੱਚੀਆਂ ਜਾ ਸਕਦੀਆਂ ਹਨ। ਜਿਨ੍ਹਾਂ ਤੋਂ ਇਹ ਪਤਾ ਲੱਗ ਸਕਦਾ ਹੈ ਕਿ ਮਨ ਦੇ ਰੋਗ ਦੇ ਮੂਲ ਕਾਰਨ ਕੀ ਹਨ? ਜਿਹੜੀਆਂ ਐਕਸਰੇ ਦੀਆਂ ਮਸ਼ੀਨਾਂ ਤਨ ਦੇ ਅੰਦਰਲੇ ਹਿੱਸੇ ਦੀਆਂ ਤਸਵੀਰਾਂ ਖਿੱਚ ਕੇ ਤਨ ਦੇ ਰੋਗਾਂ ਦਾ ਗਿਆਨ ਹੀ ਕਰਾਉਂਦੀਆਂ ਹਨ, ਉਨ੍ਹਾਂ ਵਿਚ ਸੁਰਤਿ, ਮਨ ਤੇ ਬੁੱਧੀ ਦੀਆਂ ਅੰਦਰਲੀਆਂ ਤਸਵੀਰਾਂ ਖਿੱਚਣ ਦੀ ਸਮਰੱਥਾ ਨਹੀਂ ਹੈ। ਇਸ ਕਰਕੇ ਤਨ ਦੇ ਰੋਗਾਂ ਦਾ ਇਲਾਜ ਕਰਨ ਵਾਲੇ ਡਾਕਟਰ ਮਾਨਸਿਕ ਰੋਗਾਂ ਦਾ ਇਲਾਜ ਨਹੀਂ ਕਰ ਸਕਦੇ।

ਇਹ ਸੱਚਾਈ ਤਾਂ ਗੁਰਬਾਣੀ ਤੋਂ ਤੱਤ ਗਿਆਨ ਪ੍ਰਾਪਤ ਕਰਨ ਵਾਲੇ ਗਿਆਨੀਆਂ ਨੇ ਹੀ ਪ੍ਰਗਟ ਕੀਤੀ ਹੈ ਕਿ ਤਨ ਦੇ ਸਾਰੇ ਰੋਗ ਮਾਨਸਕ ਰੋਗਾਂ ਤੋਂ ਹੀ ਪੈਦਾ ਹੁੰਦੇ ਹਨ। ਇਸ ਕਰਕੇ ਜਦੋਂ ਤੱਕ ਮਾਨਸਿਕ ਰੋਗਾਂ ਦਾ ਮੁਕੰਮਲ ਇਲਾਜ ਨਹੀਂ ਹੋਵੇਗਾ, ਤਦੋਂ ਤੱਕ ਤਨ ਦੇ ਰੋਗਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਮਾਨਸਿਕ ਰੋਗਾਂ ਦੇ ਸੰਪੂਰਨ ਇਲਾਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤ੍ਰ ਬਾਣੀ ਵਿਚ ਜੋ ਨੁਸਖੇ ਲਿਖੇ ਹਨ, ਉਨ੍ਹਾਂ ਨੂੰ ਵਰਤ ਕੇ ਹੀ ਸਾਰੀ ਮਨੁਖਤਾ ਦੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ।

ਸਤਿਗੁਰਾਂ ਨੇ ਗੁਰਬਾਣੀ ਵਿਚ ਫੁਰਮਾਇਆ ਹੈ :

ਜੋ ਜੋ ਦੀਸੈ ਸੋ ਸੋ ਰੋਗੀ।। ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।।

ਅਥਵਾ "ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ" ਗੁਰਬਾਣੀ ਵਿਚ ਸਤਿਗੁਰਾਂ ਨੇ ਇਕ ਹੋਰ ਵਿਲੱਖਣ ਗੱਲ ਇਹ ਦੱਸੀ ਹੈ ਕਿ ਸਾਰੇ ਮਾਨਸਿਕ ਰੋਗਾਂ ਨੂੰ ਦੂਰ ਕਰਨ ਵਾਲੀ ਇਕੋ ਦਵਾਈ ਹੈ । ਉਹ ਹੈ :

ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥

ਅਥਵਾ

ਏਕ ਆਸ ਰਾਖਹੁ ਮਨ ਮਾਹਿ॥
ਸਰਬ ਰੋਗ ਨਾਨਕ ਮਿਟਿ ਜਾਹਿ॥

ਸਵਾਲ ਪੈਦਾ ਹੁੰਦਾ ਹੈ ਕਿ ਕੀ ਡਾਕਟਰੀ ਵਿੱਦਿਆ ਦੇ ਕਿਸੇ ਮਾਹਿਰ ਨੇ ਅੱਜ ਤੱਕ ਕੋਈ ਐਸੀ ਦਵਾਈ ਤਿਆਰ ਕੀਤੀ ਹੈ, ਜੋ ਸਾਰੇ ਤਨ ਦੇ ਰੋਗਾਂ ਨੂੰ ਦੂਰ ਕਰ ਸਕੇ ? ਇਸ ਦਾ ਉੱਤਰ ਹੈ-ਨਹੀਂ। ਤਨ ਦੇ ਰੋਗਾਂ ਦੇ ਇਲਾਜ ਕਰਨ ਵਾਲਿਆਂ ਨੇ ਤਾਂ ਸਰੀਰ ਦੇ ਹਰੇਕ ਅੰਗ ਦਾ ਇਲਾਜ ਕਰਨ ਵਾਸਤੇ ਡਾਕਟਰਾਂ ਦੇ ਵੱਖ-ਵੱਖ ਵਿਭਾਗ ਬਣਾਏ ਹੋਏ ਹਨ। ਅੱਖਾਂ ਦਾ ਇਲਾਜ ਕਰਨ ਵਾਲਾ ਡਾਕਟਰ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਨਹੀਂ ਕਰ ਸਕਦਾ। ਪਰ ਗੁਰਬਾਣੀ ਵਿਚ ਸਤਿਗੁਰਾਂ ਨੇ ਸਾਰੇ ਮਾਨਸਿਕ ਰੋਗਾਂ ਦਾ ਦਾਰੂ ਨਾਮ ਸਿਮਰਨ ਦੱਸਿਆ ਹੈ। ਜਿਹੜਾ ਸੱਚੇ ਵੈਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਦੇ ਕਲਿਆਣ ਲਈ ਉਸ ਅਕਾਲ ਪੁਰਖ ਪਾਸੋਂ ਲਿਆ ਕੇ ਜਗਤ ਵਿਚ ਵਰਤਾਇਆ। ਜਿਨ੍ਹਾਂ ਨੇ ਇਹ ਦਾਰੂ ਵਰਤਿਆ ਹੈ, ਉਨ੍ਹਾਂ ਦਾ ਤਨ ਤੇ ਮਨ ਦੋਵੇਂ ਅਰੋਗ ਹੋ ਗਏ। ਜਦੋਂ ਸੰਸਾਰ ਦੇ ਸਾਰੇ ਲੋਕਾਂ ਨੂੰ ਇਹ ਪਤਾ ਲੱਗੇਗਾ ਕਿ ਬਾਬਾ ਨਾਨਕ ਨੇ ਸਾਰੀ ਮਨੁੱਖਤਾ ਨੂੰ ਅਰੋਗ ਕਰਨ ਲਈ ਇਕ ਐਸੀ ਦਵਾਈ ਦੱਸੀ ਹੈ, ਜਿਸ ਨਾਲ ਤਨ ਤੇ ਮਨ ਦੇ ਸਾਰੇ ਰੋਗ ਦੂਰ ਹੋ ਸਕਦੇ ਹਨ ਅਤੇ ਉਹ ਇਸ ਸੱਚੇ ਨਾਮ ਦੇ ਨੁਸਖੇ ਦੀ ਵਰਤੋਂ ਕਰਨਗੇ ਤਾਂ "ਸਗਲੇ ਰੋਗ ਨਿਵਾਰੇ" ਦੇ ਮਹਾਂਵਾਕ ਅਨੁਸਾਰ ਉਹ ਸਾਰੇ ਰੋਗਾਂ ਸੋਗਾਂ ਤੋਂ ਮੁਕਤ ਹੋ ਜਾਣਗੇ।

ਡਾਕਟਰ ਗੁਰਮੀਤ ਸਿੰਘ ਜੀ ਨੇ ਆਪਣੀਆਂ ਕਵਿਤਾਵਾਂ ਵਿਚ ਇਹ ਸੰਕੇਤ ਦਿੱਤੇ ਹਨ ਕਿ ਅੱਜ ਕੱਲ੍ਹ ਮਨੁੱਖਤਾ ਵਿਚ ਤਨ ਤੇ ਮਨ ਦੇ ਰੋਗ ਬਹੁਤ ਵੱਧ ਰਹੇ ਹਨ, ਜਿਨ੍ਹਾਂ ਤੋਂ ਪੀੜਤ ਹੋਈ ਹੋਈ ਸਾਰੀ ਮਨੁੱਖਤਾ ਤ੍ਰਾਹ-ਤ੍ਰਾਹ ਕਰ ਰਹੀ ਹੈ। ਇਹ ਫਰਜ਼ ਹੁਣ ਉਨ੍ਹਾਂ ਗੁਰਮੁਖ ਬੁੱਧੀਜੀਵੀਆਂ ਦਾ ਬਣਦਾ ਹੈ, ਜੋ ਗੁਰਬਾਣੀ ਵਿਚ ਦੱਸੇ ਇਲਾਜ:

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥

ਅਨੁਸਾਰ ਨਾਮ ਦਾਰੂ ਵਰਤ ਕੇ ਖੁਦ ਅਰੋਗ ਹੋ ਗਏ ਹਨ ਅਤੇ ਸਾਰੀ ਮਨੁੱਖਤਾ ਨੂੰ ਸੰਸਾਰ ਦੀਆਂ ਬੋਲੀਆਂ ਵਿਚ ਗੁਰਬਾਣੀ ਦੇ ਉਲੱਥੇ ਕਰਵਾ ਕੇ ਇਹ ਨਾਮ ਦਾਰੂ ਵਰਤਣ ਦੀ ਜਾਚ ਸਿਖਾ ਸਕਦੇ ਹਨ ਤੇ ਸਾਰੇ ਰੋਗਾਂ ਸੋਗਾਂ ਤੋਂ ਮੁਕਤ ਕਰ ਸਕਦੇ ਹਨ।

ਵੈਸੇ ਤਾਂ ਡਾ: ਗੁਰਮੀਤ ਸਿੰਘ ਹੋਰਾਂ ਦੀਆਂ ਸਾਰੀਆਂ ਕਵਿਤਾਵਾਂ ਵਿਚ ਹੀ ਕੋਈ ਨਾ ਕੋਈ ਨਵੀਂ ਪ੍ਰੇਰਣਾ ਤੇ ਨਵਾਂ ਸੰਦੇਸ਼ ਦਿੱਤਾ ਗਿਆ ਹੈ ਪਰ "ਅਕਲੀ ਸਾਹਿਬੁ ਸੇਵੀਐ" ਤੇ "ਧਰਮ ਅਧਰਮ" ਦੇ ਸਿਰਲੇਖ ਵਾਲੀਆਂ ਆਪ ਜੀ ਦੀਆਂ ਦੋ ਕਵਿਤਾਵਾਂ "ਮਾਸਟਰ ਪੀਸ" ਕਹੀਆਂ ਜਾ ਸਕਦੀਆਂ ਹਨ। ਮੇਰਾ ਵਿਚਾਰ ਹੈ ਕਿ ਜਦੋਂ ਇਹ ਪੁਸਤਕ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਜਾਵੇਗੀ ਤਾਂ ਉਨ੍ਹਾਂ ਨੂੰ ਬਹੁਤ ਨਵੇਂ ਵਿਚਾਰ ਮਿਲਣਗੇ, ਜਿਨ੍ਹਾਂ ਤੋਂ ਨਵੀਂ ਸੇਧ ਲੈ ਕੇ ਉਹ ਮਨੁੱਖੀ ਸਮਾਜ ਵਿਚ ਨਵੇਂ ਸੁਧਾਰ ਲਿਆ ਸਕਣਗੇ। ਮੇਰਾ ਦਿਲ ਤਾਂ ਕਰਦਾ ਹੈ ਕਿ ਮੈਂ ਡਾ: ਸਾਹਿਬ ਦੀ ਹਰੇਕ ਕਵਿਤਾ ਦਾ ਵਿਸ਼ਲੇਸ਼ਨ ਕਰਕੇ ਉਨ੍ਹਾਂ ਵਿਚ ਦਿੱਤੇ ਗਏ ਵਿਸ਼ੇਸ਼ ਵਿਚਾਰਾਂ ਦੀ ਪ੍ਰੋੜ੍ਹਤਾ ਵਧੇਰੇ ਵਿਸਥਾਰ ਨਾਲ ਕਰਾਂ ਪਰ ਇਹ ਗੱਲ ਮੈਂ ਸੂਝਵਾਨ ਪਾਠਕਾਂ ਉੱਤੇ ਹੀ ਛੱਡਦਾ ਹਾਂ ਕਿ ਉਹ ਖੁਦ ਹੀ ਇਸ ਪੁਸਤਕ ਨੂੰ ਪੂਰੇ ਧਿਆਨ ਨਾਲ ਪੜ੍ਹਨ ਤੇ ਇਸ ਵਿਚ ਦਿੱਤੀਆਂ ਸਾਰੀਆਂ ਕਵਿਤਾਵਾਂ ਵਿਚ ਕਿਹੜੀ-ਕਿਹੜੀ ਵਿਸ਼ੇਸ਼ ਤੇ ਨਵੀਂ ਗੱਲ ਲਿਖੀ ਗਈ ਹੈ ਉਸ ਨੂੰ ਖੁਦ ਸਮਝ ਕੇ ਆਪਣੇ ਸੱਜਣਾਂ ਮਿੱਤਰਾਂ ਨੂੰ ਵੀ ਸਮਝਾਉਣ ਤਾਂ ਕਿ ਉਨ੍ਹਾਂ ਨੂੰ ਆਪਣੇ ਅਮੋਲਕ ਵਿਰਸੇ ਦੀ ਪਛਾਣ ਹੋ ਸਕੇ ਤੇ ਉਹ ਆਪਣੇ ਬੱਚੇ-ਬੱਚੀਆਂ ਨੂੰ ਵੀ ਆਪਣੇ ਅਮੋਲਕ ਵਿਰਸੇ ਤੇ ਗੌਰਵ ਕਰਨ ਦੇ ਯੋਗ ਬਣਾ ਸਕਣ।

*ਗੁਣਵੰਤਿਆ ਪਾਢਾਰ*
*ਜੰਗ ਸਿੰਘ ਗਿਆਨੀ*
*ਸਾਬਕਾ ਇੰਚਾਰਜ-ਸਿੱਖ ਇਤਿਹਾਸ*
*ਰੀਸਰਚ ਬੋਰਡ ਤੇ ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ*
*ਹਾਲ ਫਰੀਮੌਂਟ (ਅਮਰੀਕਾ)*

# ਦੋ ਸ਼ਬਦ ਲੇਖਕ ਵਲੋਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੈਟਨਰੀ ਕਾਲਜ ਵਿਚ ਦਾਖਲਾ ਮਿਲਦੇ ਸਾਰ ਹੀ ਬਚਪਨ ਤੋਂ ਬੰਦ ਕਲੀਆਂ ਵਾਂਗ ਪਿਆ ਕਾਵਿ ਮਨ ਫੁੱਲ ਬਣਨ ਲਈ ਅਨਕੂਲ ਹਾਲਾਤ ਦੇਖ ਕੇ ਝੂਮ ਉਠਿਆ। ਆਲੇ-ਦੁਆਲੇ ਤੋਂ ਪ੍ਰੇਰਤ ਹੋ ਕੇ ਲਿਖੀਆਂ ਕਵਿਤਾਵਾਂ ਦੀ ਕਿਤਾਬ 'ਕੋਰੇ ਅੱਥਰੂ' ਤੀਜੇ ਸਾਲ ਹੀ ਸੰਪੂਰਨ ਹੋ ਕੇ ਸਾਹਿਤਕ ਪਾਠਕਾਂ ਦੇ ਹੱਥਾਂ ਤੱਕ ਪੁੱਜ ਗਈ। ਕੋਈ ਚੰਗੀ ਸੰਗਤ ਨਾ ਮਿਲਣ ਕਾਰਣ ਕਵਿਤਾਵਾਂ ਦੇ ਵਿਸ਼ੇ ਤੇ ਲਿਖਣ ਸ਼ੈਲੀ ਰਵਾਇਤੀ ਲਿਖਾਰੀਆਂ ਦੇ ਰੰਗ ਵਿਚ ਹੀ ਡੁੱਬੀ ਰਹੀ। ਪਰ ਜਿਉਂ ਹੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵੀਰਾਂ/ਭੈਣਾਂ ਨਾਲ ਸੰਪਰਕ ਹੋਇਆ ਤਾਂ ਉਹਨਾਂ ਦੀ ਪ੍ਰੇਰਨਾ ਅਤੇ ਘਰ ਵਿਚਲੇ ਧਾਰਮਿਕ ਮਾਹੌਲ ਨੇ ਉਪਜ ਰਹੇ ਰਵਾਇਤੀ ਕਵੀ ਦੀ ਜਗ੍ਹਾ ਵਿਰਸੇ ਦੇ ਸਨਮੁਖ ਹੋਕੇ ਲਿਖਣ ਵਾਲੇ ਸਿਖਿਆਰਥੀ ਲਿਖਾਰੀ ਵਿਚ ਤਬਦੀਲ ਕਰਨ ਦਾ ਵਾਤਾਵਰਣ ਸਿਰਜ ਦਿੱਤਾ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਲਗਵਾਈਆਂ ਜਾਂਦੀਆਂ ਯੁਵਕ ਲਿਖਾਰੀ ਵਰਕਸ਼ਾਪਾਂ ਤੇ ਉਸਾਰੂ ਕਵਿਤਾ ਮੁਕਾਬਲਿਆਂ ਵਿਚ ਜਾਣ ਦਾ ਮੌਕਾ ਮਿਲਣ ਤੇ ਇਕ ਲਿਖਾਰੀ ਦੇ ਅਸਲੀ ਫ਼ਰਜ਼ ਦਾ ਅਹਿਸਾਸ ਅਤੇ ਅਮੋਲਕ ਵਿਰਸੇ ਦੀ ਪਹਿਚਾਣ ਸ਼ੁਰੂ ਹੋਈ। ਜੋ ਕੁਝ ਮੈਂ ਵਿਰਸੇ ਬਾਰੇ ਜਾਣਿਆ ਤੇ ਕਾਵਿ ਰੂਪ ਵਿਚ ਲਿਖਿਆ ਉਸਦਾ ਸਿਹਰਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਹਿਰ ਨੂੰ ਜਾਂਦਾ ਹੈ ਜਿਸਦੇ ਨਾਲ ਸਬੰਧਤ ਸੂਝਵਾਨ ਵਿਦਿਆਰਥੀਆਂ ਨੇ ਸਕੂਲਾਂ, ਕਾਲਜਾਂ ਵਿਚ ਗੁਰਮਤਿ ਕਿਆਰੀਆਂ, ਕੈਂਪਾਂ ਤੇ ਵਰਕਸ਼ਾਪਾਂ ਰਾਹੀਂ ਦਾਸ ਵਰਗੇ ਅਨੇਕਾਂ ਵਿਦਿਆਰਥੀਆਂ ਨੂੰ ਵਿਰਸੇ ਦੀ ਪਹਿਚਾਣ ਕਰਵਾਕੇ ਵਿਰਸੇ ਦੇ ਅੰਗ ਸੰਗ ਰਹਿਣ ਲਈ ਤਿਆਰ ਕੀਤਾ। ਵਾਹਿਗੁਰੂ ਕਰੇ ਮਨੁੱਖੀ ਮੰਜ਼ਲ ਦੇ ਰਸਤੇ ਤੇ ਲੱਗੀਆਂ ਸਟੱਡੀ ਸਰਕਲ ਰੂਪੀ ਇਹਨਾਂ ਲਾਈਟਾਂ ਦੀ ਰੌਸ਼ਨੀ ਦਾ ਤੇਜ਼ ਦਿਨ ਰਾਤ ਵੱਧਦਾ ਰਹੇ ਤਾਂ ਕਿ ਮੇਰੇ ਵਰਗੇ ਹਨੇਰੇ ਵਿਚ ਟਕਰਾਂ ਮਾਰਨ ਵਾਲਿਆਂ ਨੂੰ ਆਪਣਾ ਅਸਲੀ ਰਸਤਾ ਦਿੱਸਦਾ ਰਹੇ।

ਦਾਸ ਕੋਈ ਵਿਦਵਾਨ ਜਾਂ ਖੋਜੀ ਨਹੀਂ ਜਿਹਾ ਕਿ ਪ੍ਰਭਾਵ ਜੰਗ ਸਿੰਘ ਗਿਆਨੀ ਹੁਰਾਂ ਭੂਮਿਕਾ ਵਿਚ ਦਿੱਤਾ ਹੈ। ਸਗੋਂ ਇਹ ਤਾਂ ਉਸ ਸੂਝਵਾਨ, ਨਾਮ ਦੇ ਰਸੀਏ ਗੁਰਸਿੱਖ ਬਜ਼ੁਰਗਾਂ ਦਾ ਵੱਡਪਣ ਹੈ ਕਿ ਦਾਸ ਦੀਆਂ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ

ਲਈ ਲਿਖੀਆਂ ਕਵਿਤਾਵਾਂ ਲਈ ਕੁਝ ਸ਼ਬਦ ਲਿਖਣ ਦਾ ਸਮਾਂ ਹੀ ਨਹੀਂ ਕੱਢਿਆ ਸਗੋਂ ਕਿਤਾਬ ਦਾ ਨਾਮ ਵੀ ਖੁਦ ਰਖਿਆ ਹੈ। ਕਵਿਤਾਵਾਂ ਦੇ ਸ਼ਬਦ ਜੋੜ ਅਤੇ ਵਿਆਕਰਣ ਤਰੁੱਟੀਆਂ ਆਪ ਦੂਰ ਕੀਤੀਆਂ ਹਨ। ਦਾਸ ਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਵਿਚ ਪੜ੍ਹਨ ਦਾ ਮੌਕਾ ਮਿਲਣ ਕਾਰਣ ਵਿਦਿਆਰਥੀ ਜੀਵਨ ਕਾਲ ਵਿਚਲੀਆਂ ਉਹਨਾਂ ਸਮੱਸਿਆਵਾਂ ਜੋ ਉਸ ਨੂੰ ਸਹਿਜ ਸੁਭਾਅ ਹੀ ਵਿਰਸੇ ਤੋਂ ਤੋੜਨ ਵਿਚ ਕਾਮਯਾਬ ਹੋ ਰਹੀਆਂ ਹਨ, ਦਾ ਅਹਿਸਾਸ ਅਤੇ ਮੁੜ ਵਿਰਸੇ ਨਾਲ ਜੁੜਨ ਦੀਆਂ ਬੇਨਤੀਆਂ ਲੇਲੜੀਆਂ ਤੇ ਵਿਰਸੇ ਦਾ ਵਾਸਤਾ ਹੀ ਇਹ ਕਿਤਾਬ ਬਣਨ ਵਿਚ ਸਹਾਈ ਹੋਇਆ ਹੈ।

ਸਮੁੱਚੀ ਕਿਤਾਬ ਵਿਚ ਗੌਰਵਮਈ ਵਿਰਸੇ ਦੀ ਵੰਗਾਰ ਨਾਲ ਸਮਾਨੰਤਰ ਕੁਚਾਲਾਂ ਤੋਂ ਸੁਚੇਤ ਹੋ ਕੇ, ਗੁਰੂਆਂ, ਸ਼ਹੀਦਾਂ ਦਾ ਵਾਸਤਾ ਪਾ ਕੇ ਕਈ ਵਾਰ ਹਾਸ ਵਿਅੰਗ ਰਾਹੀਂ ਠਿਠ ਕਰਕੇ ਤੇ ਕਿਤੇ ਕਿਤੇ ਸਖਤ ਸ਼ਬਦਾਵਲੀ ਵਰਤ ਕੇ ਮੁੜ ਵਿਰਸੇ ਦੀ ਛਾਂ ਹੇਠ ਆਉਣ ਦੀ ਜੋਦੜੀ ਹੈ। ਦਾਸ ਦੀ ਇੱਛਾ ਹੈ ਕਿ ਇਹ ਕਿਤਾਬ ਹਰ ਵਿਦਿਆਰਥੀ ਦੇ ਹੱਥਾਂ ਤੱਕ ਪੁੱਜੇ।

ਉਸ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਹੈ, ਜਿਸਨੇ ਅਮਰੀਕਾ ਵਰਗੇ ਤੇਜ਼ ਤਰਾਰ ਦੇਸ਼ ਵਿਚ ਸਮਾਂ ਦੇ ਕੇ ਖੁਦ ਕਿਤਾਬ ਸੰਪੂਰਨ ਕਰਾਈ ਹੈ। ਦਾਸ ਦੀ ਹਾਰਦਿਕ ਇੱਛਾ ਹੈ ਕਿ ਸਕੂਲਾਂ, ਕਾਲਜਾਂ ਵਿਚ ਨਸ਼ਈ ਤੇ ਵਿਸ਼ਈ ਕਵੀਆਂ ਦੇ ਨਾਵਾਂ ਤੇ ਹੋ ਰਹੇ ਸਮਾਜਢਾਹੂ ਕਵੀ ਮੁਕਾਬਲਿਆਂ ਦੀ ਜਗ੍ਹਾ ਮਨੁੱਖਤਾ ਵਿਚ ਚਾਨਣ ਖਿਲਾਰਨ ਵਾਲੇ ਭਾਈ ਗੁਰਦਾਸ, ਨੰਦ ਲਾਲ ਗੋਆ, ਭਾਈ ਵੀਰ ਸਿੰਘ ਵਰਗਿਆਂ ਦੇ ਨਾਵਾਂ ਤੇ "ਉਸਾਰੂ ਕਵਿਤਾ ਮੁਕਾਬਲੇ" ਸ਼ੁਰੂ ਹੋਣ ਤਾਂਕਿ ਦਾਸ ਵਰਗੇ ਅਨੇਕਾਂ ਲਿਖਾਰੀ ਆਪਣੀਆਂ ਕਲਮਾਂ ਦੇ ਰੁਖ ਗੁਰਮਤਿ ਦੇ ਸਨਮੁਖ ਹੋ ਕੇ ਸਰਬੱਤ ਦੇ ਭਲੇ ਦੀ ਗੱਲ ਕਰਨ ਵਾਲੇ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੋਢੇ ਨਾਲ ਮੋਢਾ ਜੋੜ ਸਕਣ।

*-ਡਾ: ਗੁਰਮੀਤ ਸਿੰਘ ਬਰਸਾਲ*
*ਸੈਨਹੋਜੇ ਕੈਲੇਫੋਰਨੀਆ*
*ਅਮਰੀਕਾ*

# ਮੇਰੀ ਰਾਏ

ਡਾ: ਗੁਰਮੀਤ ਸਿੰਘ ਬਰਸਾਲ ਦੁਆਰਾ ਰਚਿਤ ਇਹ ਪੁਸਤਕ 'ਵਿਰਸੇ ਦੀ ਪਹਿਚਾਣ' ਮੈਂ ਸਾਰੀ ਬੜੇ ਗਹੁ ਨਾਲ ਪੜ੍ਹੀ ਹੈ। ਮੈਂ ਇਹ ਮਹਿਸੂਸ ਕੀਤਾ ਹੈ ਕਿ ਲੇਖਕ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਪਕ ਅਤੇ ਡੂੰਘੀ ਜਾਣਕਾਰੀ ਹੈ। ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਗੁਰਮਤਿ ਅਤੇ ਰਹਿਤ ਮਰਿਆਦਾ ਨੂੰ ਦ੍ਰਿੜ੍ਹ ਕਰਾਉਣ ਦਾ ਭਰਪੂਰ ਯਤਨ ਕੀਤਾ ਹੈ। ਸਮੇਂ ਦੇ ਗੇੜ ਨਾਲ ਸਿੱਖਾਂ ਵਿਚ ਆ ਰਹੀਆਂ ਕੁਰੀਤੀਆਂ ਨੂੰ ਬੜੇ ਵਿਅੰਗਮਈ ਢੰਗ ਨਾਲ ਉਜਾਗਰ ਕੀਤਾ ਗਿਆ ਹੈ ਜਿਵੇਂ :

ਗੁਰੂ-ਘਰਾਂ ਤੇ ਅੰਮ੍ਰਿਤ ਤੋਂ ਮੁਖ ਮੋੜੇ
ਦਾਰੂ ਦਾਅਵਤਾਂ ਕੀਤੇ ਬਰਬਾਦ ਨੀ ਮਾਂ।
ਭੌਂਦੇ ਫਿਰਦੇ ਹਾਂ ਟੁੱਟੇ ਸਰੋਤ ਨਾਲੋਂ
ਲੋਕਾਂ ਭਾਣੇ ਹਾਂ ਅਸੀਂ ਆਬਾਦ ਨੀਂ ਮਾਂ।

ਸਾਡੇ ਨਿਵੇਕਲੇ ਅਤੇ ਖੂਬਸੂਰਤ ਸਭਿਆਚਾਰ ਉੱਤੇ ਪੱਛਮੀ ਰੰਗ ਚੜ੍ਹਦਾ ਜਾ ਰਿਹਾ ਹੈ ਜੋ ਅਜੋਕੀ ਸਭਿਅਤਾ ਨੂੰ ਸਿੱਖੀ ਤੋਂ ਦੂਰ ਲਿਜਾ ਰਿਹਾ ਹੈ :

ਅਜੋਕੇ ਮਨੁੱਖ ਤੋਂ ਚੰਗੇ ਸੀ ਆਦੀਵਾਸੀ,
ਪੱਤਿਆਂ ਨਾਲ ਸੀ ਅੰਗਾਂ ਨੂੰ ਢੱਕੀ ਜਾਂਦੇ।
ਕਹਿੰਦੇ ਸਭਿਅਤਾ ਵਿਚ ਨਿਖਾਰ ਆਇਆ
ਕੱਪੜੇ ਪੱਤਿਆਂ ਨਾਲੋਂ ਵੀ ਘਟੀ ਜਾਂਦੇ।

ਅਜੋਕੇ ਪ੍ਰਚਾਰ ਸਾਧਨ ਸਿੱਖੀ ਨੂੰ ਕਿਸ ਤਰ੍ਹਾਂ ਢਾਅ ਲਗਾ ਰਹੇ ਹਨ ਕਵਿਤਾ 'ਸਭਿਆਚਾਰ' ਵਿਚ ਕਵੀ ਲਿਖਦਾ ਹੈ :

ਟੀ.ਵੀ.ਟੱਬਰ ਨਹੀਂ ਬੈਠਕੇ ਦੇਖ ਸਕਦਾ
ਸਾਡੀ ਸਭਿਅਤਾ ਕਿੱਧਰ ਨੂੰ ਜਾ ਰਹੀ ਏ।
ਸ਼ਰਮ ਆਂਵਦੀ ਪੁੱਛਦੇ ਜਦੋਂ ਬੱਚੇ

ਇਹ ਮਸ਼ਹੂਰੀ ਜਹੀ ਕਾਸਦੀ ਆ ਰਹੀ ਏ।

ਅਜੋਕੇ ਸਭਿਆਚਾਰਕ ਪ੍ਰੋਗਰਾਮਾਂ ਬਾਰੇ ਵਿਅੰਗ ਕਰਦਾ ਹੋਇਆ ਕਵੀ ਲਿਖਦਾ ਹੈ :

ਸਭਿਆਚਾਰ ਤੇ ਵਿਰਸੇ ਦੀ ਗੱਲ ਕਰਨੀ
ਕਲਾਕਾਰਾਂ ਦਾ ਕੋਈ ਤਮਾਸ਼ਾ ਤੇ ਨਹੀਂ।
ਗਾਉਣਾ ਨੱਚਣਾ ਹੁੰਦਾ ਹੈ ਇਕ ਹਿੱਸਾ
ਸਭਿਆਚਾਰ ਦੀ ਪੂਰੀ ਪਰਿਭਾਸ਼ਾ ਤੇ ਨਹੀਂ।

ਭਾਈ ਗੁਰਦਾਸ ਜੀ ਦੀ ਲਾਈਨ "ਦੇਖ ਪਰਾਈਆਂ ਚੰਗੀਆਂ, ਮਾਵਾਂ, ਭੈਣਾਂ, ਧੀਆਂ ਜਾਣੇ" ਦਾ ਖ਼ੁਲਾਸਾ ਸ਼ਾਇਰ ਆਪਣੀ ਇਕ ਰਚਨਾ ਵਿਚ ਇਸ ਤਰ੍ਹਾਂ ਕਰਦਾ ਹੈ :

ਇਸ ਕੌਮ ਦੇ ਉਚੇ ਇਖਲਾਕ ਵਰਗੀ
ਕੋਈ ਥਿਊਰੀ ਨਾ ਏਸਦੇ ਹਾਣ ਦੀ ਏ।
ਬਸ ਏਹੋ ਕੌਮ ਹੈ ਜੋ ਸਭ ਔਰਤਾਂ ਨੂੰ
ਮਾਵਾਂ-ਭੈਣਾਂ ਤੇ ਧੀਆਂ ਹੀ ਜਾਣਦੀ ਏ।

ਅਤੇ ਹੋਰ

ਭੈਣ ਦਿਖੇ ਪਰਾਈ ਦੇ ਵਿਚ ਜੇ ਨਾ,
ਤਾਂ ਇਹ ਚੋਚਲੇ ਕਿਸੇ ਵੀ ਮੁੱਲ ਦੇ ਨਹੀਂ
ਆਚਰਣ ਪਖੋਂ ਤਾਂ ਕਈ ਨੇ ਗਿਰੇ ਹੁੰਦੇ
ਐਪਰ ਰਖੜੀ ਬੰਨਣਾ ਭੁੱਲਦੇ ਨਹੀਂ।

ਸ਼ਾਇਰ ਨੇ ਆਪਣੀਆਂ ਰਚਨਾਵਾਂ ਵਿਚ ਮੁਹਾਵਰੇ ਅਤੇ ਅਲੰਕਾਰਾਂ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। ਖ਼ੂਬਸੂਰਤ ਤਸਵੀਰਾਂ ਦੇ ਕੇ ਸ਼ੇਅਰਾਂ ਦੀ ਖ਼ੂਬਸੂਰਤੀ ਵਿਚ ਵਾਧਾ ਕੀਤਾ ਗਿਆ ਹੈ :

ਅਸੀਂ ਬੂੰਦ ਹਾਂ ਪਾਣੀ ਦੀ ਇਕ ਕੇਵਲ
ਥਾਹ ਸਮੁੰਦਰ ਦੀ ਕਿਸ ਤਰ੍ਹਾਂ ਪਾ ਸਕਦੇ
ਕਿਰਣ ਬਣਕੇ ਸੂਰਜ ਦੀ ਅਸੀਂ ਕੇਵਲ
ਪੂਰੇ ਸੂਰਜ ਨੂੰ ਕਿੰਜ ਪ੍ਰਗਟਾਅ ਸਕਦੇ।

ਕੁਦਰਤ ਦੀ ਅਗੰਮੀ ਸ਼ਕਤੀ ਬਾਰੇ ਸ਼ਾਇਰ ਲਿਖਦਾ ਹੈ :

ਚੰਦਾਂ ਸੂਰਜਾਂ ਤਾਰਿਆਂ ਧਰਤੀਆਂ ਨੂੰ,
ਇਕ ਦੂਜੇ ਦੁਆਲੇ ਘੁਮਾਈ ਜਾਂਦੀ
ਉਹੀ ਸ਼ਕਤੀ ਹੀ ਅਣੂਆਂ ਪਰਮਾਣੂਆਂ ਵਿਚ
ਟੁੱਟਣ-ਜੁੜਣ ਦੇ ਕੰਮ ਕਰਾਈ ਜਾਂਦੀ।

ਜੀਵਨ ਦੀਆਂ ਉਚੀਆਂ ਤੇ ਸੁੱਚੀਆਂ ਕਦਰਾਂ ਕੀਮਤਾਂ ਨੂੰ ਸ਼ਾਇਰ ਬੜੇ ਸਰਲ ਢੰਗ ਨਾਲ ਪੇਸ਼ ਕਰਨ ਵਿਚ ਸਫ਼ਲ ਹੋਇਆ ਹੈ :

ਜੇਕਰ ਬੁਰਾ ਬੁਰਾਈ ਤੋਂ ਨਹੀਂ ਹਟਦਾ,
ਚੰਗਾ ਕਿਸ ਤਰ੍ਹਾਂ ਹਟੇ ਚੰਗਿਆਈ ਕੋਲੋਂ।

ਸਮੁੱਚੇ ਤੌਰ ਤੇ ਇਹ ਪੁਸਤਕ ਗੁਰਮਤਿ ਦੇ ਬਹੁਤ ਨੇੜੇ ਹੋ ਕੇ ਲਿਖੀ ਗਈ ਹੈ। ਹਰ ਰਚਨਾ ਸਿੱਖੀ ਦੇ ਮਹਾਨ ਆਦਰਸ਼ਾਂ ਨੂੰ ਉਜਾਗਰ ਕਰਦੀ ਹੈ। ਹਰ ਰਚਨਾ, ਭਾਵੇਂ ਉਹ ਧਾਰਮਿਕ ਹੈ ਜਾਂ ਸਮਾਜਿਕ, ਗੁਰਬਾਣੀ ਦੀ ਰੌਸ਼ਨੀ ਵਿਚ ਲਿਖੀ ਗਈ ਹੈ। ਪੁਸਤਕ 'ਵਿਰਸੇ ਦੀ ਪਹਿਚਾਣ' ਲੇਖਕ ਦਾ ਵਧੀਆ ਅਤੇ ਸਫ਼ਲ ਉਪਰਾਲਾ ਹੈ। ਸ਼ਾਇਰ ਸਾਰਿਆਂ ਨੂੰ ਸਿੱਖੀ ਦੇ ਅਮੀਰ ਵਿਰਸੇ ਵਲ ਝਾਤੀ ਮਾਰਣ ਲਈ ਹਾਕਾਂ ਮਾਰਦਾ ਹੈ :

ਸਾਡਾ ਵਿਰਸਾ ਅਮੀਰ ਹੈ ਜਗ ਨਾਲੋਂ
ਭਾਵੇਂ ਅੱਜ ਦੇਖੋ ਭਾਵੇਂ ਕਲ ਦੇਖੋ।
ਸਭਿਆਚਾਰ ਸਾਡਾ ਹਾਕਾਂ ਮਾਰਦਾ ਹੈ
ਇਕ ਵਾਰ ਤਾਂ ਏਸਦੇ ਵੱਲ ਦੇਖੋ।

ਲੇਖਕ ਡਾ: ਗੁਰਮੀਤ ਸਿੰਘ 'ਬਰਸਾਲ' ਨੂੰ ਇਸ ਸਫ਼ਲ ਉਦਮ ਲਈ ਬਹੁਤ ਬਹੁਤ ਮੁਬਾਰਕਬਾਦ। ਅਕਾਲ ਪੁਰਖ ਉਸ ਦੀ ਕਲਮ ਨੂੰ ਹੋਰ ਬਲ ਬਖਸ਼ਣ ਅਤੇ ਉਹ ਇਸ ਤੋਂ ਵੀ ਵੱਧ ਚੜ੍ਹਕੇ ਸਿੱਖ ਪੰਥ ਦੀ ਸੇਵਾ ਕਰ ਸਕਣ ਦੇ ਸਮਰੱਥ ਹੋਵੇ। ਸ਼ੁਭ ਇਛਾਵਾਂ ਸਹਿਤ

-ਕਰਮਜੀਤ ਸਿੰਘ 'ਨੂਰ'

*ਸਕੱਤਰ*

*ਸਾਹਿਤਕਾਰ ਸਦਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ*

# ਪ੍ਰਕਾਸ਼ਨ ਮਨੋਰਥ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਹਿਤ ਤੇ ਪ੍ਰਕਾਸ਼ਨ ਵਿਭਾਗ ਵਲੋਂ ਕਾਵਿ ਮਾਧਿਅਮ ਰਾਹੀਂ ਗੁਰਮਤਿ ਕਦਰਾਂ ਕੀਮਤਾਂ ਦੀ ਪ੍ਰਫੁੱਲਤਾ ਦੇ ਉੱਚ ਪੱਧਰੀ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕੀਤੇ ਗਏ ਹਨ। ਉਸੇ ਭਾਵਨਾ ਨਾਲ ਅਤੇ ਉਸੇ ਲੜੀ ਵਿਚ "ਵਿਰਸੇ ਦੀ ਪਹਿਚਾਣ" ਸਿਰਲੇਖ ਵਾਲਾ ਹੱਥਲਾ ਕਾਵਿ-ਸੰਗ੍ਰਹਿ ਸੰਗਤਾਂ ਦੇ ਸਨਮੁਖ ਲਿਆਉਣ ਦੀ ਖੁਸ਼ੀ ਲੈ ਰਹੇ ਹਾਂ।

ਡਾ: ਗੁਰਮੀਤ ਸਿੰਘ 'ਬਰਸਾਲ' ਨੇ ਆਪਣੇ ਅੰਤਰੀਵ ਦੇ ਉਹਨਾਂ ਵਲਵਲਿਆਂ ਨੂੰ ਰੂਪਮਾਨ ਕੀਤਾ ਹੈ ਜਿਹੜੇ ਛੋਟੀ ਉਮਰੇ ਗੁਰੂ ਦੀ ਬਖਸ਼ਿਸ਼ ਨਾਲ ਉਹਨਾਂ ਆਪਣੇ ਹਿਰਦੇ ਦੀਆਂ ਡੂੰਘਾਈਆਂ ਵਿਚ ਮਹਿਸੂਸ ਕੀਤੇ। ਉਹਨਾਂ ਦੇ ਸਜਰੇ ਅਨੁਭਓ ਦੇ ਪ੍ਰਕਾਸ਼ ਦਾ ਨਾਮ ਹੈ-"ਵਿਰਸੇ ਦੀ ਪਹਿਚਾਣ"।

ਡਾ: ਗੁਰਮੀਤ ਸਿੰਘ ਹੋਰਾਂ ਸਮਾਜ ਦੇ 'ਸਭਿਆਚਾਰ' ਤੋਂ ਲੈ ਕੇ 'ਲੋਕ ਨਾਚ', 'ਰਿਵਾਜ', 'ਸ਼ੰਗਾਰ' ਅਤੇ ਤਿਉਹਾਰਾਂ ਦਾ ਜ਼ਿਕਰ ਕੀਤਾ ਹੈ, ਉਹਨਾਂ ਦੇ 'ਹਸਦੇ ਅੱਖਰ', 'ਧਰਮ ਅਧਰਮ' ਦੀਆਂ 'ਲਿਖਤਾਂ' ਦਾ 'ਇਕ ਸਭਿਅਕ ਟੂਰ' ਲਾਉਂਦੇ ਹੋਏ 'ਅਕਲੀ ਸਾਹਿਬੁ ਸੇਵੀਐ' ਦੀ 'ਹਕੀਕਤ', 'ਵਖੋ ਵਖਰੇ', 'ਪਹੁੰਚ' ਮਾਧਿਅਮਾਂ ਰਾਹੀਂ 'ਧਰਤੀ ਦੁਆਲੇ ਘੇਰਾ' ਦਿੰਦਿਆਂ 'ਪਰ-ਉਪਕਾਰ' ਅਤੇ 'ਕੁਝ ਕਰ' ਗੁਜ਼ਰਨ ਦਾ 'ਜੋਸ਼' ਭਰਨ ਵਿਚ ਸਫਲ ਹੋਏ ਹਨ। ਇਉਂ 'ਨਾਕਾਮੀਅਤ' ਦੀ 'ਭਟਕਣ' ਵਿਚ ਉਲਝੇ ਅਜੋਕੇ 'ਅਗਾਂਹ-ਵਧੂ ਲੇਖਕ' ਲਈ ਚਾਨਣ ਦੇ ਮੁਨਾਰ ਵਜੋਂ ਸਥਾਪਤ ਹੋਣਗੇ ਡਾ: ਗੁਰਮੀਤ ਸਿੰਘ, ਸਾਡੀ ਇਹ ਲੋਚਾ ਹੈ।

ਪੰਜਾਬੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਇਕ ਵਿਦਿਆਰਥੀ ਵਜੋਂ ਉਹਨਾਂ ਨਾਲ ਕੀਤੀਆਂ ਵਿਚਾਰ ਸਾਂਝਾਂ ਰਾਹੀਂ ਹੀ ਉਹਨਾਂ ਦੇ ਹਿਰਦੇ ਦੀ ਸਚਾਈ ਦੀ ਖੁਸ਼ਬੋ ਮਾਣਨ ਦਾ ਸਬਬ ਬਣਿਆ ਰਿਹਾ ਹੈ। ਸਾਹਿਤ ਤੇ ਪ੍ਰਕਾਸ਼ਨ ਵਿਭਾਗ ਵਿਚ ਮੇਰਾ ਇਹ ਵਿਸ਼ਵਾਸ ਹੈ ਕਿ ਡਾ: ਗੁਰਮੀਤ ਸਿੰਘ 'ਗੁਰ ਪੁਛ ਲਿਖ ਵਿਚਾਰ' ਦੇ ਇਕ-ਨੁਕਾਤੀ ਪ੍ਰੋਗਰਾਮ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਿਆਂ ਸਮਾਜ ਅਤੇ ਸਮਾਜ ਦੇ ਸਭਿਆਚਾਰ ਦੇ ਭਲੇ ਲਈ ਆਪਣੀਆਂ ਬੇਲਾਗ ਵਿਚਾਰ ਤਰੰਗਾਂ ਦੀ ਲੜੀ ਨੂੰ ਇਕਸਾਰ ਵਗਣ ਦੇਣਗੇ। ਅਜਿਹੇ ਵੀਰਾਂ/ਭੈਣਾਂ ਦੇ ਅਜਿਹੇ ਉੱਦਮਾਂ ਵਿਚ ਸਰਬੱਤ ਦਾ ਭਲਾ ਛੁਪਿਆ ਪਿਆ ਹੈ।

ਮਿਤੀ : 14-6-99

ਡਾ: ਚਰਨਕਮਲ ਸਿੰਘ
ਡਾਇਰੈਕਟਰ
ਪ੍ਰਕਾਸ਼ਨ ਤੇ ਪਸਾਰ ਡਾਇਰੈਕਟੋਰੇਟ

# ਸਭਿਆਚਾਰ

ਆਇਆ ਜਦੋਂ ਤੋਂ ਮਨੁੱਖ ਜਹਾਨ ਅੰਦਰ
ਕੁੱਲੀ, ਗੁੱਲੀ ਤੇ ਜੁੱਲੀ ਏ ਲੋੜ ਇਸਦੀ।
ਇਹਨਾਂ ਲੋੜਾਂ ਨੂੰ ਪੂਰਿਆਂ ਕਰਨ ਖਾਤਿਰ
ਬਣੀ ਸਭਿਅਤਾ ਹੋਰ ਤੋਂ ਹੋਰ ਇਸਦੀ।

ਲੋੜਾਂ ਤਨ ਦੀਆਂ ਪੂਰੀਆਂ ਕਰਨ ਪਿੱਛੋਂ
ਖੁਸ਼ੀ ਗਮੀਂ ਦਾ ਇਹਨੂੰ ਅਹਿਸਾਸ ਹੋਇਆ।
ਕਦੇ ਹੱਸਿਆ ਮਾਰ ਕਿਲਕਾਨੀਆਂ ਇਹ
ਬਾਝੋਂ ਬੋਲਿਆਂ ਕਦੇ ਉਦਾਸ ਹੋਇਆ।

ਬਸ ਏਹੋ ਅਹਿਸਾਸਾਂ ਨੇ ਸਭਿਅਤਾ ਵਿਚ
ਬੋਲੀ, ਗੀਤਾਂ ਤੇ ਸਾਜ਼ਾਂ ਨੂੰ ਥਾਂ ਦਿੱਤਾ।
ਵਧੀ ਸਭਿਅਤਾ ਦੇ ਸੋਹਣੇ ਖੇਤਰਾਂ ਨੂੰ
ਸਭਿਆਚਾਰ ਦਾ ਲੋਕਾਂ ਨੇ ਨਾਂ ਦਿੱਤਾ।

ਸਭਿਆਚਾਰ ਦੇ ਸ਼ਬਦ ਨੂੰ ਖੋਲੀਏ ਜੇ
ਇਕ ਸਭਿਅਕ ਤੇ ਦੂਜਾ ਆਚਾਰ ਹੁੰਦੇ।
ਲੋੜਾਂ ਤਨ ਤੇ ਮਨ ਦੀਆਂ ਪੂਰਨੇ ਲਈ
ਕੀਤੇ ਲੋਕਾਂ ਦੇ ਚੰਗੇ ਵਿਹਾਰ ਹੁੰਦੇ।

ਸਭਿਆਚਾਰ ਦੀ ਕਿਸੇ ਵੀ ਗੱਲ ਅੰਦਰ
ਧਰਮ-ਕਰਮ ਤੇ ਰੀਤੀ-ਰਿਵਾਜ਼ ਆਉਂਦੇ।
ਖਾਣ-ਪੀਣ, ਪਹਿਰਾਵਾ ਤੇ ਕਲਾ ਕਿਰਤਾਂ
ਭਾਈਚਾਰਾ, ਸੰਗੀਤ ਤੇ ਸਾਜ਼ ਆਉਂਦੇ।

ਸਭਿਆਚਾਰ ਤੇ ਵਿਰਸੇ ਦੀ ਗੱਲ ਕਰਨੀ
ਕਲਾਕਾਰਾਂ ਦਾ ਕੋਈ ਤਮਾਸ਼ਾ ਤੇ ਨਹੀਂ।
ਗਉਣਾ ਨੱਚਣਾ ਹੁੰਦਾ ਹੈ ਇਕ ਹਿੱਸਾ
ਸਭਿਆਚਾਰ ਦੀ ਪੂਰੀ ਪਰਿਭਾਸ਼ਾ ਤੇ ਨਹੀਂ।

ਸਭਿਆਚਾਰ ਦੀ ਰਾਖੀ ਲਈ ਕਈ ਦਰਦੀ
ਕਲਾਕਾਰਾਂ ਦੇ ਮੇਲੇ ਕਰਵਾਉਣ ਲੱਗ ਪਏ।
ਗੰਦੇ ਗੀਤਾਂ ਦਾ ਰਹਿੰਦਾ ਏ ਬੋਲਬਾਲਾ
ਸੁਥਰੇ ਗੀਤਾਂ ਨੂੰ ਪਿੱਛੇ ਹਟਾਉਣ ਲੱਗ ਪਏ।

ਜੇਕਰ ਪੁੱਛੀਏ ਸਟੇਜ ਪ੍ਰਬੰਧਕਾਂ ਨੂੰ
ਕਲਾਕਾਰਾਂ ਨੂੰ ਝੱਟ ਆਰੋਪ ਦਿੰਦੇ।
ਕਲਾਕਾਰ ਨਾ ਕਦੇ ਕਸੂਰ ਮੰਨਦੇ
ਅਗੋਂ ਦਰਸ਼ਕਾਂ ਦੇ ਸਿਰ ਥੋਪ ਦਿੰਦੇ।

ਲਿਖਣ ਵਾਲਾ ਉਸਾਰੂ ਜੇ ਗੀਤ ਲਿਖਦਾ
ਗਾਉਣ ਵਾਲਾ ਵੀ ਫਰਜ਼ ਪਹਿਚਾਣ ਲੈਂਦਾ।
ਸੁਨਣ ਵਾਲੇ ਵੀ ਉਹੀ ਫਰਮਾਇਸ਼ ਕਰਦੇ
ਕਲਾਕਾਰ ਇਹ ਸਭ ਕੁਝ ਠਾਣ ਲੈਂਦਾ।

ਚੰਗੇ ਵਿਰਸੇ ਦੀ ਭੁੱਲ ਪਛਾਣ ਲੋਕੀਂ
ਪੱਛਮ ਵੱਲ ਨੂੰ ਨਜ਼ਰਾਂ ਘੁਮਾਉਣ ਲੱਗ ਪਏ।
ਗੁਰੂਆਂ, ਪੀਰਾਂ, ਅਵਤਾਰਾਂ ਨੂੰ ਭੁੱਲ ਕੇ ਤੇ
ਗੀਤਕਾਰਾਂ ਦੀ ਬਰਸੀ ਮਨਾਉਣ ਲੱਗ ਪਏ।

ਗੀਤਕਾਰਾਂ ਤੇ ਕਵੀਆਂ ਦੀ ਗੱਲ ਛੱਡੋ
ਬੂਹੇ ਸ਼ਰਮ ਤੇ ਹਿਆ ਦੇ ਭੇੜ ਦਿੱਤੇ।
ਮਾਂ ਭੈਣ ਨੂੰ ਰੱਖ ਕੇ ਇਕ ਪਾਸੇ
ਰਿਸ਼ਤੇ ਬਾਕੀ ਦੇ ਸੱਭੇ ਲਬੇੜ ਦਿੱਤੇ।

ਹਾਸੇ ਠੱਠੇ ਤੇ ਪਿਆਰ ਨੂੰ ਦੂਰ ਕਰਕੇ
ਲੱਚਰ ਗੀਤਾਂ ਦੀ ਇਹਨਾਂ ਦੁਕਾਨ ਕੀਤੀ।
ਭਾਬੀ, ਸਾਲੀ ਤੇ ਸਾਲੇਹਾਰ ਦੇ ਨਾਲ
ਨਨਾਣ, ਭੈਣ ਦੀ ਬਹੁਤ ਬਦਨਾਮ ਕੀਤੀ।

ਗਿੱਧੇ ਬੋਲੀਆਂ ਵਿਚ ਵੀ ਜ਼ਹਿਰ ਘੋਲੀ
ਨੂੰਹ ਸੁਹਰੇ 'ਚ ਨਫ਼ਰਤ ਵਧਾ ਦਿੱਤੀ।
ਇਹਨਾਂ ਜੇਠ ਨੂੰ ਲੱਸੀ ਸੀ ਕੀ ਦੇਣੀ
ਸੰਦੂਕਾਂ ਓਹਲੇ ਹੀ ਸੱਸ ਕੁਟਵਾ ਦਿੱਤੀ।

ਹੀਰ ਰਾਂਝੇ ਤਾਂ ਦੇਣ ਨੇ ਪਿਕਚਰਾਂ ਦੀ
ਮੱਤ ਗਾਹਾਂ ਦੀ ਟੀ.ਵੀ.ਸਿਖਾਈ ਜਾਂਦਾ।
ਮਾੜੇ ਕੰਮਾਂ ਦੇ ਕਾਰਣ ਜੋ ਉਪਜਦੇ ਨੇ
ਰੋਗੋਂ ਬਚਣ ਦੇ ਢੰਗ ਸੁਣਾਈ ਜਾਂਦਾ।

ਟੀ.ਵੀ. ਟੱਬਰ ਨਹੀਂ ਬੈਠ ਕੇ ਦੇਖ ਸਕਦਾ
ਸਾਡੀ ਸਭਿਅਤਾ ਕਿਧਰ ਨੂੰ ਜਾ ਰਹੀ ਏ।
ਸ਼ਰਮ ਆਂਵਦੀ ਪੁਛਦੇ ਜਦੋਂ ਬੱਚੇ
ਇਹ ਮਸ਼ਹੂਰੀ ਜਿਹੀ ਕਾਸਦੀ ਆ ਰਹੀ ਏ।

ਨਵੀਂ ਸਭਿਅਤਾ ਨੇ ਸਕੂਲਾਂ, ਕਾਲਜਾਂ ਵਿਚ
ਆਪ ਹੁਦਰੇ ਵਿਆਹਾਂ ਦੀ ਰਸਮ ਤੋਰੀ।
ਲਵ ਮੈਰਿਜਾਂ ਆਖ ਵਡਿਆਉਣ ਇਸਨੂੰ
ਖਿੱਚ ਮੁੱਕੀ ਤੋਂ ਟੁਟਦੇ ਪੋਰੇ ਪੋਰੀ।

ਮਾਪੇ ਆਖਦੇ ਬੱਚੇ ਨੇ ਪੜ੍ਹਨ ਭੇਜੇ
ਫਿਰਦੇ ਅੱਜ ਬਣਾਈ ਉਹ ਜੋੜੀਆਂ ਨੇ।
ਪੱਗਾਂ, ਚੁੰਨੀਆਂ ਉਡਗੀਆਂ ਸਿਰਾਂ ਉੱਤੋਂ
ਸ਼ਰਮਾਂ ਰਹਿੰਦੀਆਂ ਉਡਣੋਂ ਥੋੜੀਆਂ ਨੇ।

ਅਜੋਕੇ ਮਨੁੱਖ ਤੋਂ ਚੰਗੇ ਸੀ ਆਦਿਵਾਸੀ
ਪੱਤਿਆਂ ਨਾਲ ਸੀ ਅੰਗਾਂ ਨੂੰ ਢਕੀ ਜਾਂਦੇ।
ਕਹਿੰਦੇ ਸਭਿਅਤਾ ਵਿਚ ਨਿਖਾਰ ਆਇਆ
ਕੱਪੜੇ ਪੱਤਿਆਂ ਨਾਲੋਂ ਵੀ ਘਟੀ ਜਾਂਦੇ।

ਆਚਰਣ ਹੀਣਤਾ ਤੋਂ ਉਪਜੇ ਰੋਗ ਜਿਹੜੇ
ਯੋਰਪ ਪੱਛਮ ਤੋਂ ਕਾਬੂ ਨਹੀਂ ਆਉਣ ਲੱਗੇ।
ਹਾਰ ਹੰਭ ਵੱਡੇ ਸਾਇੰਸਦਾਨ ਸਾਰੇ
ਸਾਡੇ ਵਿਰਸੇ ਨੂੰ ਸੀਸ ਝੁਕਾਉਣ ਲੱਗੇ।

ਕਾਮ, ਕ੍ਰੋਧ ਤੇ ਲੋਭ, ਮੋਹ ਵਸ ਕਰਨੇ
ਸਿਰਫ ਸਾਡਾ ਹੀ ਸਭਿਆਚਾਰ ਕਹਿੰਦਾ।
ਸ਼ਾਇਦ ਏਸੇ ਲਈ ਸਾਰੇ ਸੰਸਾਰ ਵਿਚੋਂ
ਸਾਡੇ ਵਿਰਸੇ ਦਾ ਕੇਵਲ ਸਤਿਕਾਰ ਰਹਿੰਦਾ।

ਦਲ ਦਲ ਨੂੰ ਜਿਹੜੇ ਪਸੰਦ ਕਰਦੇ
ਉਹਨਾਂ ਗਰਕ ਵੀ ਉਸੇ ਵਿਚ ਹੋ ਜਾਣਾ।
ਰਹਿਣੀ ਸਾਡੀ ਹੀ ਸਭਿਅਤਾ ਜੱਗ ਉੱਤੇ
ਭਾਈਚਾਰੇ ਨੂੰ ਜੀਹਨੇ ਪਰੋਅ ਜਾਣਾ।

ਸਾਡਾ ਵਿਰਸਾ ਅਮੀਰ ਹੈ ਜੱਗ ਕੋਲੋਂ
ਭਾਵੇਂ ਅੱਜ ਦੇਖੋ ਭਾਵੇਂ ਕੱਲ੍ਹ ਦੇਖੋ।
ਸਭਿਆਚਾਰ ਸਾਡਾ ਹਾਕਾਂ ਮਾਰਦਾ ਹੈ
ਇਕ ਵਾਰ ਤਾਂ ਏਸਦੇ ਵੱਲ ਵੇਖੋ।

# ਲੋਕ ਨਾਚ

ਮਨੁੱਖ ਜੱਗ ਤੇ ਵਿਕਸਤ ਜਦ ਹੋਣ ਲੱਗਾ
ਵਿਕਾਸ ਬੁੱਧੀ ਵੀ ਨਾਲ ਦੀ ਨਾਲ ਕੀਤਾ।
ਖ਼ੁਸ਼ੀ ਗ਼ਮੀ ਦਾ ਸਦਾ ਅਹਿਸਾਸ ਇਸਨੇ
ਖੁਲ ਕੇ ਹੱਸਣ ਤੇ ਰੋਣ ਦੇ ਨਾਲ ਕੀਤਾ।
ਭਾਵ ਅੰਦਰਲੇ ਬਾਹਰ ਪ੍ਰਗਟਾਉਣ ਖਾਤਿਰ
ਸੰਭਵ ਸੈਨਤਾਂ ਦਾ ਇਸਤਿਮਾਲ ਕੀਤਾ।
ਹਾਵਾਂ ਭਾਵਾਂ ਨੇ ਚਿਹਰੇ ਤੇ ਹੋ ਪਰਗਟ
ਆਪਾ ਦਸਣ ਵਿਚ ਬੜਾ ਕਮਾਲ ਕੀਤਾ।

ਸਮਾਜ ਵਿਚ ਮਨੁੱਖ ਜਦ ਵਿਚਰਿਆ ਸੀ
ਰਲ ਕੇ ਖ਼ੁਸ਼ੀ ਤੇ ਗ਼ਮੀ ਨੂੰ ਸਹਿਣ ਲੱਗਾ।
ਦੁੱਖ ਵਿਚ ਇਕੱਲੜਾ ਬਹਿਣ ਨਾਲੋਂ
ਭਾਈਚਾਰੇ ਵਿਚ ਮਿਲ ਕੇ ਬਹਿਣ ਲੱਗਾ।
ਖ਼ੁਸ਼ੀ ਵਿਚ ਵੀ ਏਸੇ ਹੀ ਸੋਚ ਕਾਰਣ
ਹਸਣ ਟੱਪਣ ਤੇ ਰਲ ਮਿਲ ਰਹਿਣ ਲੱਗਾ।
ਸਭਿਅਕ ਅਤੇ ਸਮਾਜਿਕ ਜੀਵ ਬਣ ਕੇ
ਇੰਝ ਇਹ ਰਸਮਾਂ ਰਿਵਾਜਾਂ ਵਿਚ ਪੈਣ ਲੱਗਾ।

ਪੁਰਾਤਨ ਸਮੇਂ ਨੂੰ ਥੋੜਾ ਵਿਚਾਰੀਏ ਜੇ
ਇਕੱਠੇ ਹੋ ਸਨ ਲੋਕੀਂ ਸ਼ਿਕਾਰ ਕਰਦੇ।
ਮਾਸ ਭੁੰਨਣਾ ਰਖ ਕੇ ਅੱਗ ਉੱਤੇ
ਦੁਆਲੇ ਘੁੰਮ ਸੀ ਕਈ ਵਿਹਾਰ ਕਰਦੇ।
ਨਾਲੇ ਹੱਸੀ ਜਾਂਦੇ, ਨਾਲੇ ਟੱਪੀ ਜਾਂਦੇ
ਏਸ ਤਰ੍ਹਾਂ ਸਨ ਖ਼ੁਸ਼ੀ ਇਜ਼ਹਾਰ ਕਰਦੇ।
ਨਾਲ ਪੱਥਰਾਂ ਖੜਕਾ ਵੀ ਕਰੀ ਜਾਂਦੇ
ਜਿੱਤ ਪਰਗਟ ਕਿਲਕਾਰੀਆਂ ਮਾਰ ਕਰਦੇ।

ਹੌਲੀ ਹੌਲੀ ਸੀ ਖੜਕੇ ਨੇ ਤਾਲ ਬੱਧੀ
ਤਾਲੀ ਚੁਟਕੀ ਤੇ ਸੀਟੀ ਅੰਜਾਮ ਹੋ ਗਏ।
ਤਾਲ ਵਿਚ ਆਵਾਜ਼ਾਂ ਦੀ ਸਾਂਝ ਕਾਰਣ
ਗੀਤਾਂ ਅਤੇ ਸੰਗੀਤਾਂ ਦਾ ਨਾਮ ਹੋ ਗਏ।
ਰਲ ਕੇ ਟੱਪਣ ਲਈ ਇਕੋ ਹੀ ਤਾਲ ਅੰਦਰ
ਤਾਲ ਬੱਧੇ ਹੀ ਬੋਲ ਪਰਵਾਨ ਹੋ ਗਏ।
ਇਸ ਤਰ੍ਹਾਂ ਸਮਾਜ ਦੇ ਰੁਸਮੋ ਰਿਵਾਜ ਅੰਦਰ
ਲੋਕ ਨਾਚ ਫਿਰ ਆਖਿਰ ਪਰਧਾਨ ਹੋ ਗਏ।

ਮਨੁੱਖ ਕਬੀਲਿਆਂ ਵਿਚ ਸੀ ਜਦੋਂ ਰਹਿੰਦਾ
ਉਹਦੇ ਹੁੰਦੇ ਸੀ ਰਸਮੋ ਰਿਵਾਜ ਵੱਖਰੇ।
ਹਰ ਕਬੀਲੇ ਦੇ ਵੱਖਰੇ ਬੋਲ ਹੁੰਦੇ
ਸਦਾ ਹੁੰਦੇ ਸੰਗੀਤ ਤੇ ਸਾਜ ਵੱਖਰੇ।
ਕਬੀਲੇ ਕਬੀਲੇ ਵਿਚ ਬੜਾ ਸੀ ਫਰਕ ਹੁੰਦਾ
ਖੁਸ਼ੀਆਂ ਗ਼ਮੀਆਂ ਦੇ ਹੁੰਦੇ ਅੰਦਾਜ਼ ਵੱਖਰੇ।
ਸਾਂਝੇ ਖੁਸ਼ੀ ਦੇ ਮੂਲ ਸਰੋਤ ਹੁੰਦੇ
ਫਿਰ ਵੀ ਹੋਂਵਦੇ ਸਨ ਲੋਕ ਨਾਚ ਵੱਖਰੇ।

ਭਾਵੇਂ ਸਭਿਅਤਾ ਹੋਰ ਤੋਂ ਹੋਰ ਹੋ ਗਈ
ਰੀਤ ਨੱਚਣ ਨਚਾਉਣ ਦੀ ਆ ਪਹੁੰਚੀ।
ਭੋਜਨ ਦੁਆਲੇ ਚੱਕਰ ਵਿਚ ਨੱਚਣ ਵਾਲੀ
ਮਾਣੀ ਖੁਸ਼ੀ ਫਿਰ ਫੇਰਾ ਪਾ ਪਹੁੰਚੀ।
ਦੇਖੋ ਅੱਜ ਵੀ ਦਿਹਾਤੀ ਇਲਾਕਿਆਂ ਵਿਚ
ਲੋਕ ਨਾਚ ਦਾ ਨਾਂ ਅਪਨਾਅ ਪਹੁੰਚੀ।
ਫਸਲ ਪੱਕਣ ਦੀ ਖੁਸ਼ੀ ਵਿਚ ਪੈਣ ਜਿਹੜੇ
ਭੰਗੜੇ ਗਿੱਧੇ ਦਾ ਰੂਪ ਵਟਾ ਪਹੁੰਚੀ।

ਕਿਰਤੀ ਲੋਗਾਂ ਜਦ ਭੰਗੜਾ ਸ਼ੁਰੂ ਕੀਤਾ
ਰੰਗ ਕਿਰਤ ਦਾ ਉਹਦੇ 'ਚੋਂ ਚੋਂਵਦਾ ਸੀ।
ਹੁੰਦੀ ਪਰੇਰਨਾ ਕਿਰਤ ਦੀ ਨਾਚ ਅੰਦਰ
ਮਾਣ ਸਫਲਤਾ ਵਾਲਾ ਵੀ ਹੋਂਵਦਾ ਸੀ।
ਬੋਲ ਕਰਦੇ ਸਨ ਕਿਰਤ ਦੀ ਤਰਜਮਾਨੀ
ਜਿਹਨਾਂ ਕਾਰਣ ਹੀ ਭੰਗੜਾ ਸੋਂਹਵਦਾ ਸੀ।
ਖੇਤੀਬਾੜੀ ਦੀਆਂ ਝਲਕਾਂ ਦੇ ਨਾਲ ਜੁੜਿਆ
ਸਭਿਆਚਾਰ ਨਾ ਕੋਈ ਲਕੋਂਵਦਾ ਸੀ।

ਲੋਕ ਕਥਾਵਾਂ ਅਧਾਰ ਬਣਾ ਕੇ ਤੇ
ਅਦਾਕਾਰੀ ਦਾ ਲੋਕੀਂ ਸਨ ਭੇਸ ਕਰਦੇ।
ਦੇਖਣ ਵਾਲਿਆਂ ਨੂੰ ਬੋਲੀ ਜਾਪਦੀਆਂ ਸਨ
ਸੈਨਤਾਂ, ਹਰਕਤਾਂ ਜੋ ਵਿਸ਼ੇਸ਼ ਕਰਦੇ।
ਨੋਕ ਝੋਕ ਤੇ ਹਾਸੇ ਠੱਠਿਆਂ ਨੂੰ
ਸਭਿਅਕ ਹੱਦ ਦੇ ਅੰਦਰ ਹਮੇਸ਼ ਕਰਦੇ।
ਦੂਰ ਕਰਨ ਲਈ ਸਮਾਜਿਕ ਕੁਰੀਤੀਆਂ ਨੂੰ
ਕਚਹਿਰੀ ਲੋਕਾਂ ਦੀ ਵਿਅੰਗ ਨਾਲ ਪੇਸ਼ ਕਰਦੇ।

ਕੁੜੀਆਂ ਚਿੜੀਆਂ ਵੀ ਸਮੇਂ ਤੇ ਹੋ 'ਕੱਠੀਆਂ
ਗਿੱਧੇ ਵਾਲੀ ਸੀ ਰਸਮ ਚਲਾ ਦਿੱਤੀ।
ਗੀਤ ਬੋਲੀਆਂ ਨੂੰ ਉਹਨਾਂ ਇੰਝ ਘੜਿਆ
ਅਣਖ ਇੱਜ਼ਤ ਦੀ ਗੱਲ ਰੁਸ਼ਨਾਅ ਦਿੱਤੀ।
ਮਿਹਨਤਕਸ਼ਾਂ ਨੂੰ ਹੌਂਸਲੇ ਦੇਣ ਖਾਤਿਰ
ਕਿਰਤ ਧਰਮ ਦੀ ਹੋਰ ਵਡਿਆ ਦਿੱਤੀ।
ਸਮਾਜਿਕ ਰਿਸ਼ਤਿਆਂ ਵਿਚ ਜੋ ਪਿਆਰ ਭਰਦੀ
ਸਭਿਅਕ ਬੋਲੀ ਵੀ ਨਾਲ ਰਲਾ ਦਿੱਤੀ।

ਲੋਕ ਨਾਚ ਜੋ ਇਸ ਤਰ੍ਹਾਂ ਸ਼ੁਰੂ ਹੋਏ
ਸਭਿਆਚਾਰ ਦੀ ਜਿੰਦ ਤੇ ਜਾਨ ਬਣ ਗਏ।
ਖਾਣਾ, ਪਹਿਨਣਾ, ਕਲਾ ਤੇ ਕਿਰਤਾਂ ਦੇ ਨਾਲ
ਸਭਿਆਚਾਰ ਪ੍ਰਗਟਾਉਣ ਦਾ ਮਾਣ ਬਣ ਗਏ।
ਮਨੋਰੰਜਨ ਵਿਚ ਵੀ ਪ੍ਰੇਰਨਾ ਛੁਪੀ ਹੁੰਦੀ
ਸਿੱਖਿਆ ਦੇਣ ਲਈ ਇਕ ਇਮਤਿਹਾਨ ਬਣ ਗਏ।
ਆਚਾਰ ਅਤੇ ਵਿਹਾਰ ਨੂੰ ਰਖ ਸਾਂਹਵੇਂ
ਸਭਿਅਕ ਸੋਚ ਦੀ ਇਕ ਪਹਿਚਾਨ ਬਣ ਗਏ।

ਤਾਹੀਓਂ ਉਦੋਂ ਹੁੰਦੇ ਲੋਕ ਨਾਚ ਅੰਦਰ
ਸ਼ਾਮਲ ਹੁੰਦੇ ਸਨ ਔਰਤ ਤੇ ਮਰਦ ਸਾਰੇ।
ਹਾਸਾ ਠੱਠਾ ਵੀ ਹੱਦ ਵਿਚ ਹੋਂਵਦਾ ਸੀ
ਰਹਿੰਦੇ ਜਾਬਤੇ ਵਿਚ ਸਨ ਵਰਗ ਸਾਰੇ।
ਖੁਸ਼ੀ ਭਾਵੇਂ ਨਾਵਾਕਿਫ ਦੇ ਘਰੇ ਹੁੰਦੀ
ਫੈਲ ਜਾਂਦੀ ਸੀ ਪਿਆਰ ਦੀ ਗਰਦ ਸਾਰੇ।
ਭਾਵੇਂ ਹੁੰਦੀ ਅਨਪੜ੍ਹਤਾ ਸੀ ਸਭ ਪਾਸੇ
ਐਪਰ ਵਿਰਸੇ ਦਾ ਰਖਦੇ ਸੀ ਦਰਦ ਸਾਰੇ।

ਹੌਲੀ ਹੌਲੀ ਸੀ ਸਮੇਂ ਨੇ ਘੱਤ ਗੇੜਾ
ਇਹਨਾਂ ਨਾਚਾਂ ਨੂੰ ਹੋਰ ਤੋਂ ਹੋਰ ਕੀਤਾ।
ਕਿਸੇ ਕੇਵਲ ਮਨੋਰੰਜਨ ਦੀ ਚੀਜ਼ ਸਮਝੀ
ਕਿਸੇ ਨਾਲ ਭਗਵਾਨ ਦੇ ਜੋੜ ਲੀਤਾ।
ਜੱਗ ਨਾਚ ਦੇ ਨਾਲ ਰਿਝਾਇਆ ਜਾਂਦਾ
ਤਾਹੀਓਂ ਕਿਸੇ ਪਰਚਾਰ ਪੁਰਜ਼ੋਰ ਕੀਤਾ।
ਨੱਚ ਨੱਚ ਕੇ ਮਾਲਕ ਜਗਤ ਦੇ ਨੂੰ
ਰਿਝਾਉਣ ਵਾਲਾ ਸੀ ਕਈਆਂ ਨੇ ਸ਼ੋਰ ਕੀਤਾ।

ਬਣੇ ਮੰਦਰੀਂ ਬੁਤ ਜੋ ਦੇਵਤਿਆਂ ਦੇ
ਲੋਕੀਂ ਉਥੇ ਫਿਰ ਨੱਚਣ ਨਚਾਉਣ ਲਗ ਪਏ।
ਪ੍ਰਸੰਨ ਕਰਨ ਲਈ ਰੁਸੇ ਅਵਤਾਰ ਤਾਈਂ
ਮੁਦਰਾਵਾਂ ਤਨ ਦੀਆਂ ਆਕਰਸ਼ਕ ਬਣਾਉਣ ਲਗ ਪਏ।
ਇਤਿਹਾਸ, ਮਿਥਿਹਾਸ, ਅਵਤਾਰ ਤੇ ਰਾਸ ਲੀਲਾ
ਆਪਣੇ ਨਾਚਾਂ ਦੇ ਨਾਲ ਪ੍ਰਗਟਾਉਣ ਲਗ ਪਏ।
ਟੱਪਦੇ ਮਨ ਤੇ ਕਾਬੂ ਪਾਉਣ ਦੀ ਥਾਂ
ਸਗੋਂ ਤਨ ਨੂੰ ਨਾਲ ਟਪਾਉਣ ਲਗ ਪਏ।

ਜੇਕਰ ਦੇਖੀਏ ਸੋਚ ਵਿਚਾਰ ਆਪਾਂ
ਜਾਪੇ ਸਾਰਾ ਬ੍ਰਹਿਮੰਡ ਸੰਸਾਰ ਨੱਚਦਾ।
ਚੰਦ , ਸੂਰਜ, ਧਰਤੀ ਸਾਰੇ ਗ੍ਰਹਿ ਤਾਰੇ
ਹਰ ਕੋਈ ਬੱਝਵੀਂ ਰਖ ਰਫਤਾਰ ਨੱਚਦਾ।
ਖਾਧਾ ਭੋਜਨ ਵੀ ਨਾੜੀਆਂ ਵਿਚ ਨੱਚੇ
ਪਿਛੋਂ ਬਣ ਕੇ ਖ਼ੂਨ ਦੀ ਧਾਰ ਨੱਚਦਾ।
ਮਿੱਟੀ ਨੱਚ ਕੇ ਮਿੱਟੀ ਹੀ ਬਣੀ ਜਾਂਦੀ
ਕੁਦਰਤ ਵਿਚ ਇੰਝ ਆਪ ਕਰਤਾਰ ਨੱਚਦਾ।

ਲੋਕ ਨਾਚ ਤਾਂ ਇਕ ਹੈ ਕਲਾ ਬਣ ਗਈ।
ਮਨੁੱਖ ਕਲਾ ਨੂੰ ਬਾਹਰ ਪ੍ਰਗਟਾਅ ਨੱਚਦਾ।
ਕਿਤੇ ਇਕੱਲਿਆਂ ਹੋ ਕੇ ਨੱਚੀ ਜਾਵੇ
ਕਿਤੇ ਜੱਗ ਦੇ ਸਾਹਮਣੇ ਜਾ ਨਚਦਾ।
ਕਿਤੇ ਅੰਦਰਲੀ ਖੁਸ਼ੀ ਦੇ ਨਾਲ ਨੱਚੇ
ਕਿਤੇ ਖੁਸ਼ੀ ਦੇ ਬਾਝ ਹੀ ਆ ਨੱਚਦਾ।
ਨੱਚਦੇ ਤਨ ਨਾਲ ਖੁਸ਼ੀ ਦਾ ਭਰਮ ਪਾ ਕੇ
ਰੋਂਦੇ ਮਨ ਨੂੰ ਚੁੱਪ ਕਰਾ ਨੱਚਦਾ।

ਨੱਚਣ ਨੱਚਣ ਦੇ ਵਿਚ ਵੀ ਫਰਕ ਹੁੰਦਾ
ਮਜ਼ਬੂਰੀ ਵਿਚ ਕੋਈ ਰਸਮ ਨਿਭਾ ਨੱਚਦਾ।
ਕੋਈ ਨੱਚਦਾ ਆਪੇ ਤੋਂ ਦੂਰ ਹੋ ਕੇ
ਜੱਗ ਸਾਹਮਣੇ ਸ਼ਰਮ ਕੋਈ ਲਾਹ ਨੱਚਦਾ।
ਕੋਈ ਸੁਰਤ ਸਿਰ ਹੋਸ਼ ਦੇ ਵਿਚ ਨੱਚੇ
ਕੋਈ ਜਾਣ ਕੇ ਹੋਸ਼ ਭੁਲਾਅ ਨੱਚਦਾ।
ਕੋਈ ਤਨ ਦੇ ਤਲ ਤੇ ਨੱਚੀ ਜਾਵੇ
ਕੋਈ ਮਨ ਨੂੰ ਨਾਲ ਨਚਾਅ ਨੱਚਦਾ।

ਸੁਤੇ ਸਿੱਧ ਹੀ ਕਈਆਂ ਦਾ ਤਨ ਨੱਚੇ
ਕਈ ਸਿੱਖਣ ਲਈ ਘਾਲਣਾ ਘਾਲਦੇ ਨੇ।
ਨੱਚਦੇ ਅੰਗਾਂ ਨਾਲ ਤਨ ਦੀਆਂ ਕਸਰਤਾਂ ਲਈ
ਕਈ ਹਸਰਤਾਂ ਵੀ ਨਾਲ ਪਾਲਦੇ ਨੇ।
ਆਖੇ ਦਿਲ ਦੇ ਕਈ ਤਾਂ ਨੱਚਦੇ ਨੇ
ਕਈ ਬੁੱਧੀ ਵੀ ਨਾਲ ਉਛਾਲਦੇ ਨੇ।
ਖੁਸ਼ੀ ਭਾਲ ਕੇ ਕਈ ਤਾਂ ਨੱਚਦੇ ਨੇ
ਕਈ ਨੱਚ ਕੇ ਖੁਸ਼ੀ ਨੂੰ ਭਾਲਦੇ ਨੇ।

ਭਾਵੇਂ ਦੁਨੀਆਂ ਅੱਜ ਕਿਤੇ ਦੀ ਕਿਤੇ ਪਹੁੰਚੀ
ਕਬੀਲੇ ਫੇਰ ਵੀ ਅਜੇ ਨੇ ਜੱਗ ਅੰਦਰ।
ਅਨੇਕਾਂ ਤਰ੍ਹਾਂ ਦੇ ਇਥੇ ਹੁਣ ਨਾਚ ਹੁੰਦੇ
ਲੋਕ ਨਾਚ ਦੇ ਉਸੇ ਹੀ ਪੱਜ ਅੰਦਰ।
ਇਹਨਾਂ ਨਾਚਾਂ ਦੇ ਵਿਚ ਵੀ ਆਈ ਤੇਜ਼ੀ
ਤੇਜ਼ ਸਮੇਂ ਦੀ ਏਸ ਦੌੜ ਭੱਜ ਅੰਦਰ।
ਲੋਕ ਨਾਚਾਂ ਦੇ ਅਦਾਨ ਪ੍ਰਦਾਨ ਰਾਹੀਂ
ਫਰਕ ਪੈ ਗਿਆ ਜੱਗ ਦੀ ਲੱਜ ਅੰਦਰ।

ਇਕ ਦੂਜੇ ਦੇ ਸਭਿਆਚਾਰ ਨੇੜੇ
ਲੋਕੀਂ ਜਦੋਂ ਸੰਸਾਰ ਦੇ ਬਹਿਣ ਲੱਗੇ।
ਚੰਗੇ ਮੰਦੇ ਖਿਆਲਾਂ ਨੂੰ ਰੱਖ ਅੰਦਰ
ਪ੍ਰਭਾਵ ਪਾਉਣ ਅਤੇ ਪ੍ਰਭਾਵ ਲੈਣ ਲੱਗੇ।
ਮਾਣ ਵਿਰਸੇ ਦਾ ਜਿਨ੍ਹਾਂ ਨਾ ਕਦੇ ਕੀਤਾ
ਬਿਗਾਨੀ ਛੱਤਰੀ ਤੇ ਉਹੀ ਹੀ ਬਹਿਣ ਲੱਗੇ।
ਸਭਿਆਚਾਰ ਦਾ ਭੋਗ ਫਿਰ ਪੈਣ ਲੱਗਾ
ਜਦੋਂ ਮੁਕਾਬਲੇਬਾਜ਼ੀ ਵਿਚ ਪੈਣ ਲੱਗੇ।

ਹਰ ਇਲਾਕੇ ਦੇ ਸਭਿਆਚਾਰ ਵਾਲਾ
ਲੋਕ ਨਾਚ ਜ਼ਰੂਰੀ ਇਕ ਅੰਗ ਹੁੰਦਾ।
ਉਹਨਾਂ ਲੋਕਾਂ ਦੇ ਪ੍ਰਚਲਤ ਸੰਸਕਾਰਾਂ,
ਕਦਰਾਂ ਕੀਮਤਾਂ ਨੂੰ ਕੀਤਾ ਬੰਦ ਹੁੰਦਾ।
ਲੋਕ ਨਾਚਾਂ ਦੇ ਧਰੇ ਮੁਕਾਬਲੇ ਵਿਚ
ਰਲਗੱਡ ਕਰਨਾ ਹੀ ਜਿੱਤਣ ਦਾ ਢੰਗ ਹੁੰਦਾ।
ਲੋਕ ਨਾਚ ਨਹੀਂ ਫਿਰ ਲੋਕ ਨਾਚ ਰਹਿੰਦਾ
ਸਭਿਆਚਾਰ ਦੇ ਮੂੰਹ ਤੇ ਚੰਡ ਹੁੰਦਾ।

ਸਭਿਆਚਾਰ ਦੇ ਅਖਾਉਤੀ ਵਾਰਸਾਂ ਨੇ
ਲੋਕ ਨਾਚ ਦੇ ਅਰਥ ਵਿਗਾੜ ਦਿੱਤੇ।
ਸਵਾਰਥੀ ਢੰਗ ਦੇ ਨਾਲ ਤਰਮੀਮ ਕਰਕੇ
ਪੂਰੇ ਜਗਤ ਦੇ ਵਿਚ ਖਿਲਾਰ ਦਿੱਤੇ।
ਕਾਮੁਕ ਬੋਲਾਂ ਨਾਲ ਨਾਚ ਨੂੰ ਜੋੜ ਕੇ ਤੇ
ਮੁਜਰੇ ਆਖ ਕੇ ਕੋਠੇ ਤੇ ਚਾੜ੍ਹ ਦਿੱਤੇ।
ਘਰ ਕੋਠੇ ਦਾ ਫਰਕ ਮਿਟਾਉਣ ਖਾਤਿਰ
ਟੀ.ਵੀ. ਰਾਹੀਂ ਫਿਰ ਘਰ ਘਰ ਬਾੜ ਦਿੱਤੇ।

ਗਿੱਧੇ ਭੰਗੜੇ ਦੀਆਂ ਸੱਭਿਅਕ ਬੋਲੀਆਂ ਨੂੰ
ਗੰਦੀ ਨੀਤ ਨਾਲ ਉਥੋਂ ਹਟਾ ਦਿੱਤਾ।
ਲੋਕ ਨਾਚਾਂ ਦੀ ਭਾਵਨਾ ਖ਼ਤਮ ਕਰਕੇ
ਸਭਿਆਚਾਰ ਨੂੰ ਗੁੱਠੇ ਸੀ ਲਾ ਦਿੱਤਾ।
ਨਾਚ ਜੋੜ ਦੋ ਅਰਥੀ ਬੋਲੀਆਂ ਨਾਲ
ਲੱਚਰਤਾਈ ਵੱਲ ਧਿਆਨ ਲਗਾ ਦਿੱਤਾ।
ਗੰਦੇ ਬੋਲਾਂ ਨਾਲ ਗੰਦਾ ਹੀ ਨਾਚ ਕਰਕੇ
ਗੰਦੇ ਅਰਥਾਂ ਨੂੰ ਸਾਹਵੇਂ ਪ੍ਰਗਟਾਅ ਦਿੱਤਾ।

ਅਜੋਕੇ ਨਾਚ ਦਾ ਕੇਵਲ ਮਨੋਰਥ ਇੱਕੋ
ਆਕਰਸ਼ਕ ਸ਼ਕਤੀ ਸਰੀਰ ਦੀ ਬਿਆਨ ਕਰਨੀ।
ਪੁਠੇ ਸਿਧੇ ਅਤੇ ਵਿੰਗੇ ਟੇਢੇ ਹੋਕੇ
ਪੇਸ਼ਕਾਰੀ, ਪ੍ਰਦਰਸ਼ਨੀ ਠਾਣ ਕਰਨੀ।
ਸੱਜ ਧਜ ਹਲਾਉਣੇ ਫੇਰ ਜੋੜ ਏਦਾਂ
ਦੇਖਣ ਵਾਲੇ ਦੀ ਨਿਗਾਹ ਹਰਾਮ ਕਰਨੀ।
ਦੋਸ਼ੀ ਬਣ ਕੇ ਮਨ ਭੜਕਾਵਣੇ ਦਾ
'ਮੰਦ ਭਾਵਨਾ' ਵਾਲੀ ਦੁਕਾਨ ਕਰਨੀ।

ਆਪਣੇ ਗੀਤਾਂ ਦੇ ਲੁਕਵੇਂ ਸੰਦੇਸ਼ ਵਾਂਗੂ
ਕਈ ਤਨ ਦੇ ਲੀੜੇ ਘਟਾ ਨੱਚਣ।
ਚਮਕ ਦਮਕ ਨਾਲ ਅੱਖਾਂ ਚੁੰਧਿਆਉਣ ਖਾਤਿਰ
ਊਟਪਟਾਂਗ ਪਹਿਰਾਵੇ ਨੂੰ ਪਾ ਨੱਚਣ।
ਕਈ ਤਨ ਦੇ ਕਪੜੇ ਤੰਗ ਕਰਕੇ
ਕੱਪੜੇ ਵਿਚ ਦੀ ਸਰੀਰ ਦਿਖਾ ਨੱਚਣ।
ਇੱਜਤ ਵਾਂਗ ਸਿਰ ਨੰਗਾ ਕਰਨ ਖਾਤਿਰ
ਸਿਰ ਉਪਰੋਂ ਚੁੰਨੀ ਹਟਾਅ ਨੱਚਣ।

ਮਨ ਮੈਲਾ ਜੋ ਕਰੇ ਮਨੁੱਖਤਾ ਦਾ
ਸਦਾ ਉਸੇ ਦਾ ਹੀ ਕਸੂਰ ਹੁੰਦਾ।
ਅਕਸਰ ਨੱਚਣ ਨਚਾਉਣ ਦੀ ਆੜ ਥੱਲੇ
ਸਿਲਸਿਲਾ ਇਹੋ ਹੀ ਕੋਸ਼ਿਸ਼ ਭਰਪੂਰ ਹੁੰਦਾ।
ਵਾਸ਼ਨਾਵਾਂ ਮਨੁੱਖੀ ਭੜਕਾਉਣ ਖਾਤਿਰ
ਕੋਈ ਲੁਕਵਾਂ ਅੰਦਾਜ਼ ਜ਼ਰੂਰ ਹੁੰਦਾ।
ਗੁੜ ਵਿਚ ਲਪੇਟੀ ਹੋਈ ਜ਼ਹਿਰ ਖਾ ਕੇ
ਤਾਹੀਂਓਂ ਖਲਕਤ ਨੂੰ ਆਉਂਦਾ ਸਰੂਰ ਹੁੰਦਾ।

ਵਿਆਹਾਂ, ਦਾਅਵਤਾਂ ਤੇ ਜਾ ਕੇ ਦੇਖੀਏ ਜੇ
ਸਾਰੇ ਲੋਕੀਂ ਹੀ ਨੱਚੀ ਨਚਾਈ ਜਾਂਦੇ।
ਪਿਓ ਧੀ, ਮਾਂ ਪੁੱਤ ਤੇ ਭੈਣ ਭਾਈ
ਗੰਦੇ ਗੀਤਾਂ ਤੇ ਲੱਕ ਹਲਾਈ ਜਾਂਦੇ।
ਜੇਕਰ ਨਚਣੋਂ ਕੋਈ ਇਨਕਾਰ ਕਰਦਾ
ਉਹਨੂੰ ਖੁਸ਼ੀ ਦਾ ਵਾਸਤਾ ਪਾਈ ਜਾਂਦੇ।
ਉਸਤੇ ਖੁਸ਼ ਨਾ ਹੋਣ ਦਾ ਗਿਲਾ ਕਰਕੇ
ਬਾਹੋਂ ਫੜ ਫੜ ਨਾਲ ਘੁਮਾਈ ਜਾਂਦੇ।

ਸਭਿਆਚਾਰ ਨੂੰ ਕਦੇ ਨਾ ਸਮਝਿਆ ਜਿਸ
ਸਭਿਆਚਾਰ ਦੀ ਰਟ ਲਗਾਂਵਦੇ ਨੇ।
ਉਲਟਾ ਸਭਿਆਚਾਰ ਦੀ ਆੜ ਥੱਲੇ
ਭੋਲੇ ਲੋਕਾਂ ਨੂੰ ਬੁੱਧੂ ਬਣਾਂਵਦੇ ਨੇ।
ਗੱਲ ਕਰਨ ਜੋ 'ਸਭਿਅਕ-ਆਚਾਰ' ਵਾਲੀ
ਉਹ ਲੋਕ ਸਿਰਫ ਜਗਤ ਨੂੰ ਭਾਂਵਦੇ ਨੇ।
ਸਿੱਖ ਧਰਮ ਦੇ ਪਿਆਰੇ ਅਸੂਲ ਤਾਂ ਹੀਂ
ਸਭਿਅਕ ਲੋਕੀਂ ਹਮੇਸ਼ਾਂ ਅਪਣਾਂਵਦੇ ਨੇ।

ਆਓ ਦੇਖੀਏ ਜ਼ਰਾ ਵਿਚਾਰ ਕਰਕੇ
ਹੁਕਮ ਗੁਰੂ ਫਿਰ ਸਿੱਖ ਨੂੰ ਕੀ ਕਰਦਾ।
ਨੱਚਣ ਕੁਦਣ ਤਾਂ ਮਨ ਦਾ ਚਾਓ ਹੁੰਦਾ
ਐਸੇ ਚਾਓ ਤੇ ਸਿੱਖ ਨਾ ਕਦੇ ਖੜਦਾ।
ਉਹਦੇ ਭਓ ਨੂੰ ਮਨ ਵਿਚ ਰੱਖ ਕੇ ਤੇ
ਸਗੋਂ ਭਾਓ ਨੂੰ ਮਨ ਦੇ ਵਿਚ ਭਰਦਾ।
ਆਪਣੇ ਮਨ ਨੂੰ ਰੱਖ ਟਿਕਾਓ ਅੰਦਰ
ਚੰਚਲਤਾਈਆਂ ਤੋਂ ਸਦਾ ਹੈ ਸਿੱਖ ਡਰਦਾ।

ਆਪੋ ਆਪਣੀ ਖੁਸ਼ੀ ਪ੍ਰਗਟਾਉਣ ਵਾਲਾ
ਸਾਰੇ ਜਗਤ ਦਾ ਆਪਣਾ ਢੰਗ ਹੁੰਦਾ।
ਐਪਰ ਸਿੱਖ ਦਾ ਖੁਸ਼ੀ ਦਰਸਾਉਣ ਵਾਲਾ
ਸਾਰੇ ਜੱਗ ਤੋਂ ਵਖਰਾ ਰੰਗ ਹੁੰਦਾ।
ਲੋਕੀਂ ਸਦਾ ਸਰੀਰ ਦੇ ਨਾਲ ਜੁੜਦੇ
ਇਹਦਾ ਆਤਮਾ ਵਾਲਾ ਪ੍ਰਸੰਗ ਹੁੰਦਾ।
ਗੁਰਮਤਿ ਤੋਂ ਜਦੋਂ ਇਹ ਦੂਰ ਜਾਂਦਾ
ਤਾਹੀਓਂ ਇਹਦੇ ਤੇ ਏਦਾਂ ਵਿਅੰਗ ਹੁੰਦਾ।

"ਸਿਰ ਦਸਤਾਰ ਤੇ ਪੰਜ ਕਕਾਰੀ ਵਰਦੀ
ਦੂਰੋਂ ਸੋਹਵੇਂ ਗੁਰ ਨਾਨਕ ਦਾ ਸਿੱਖ ਏਹੀ।
ਬੈਠੇ ਜਦੋਂ ਲਿਵ ਜੋੜ ਨਿਰੰਕਾਰ ਦੇ ਨਾਲ
ਜਾਪੇ ਯੋਗੀ ਤਪੱਸਵੀ ਇਕ ਏਹੀ।
ਜੂਝੇ ਜਦ ਰਣ ਅੰਦਰ ਕਿਰਪਾਨ ਫੜ ਕੇ
ਸਮਝੋ ਯੋਧੇ ਜਰਨੈਲ ਦੀ ਦਿੱਖ ਏਹੀ।
ਐਪਰ ਜਦੋਂ ਖਰਮਸਤ ਹੋ ਨਾਚ ਕਰਦਾ
ਫੇਰ ਜਾਪਦਾ ਭੂਤਨਾਂ ਰਿੱਛ ਏਹੀ।"

ਸਿੱਖ ਧਰਮ ਤਾਂ ਮਾਰਗ ਸਹਿਜ ਦਾ ਹੈ
ਇਥੇ ਨੱਚਣ ਨਚਾਉਣ ਦੀ ਲੋੜ ਕੋਈ ਨਹੀਂ।
ਨਚਦੇ ਮਨ ਨੂੰ ਹੁੰਦਾ ਹੈ ਸ਼ਾਂਤ ਕਰਨਾ
ਹੋਰ ਚੰਚਲ ਬਣਾਉਣ ਦੀ ਲੋੜ ਕੋਈ ਨਹੀਂ।
ਹੁਕਮ ਭਾਣੇ ਤੇ ਰਜ਼ਾ ਨੂੰ ਸਮਝ ਕੇ ਤੇ
ਦੁੱਖ , ਸੁੱਖ ਵੱਖ ਦਰਸਾਉਣ ਦੀ ਲੋੜ ਕੋਈ ਨਹੀਂ।
ਨਾਚ ਭੰਗੜੇ ਜੋੜਨੇ ਸੁੱਖ ਦੇ ਨਾਲ
ਦੁੱਖ ਵਿਚ ਕੀਰਨੇ ਪਾਉਣ ਦੀ ਲੋੜ ਕੋਈ ਨਹੀਂ।

ਜਦੋਂ ਦੇਖੀਏ ਸਿੱਖ ਦੀ ਰਹਿਤ ਮਰਿਆਦਾ
ਸਾਰੇ ਜੱਗ ਤੋਂ ਵਖਰੀ ਰੀਤ ਏਹਦੀ।
ਪਿਆਰ ਕਰਦੇ ਨੇ ਲੋਕੀਂ ਆਕਾਰ ਦੇ ਨਾਲ
ਨਿਰਾਕਾਰ ਨਾਲ ਐਪਰ ਹੈ ਪ੍ਰੀਤ ਏਹਦੀ।
ਦੁਨੀਆਦਾਰਾਂ ਦੇ ਵਾਂਗ ਹੀ ਰਹਿ ਕੇ ਵੀ
ਦੁੱਖ ਸੁੱਖ ਤੇ ਵਖਰੀ ਜੀਤ ਏਹਦੀ।
ਸੁੱਖ ਵਿਚ ਵੀ ਬਾਣੀ ਦੀ ਓਟ ਲੈਂਦਾ
ਦੁੱਖ ਵਿਚ ਵੀ ਬਾਣੀ ਹੀ ਮੀਤ ਏਹਦੀ।

ਦਸਾਂ ਗੁਰਾਂ ਨੇ ਦੱਸਿਆ ਏਸਨੂੰ ਏ
ਜੀਵਨ ਵਿਚ ਜਦ ਕੋਈ ਵਿਹਾਰ ਕਰਨਾ।
ਗੁਰੂ ਗ੍ਰੰਥ ਦੇ ਬੈਠਣਾ ਸਦਾ ਸਾਹਵੇਂ
ਖੁਸ਼ੀ ਗ਼ਮੀ ਦਾ ਜਦੋਂ ਇਜ਼ਹਾਰ ਕਰਨਾ।
ਦੋਹਾਂ ਸਮਿਆਂ ਵਿਚ ਸੰਗਤ ਦੇ ਵਿਚ ਬਹਿ ਕੇ
ਸ਼ੁਕਰ ਦਾਤੇ ਦਾ ਕੀਰਤ ਦੇ ਨਾਲ ਕਰਨਾ।
ਆਪਦੀ ਚੀਜ਼ ਹੀ ਜਦੋਂ ਉਹ ਮੋੜ ਮੰਗੇ
ਕਰਜ਼ ਮੁੜਨ ਤੇ ਗਿਲ੍ਹਾ ਨਾ ਜ਼ਾਹਰ ਕਰਨਾ।

ਅਜੋਕੇ ਸਭਿਆਚਾਰ ਦੇ ਵਾਰਸੋ ਓਏ
ਆਓ ਗੁਰਮਤਿ ਨੂੰ ਸਮਝ ਸਮਝਾ ਲਈਏ।
ਮੌਕਾ ਖੁਸ਼ੀ ਦਾ ਜਦੋਂ ਕੋਈ ਆਣ ਬਣਦਾ
ਗੁਰੂ ਗ੍ਰੰਥ ਦੇ ਚਰਨ ਪੁਆ ਲਈਏ।
ਖੁਸ਼ੀ ਗ਼ਮੀ ਨੂੰ ਗੁਰੂ ਨਾਲ ਕਰ ਸਾਂਝਾ
ਮਿਲੇ ਹੁਕਮ ਤੇ ਫੁਲ ਚੜ੍ਹਾ ਲਈਏ।
ਚੰਚਲਤਾਵਾਂ ਭੜਕਾਹਟਾਂ ਦੀ ਅੱਗ ਉੱਤੇ
ਸ਼ੀਤਲ ਬਾਣੀ ਨਾਲ ਠੰਡ ਵਰਸਾ ਲਈਏ।

◆◆◆◆◆

# ਸ਼ਿੰਗਾਰ

ਪੱਥਰ ਕਾਲ ਦੇ ਵਿਚ ਮਨੁੱਖ ਪਹਿਲਾਂ
ਨੰਗ ਧੜੰਗਾਸੀ ਰਹਿੰਦਾ ਸੰਸਾਰ ਅੰਦਰ।
ਬੁੱਧੀ ਉਸਦੀ ਵਿਕਸਤ ਸੀ ਜਦੋਂ ਹੋਈ
ਸ਼ਰਮ ਉਸਦੇ ਆਈ ਵਿਚਾਰ ਅੰਦਰ।
ਇਕ ਦੂਜੇ ਤੋਂ ਤਨ ਲਕੋਣ ਖਾਤਿਰ
ਪੱਤੇ ਤਨ ਤੇ ਬੰਨੇ ਇਜ਼ਹਾਰ ਅੰਦਰ
ਖੱਲਾਂ ਚਮੜੇ ਤੋਂ ਬਾਅਦ ਫਿਰ ਹੌਲੀ ਹੌਲੀ
ਆਇਆ ਕੱਪੜਾ ਮਨੁੱਖੀ ਵਿਹਾਰ ਅੰਦਰ।

ਹੋਸ਼ ਤਨ ਦੇ ਢੱਕਣ ਦੀ ਜਦੋਂ ਆਈ
ਫਰਕ ਕਪੜੇ ਵਿਚ ਇਹ ਪਾਉਣ ਲੱਗਾ।
ਅੜਚਨ ਪਵੇ ਨਾ ਕਾਰ ਵਿਹਾਰ ਅੰਦਰ
ਤਨ ਤੇ ਕਪੜਾ ਇੰਝ ਚੜ੍ਹਾਉਣ ਲੱਗਾ।
ਲੱਤਾਂ ਬਾਹਾਂ ਅਨੁਸਾਰ ਬਣਾ ਕੇ ਤੇ
ਲਾਹੁਣ ਪਾਉਣ ਦੀ ਸੌਖ ਵਧਾਉਣ ਲੱਗਾ।
ਗਰਮੀ ਸਰਦੀ ਨੂੰ ਰਖ ਧਿਆਨ ਅੰਦਰ
ਮੋਟੇ ਪਤਲੇ ਸੱਭੇ ਬਨਾਉਣ ਲੱਗਾ।

ਮੌਸਮ, ਕੰਮ ਤੇ ਲੋੜ ਅਨੁਸਾਰ ਉਸਨੇ
ਫਰਕ ਸੋਚ ਵਿਚ ਪਾਉਣਾ ਸੀ ਸ਼ੁਰੂ ਕੀਤਾ।
ਵਧਾਏ ਕਪੜੇ ਸਰਦੀ ਦੇ ਵਿਚ ਉਸਨੇ
ਗਰਮੀ ਵਿਚ ਘਟਾਉਣਾ ਸੀ ਸ਼ੁਰੂ ਕੀਤਾ।
ਆਪਣੇ ਕਪੜੇ ਘਟਾ ਵਧਾ ਉਸਨੇ
ਬਾਹਰੀ ਦਿੱਖ ਦਿਖਾਉਣਾ ਸੀ ਸ਼ੁਰੂ ਕੀਤਾ।
ਇੰਝ ਬੰਦੇ ਦੇ ਬਣਾਏ ਕੱਪੜੇ ਨੇ
ਮੁੜ ਬੰਦਾ ਬਨਾਉਣਾ ਸੀ ਸ਼ੁਰੂ ਕੀਤਾ।

ਜਨਮ ਰੰਗਾਂ ਦਾ ਹੋਇਆ ਸੀ ਜਦੋਂ ਇਥੇ
ਮਨੁੱਖ ਰੰਗ ਕੇ ਕਪੜੇ ਪਾਉਣ ਲੱਗਾ।
ਜਿਹੜੇ ਜਚਦੇ ਸੀ ਆਪਦੇ ਰੰਗ ਦੇ ਨਾਲ
ਹਲਕੇ ਗਾੜ੍ਹੇ ਅਨੁਕੂਲ ਬਨਾਉਣ ਲੱਗਾ।
ਆਪਣੇ ਆਪ ਨੂੰ ਦੇਖ ਕੇ ਸ਼ੀਸ਼ੇ ਅੰਦਰ
ਪਹਿਲਾਂ ਨਾਲੋਂ ਸੀ ਹੋਰ ਚਮਕਾਉਣ ਲੱਗਾ।
ਹੋਰ ਨਿਖਰਨ ਦੀ ਫਿਰ ਇਹ ਚਾਹਤ ਪਾ ਕੇ
ਮਲ ਮਲ ਖੱਲੜੀ ਆਪਣੀ ਨਿਹਲਾਉਣ ਲੱਗਾ।

ਮਨਾਏ ਜਾ ਰਹੇ ਖਾਸ ਤਿਉਹਾਰਾਂ ਵੇਲੇ
ਲੋਕੀਂ ਜਦੋਂ ਇਕੱਠੇ ਹੋ ਜਾਂਦਵੇ.ਸਨ।
ਪੱਥਰਾਂ, ਹੱਡੀਆਂ, ਪੱਤਿਆਂ, ਡੱਕਿਆਂ ਨਾਲ
ਆਪਣੇ ਆਪ ਨੂੰ ਉਹ ਤਾਂ ਸਜਾਂਵਦੇ ਸਨ।
ਚਰਚਿਤ ਅੰਗਾਂ ਦੇ ਵਿਚ ਸੁਰਾਖ ਕਰਕੇ
ਗਹਿਣੇ ਆਖ ਕੇ ਵਿਚ ਅੜਾਂਵਦੇ ਸਨ।
ਆਈਆਂ ਵਰਤੋਂ ਦੇ ਵਿਚ ਸੀ ਜਦੋਂ ਧਾਤਾਂ
ਗਹਿਣੇ ਧਾਤਾਂ ਦੇ ਫੇਰ ਬਣਾਂਵਦੇ ਸਨ।

ਰੰਗ ਵਾਲਾ ਪ੍ਰਯੋਗ ਜਦ ਸ਼ੁਰੂ ਹੋਇਆ
ਵਰਤਿਆ ਚਿਹਰੇ ਦੇ ਰੰਗ ਬਦਲਾਉਣ ਖਾਤਿਰ।
ਬੁਢਾਪੇ ਕਾਰਣ ਜੋ ਝੁਰੜੀਆਂ ਪੈਣ ਲਗੀਆਂ
ਕਰੀਮਾਂ ਆ ਗਈਆਂ ਉਮਰਾਂ ਛੁਪਾਉਣ ਖਾਤਿਰ।
ਰੰਗ ਵਾਲਾਂ ਦਾ ਜਦੋਂ ਸੀ ਹੋਇਆ ਚਿੱਟਾ
ਕਲਫਾਂ ਆ ਗਈਆਂ ਉਹਨੂੰ ਮਿਟਾਉਣ ਖਾਤਿਰ।
ਇੰਝ ਹਾਰ ਸ਼ੰਗਾਰ ਸੀ ਸ਼ੁਰੂ ਹੋਏ
ਆਪਣੇ ਆਪ ਨੂੰ ਸੁੰਦਰ ਦਿਖਾਉਣ ਖਾਤਿਰ।

ਆਪਣੇ ਆਪ ਨੂੰ ਹੋਰ ਸ਼ੰਗਾਰਦੇ ਨੇ
ਵਾਲਾਂ ਵਲ ਧਿਆਨ ਜਦ ਮਾਰਿਆ ਸੀ।
ਸੁਹੱਪਣ ਵਿਚ ਅੜਿੱਕਾ ਇਹ ਜਾਪਦੇ ਸੀ
ਨੀਝ ਲਾ ਉਸ ਜਦੋਂ ਨਿਹਾਰਿਆ ਸੀ।
ਬਾਲ ਕੱਟ ਤੇ ਚਿਹਰੇ ਨੂੰ ਸਾਫ਼ ਕਰ ਉਸ
ਆਪਣੇ ਆਪ ਨੂੰ ਸੋਹਣਾ ਚਿਤਾਰਿਆ ਸੀ।
ਹਰ ਕਟਾਈ ਵਿਚ ਉਸ ਨੂੰ ਫਰਕ ਲੱਗਿਆ
ਸਟਾਇਲ ਡਿਜ਼ਾਇਨ ਜਦ ਬੈਠ ਵਿਚਾਰਿਆ ਸੀ।

ਇਸ ਤਰ੍ਹਾਂ ਸ਼ੰਗਾਰ ਜਦ ਸ਼ੁਰੂ ਹੋਇਆ
ਰੂਪ ਬੰਦੇ ਤੇ ਹੋਰ ਚੜ੍ਹਾਉਣ ਖ਼ਾਤਿਰ।
ਦਿਨਾਂ ਸੁਧਾਂ ਤੇ ਵੱਖਰੇ ਜਿਹੇ ਬਣ ਕੇ
ਸ਼ਾਮਲ ਆਪ ਨੂੰ ਉਥੇ ਪ੍ਰਗਟਾਉਣ ਖ਼ਾਤਿਰ।
ਸਬੰਧਤ ਰਸਮ ਮੁਤਾਬਕ ਜੋ ਬਣੇ ਹੀਰੋ
ਭਿੰਨ ਬਾਕੀਆਂ ਤੋਂ ਉਹੋ ਦਿਖਾਉਣ ਖਾਤਿਰ।
ਆਏ ਲੋਕਾਂ ਨਾਲ ਉਸ ਨੂੰ ਮਿਲਾਉਣ ਵੇਲੇ
ਉਸਦੀ ਦੂਰੋਂ ਪਹਿਚਾਣ ਕਰਵਾਉਣ ਖਾਤਿਰ।

ਖਾਸ ਦਿਨਾਂ ਤੇ ਖਾਸ ਅੰਦਾਜ਼ ਅੰਦਰ
ਲੋਕੀਂ ਇਸ ਤਰ੍ਹਾਂ ਖੁਸ਼ੀ ਮਨਾਉਣ ਲਗ ਪਏ।
ਭਗਤੀ ਸਮਝ ਜਾਂ ਖ਼ੁਸ਼ੀ ਵਿਚ ਹੋ ਪਾਗਲ
ਅੰਨ੍ਹੇਵਾਹ ਹੀ ਨੱਚਣ ਨਚਾਉਣ ਲਗ ਪਏ।
ਨੱਚ ਨੱਚ ਕੇ ਕੰਕਰਾਂ, ਪੱਥਰਾਂ ਤੇ
ਪੈਰ ਖ਼ੂਨ ਵਿਚ ਲਥਪਥ ਦਿਖਾਉਣ ਲਗ ਪਏ।
ਭੁਲੇਖਾ ਉਸੇ ਖੁਸ਼ੀ ਦਾ ਪਾਉਣ ਲਈ ਫਿਰ
ਲੋਕੀਂ ਪੈਰਾਂ ਨੂੰ ਮਹਿੰਦੀ ਲਗਾਉਣ ਲਗ ਪਏ।

ਹੌਲੀ ਹੌਲੀ ਸ਼ੰਗਾਰ ਦਾ ਭੁਲ ਮਕਸਦ
ਲੋਕੀਂ ਸ਼ੰਗਾਰ ਹੀ ਰਸਮ ਬਨਾਉਣ ਲਗ ਪਏ।
ਸ਼ੰਗਾਰ ਨਾਲ ਉਹ ਰੂਪ ਨਿਖਾਰਨ ਦੀ ਥਾਂ
ਕੇਵਲ ਸ਼ੰਗਾਰ ਦੀ ਪ੍ਰਦਰਸ਼ਨੀ ਲਾਉਣ ਲੱਗ ਪਏ।
ਹੀਰੇ ਮੋਤੀ ਤੇ ਮਹਿੰਗੀਆਂ ਧਾਤਾਂ ਦੇ ਨਾਲ
ਮਹਿੰਗੇ ਗਹਿਣੇ ਪਾ ਹਉਮੈ ਜਿਤਲਾਉਣ ਲਗ ਪਏ।
ਇੰਞ ਸ਼ੰਗਾਰ ਦੇ ਪਏ ਬਹਾਨੇ ਦੇ ਨਾਲ
ਧਨ, ਦੌਲਤ, ਅਮੀਰੀ ਦਰਸਾਉਣ ਲਗ ਪਏ।

ਪੁਰਾਣੇ ਸਮੇਂ ਦੀ ਜਦੋਂ ਵੀ ਗੱਲ ਕਰੀਏ
ਫੈਸ਼ਨ ਅਤੇ ਸ਼ੰਗਾਰ ਅਪਣਾਵਣੇ ਦੀ।
ਸੋਚ ਹੁੰਦੀ ਸੀ ਹਾਵੀ ਮਨੁੱਖ ਉਤੇ
ਦਿਖਣੋ ਆਪਣਾ ਸਰੀਰ ਲੁਕਾਵਣੇ ਦੀ।
ਐਪਰ ਅੱਜ ਜ਼ਮਾਨੇ ਨੂੰ ਮਾਰ ਵਗੀ
ਸਰੀਰਕ ਅੰਗਾਂ ਨੂੰ ਏਦਾਂ ਪ੍ਰਗਟਾਵਣੇ ਦੀ।
ਆਕਰਸ਼ਕ ਬਣ ਭੜਕੀਲਾ ਪਾ ਬਾਣਾ
ਫੈਸ਼ਨ ਨਾਲ ਨੰਗੇਜ ਦਿਖਾਵਣੇ ਦੀ।

ਪੱਛਮ ਵਲ ਤੋਂ ਹਿੰਦੋਸਤਾਨ ਉਪਰ
ਚੜ੍ਹ ਧਾੜਵੀ ਜਦੋਂ ਵੀ ਆਂਵਦੇ ਸਨ।
ਸਮੁੱਚੇ ਦੇਸ਼ ਨੂੰ ਲੁਟ ਕੇ ਵਾਪਸੀ ਤੇ
ਬੰਨ੍ਹ ਔਰਤਾਂ ਨਾਲ ਲਜਾਂਵਦੇ ਸਨ।
ਲੁਆ ਮੰਡੀਆਂ ਵਿਕਣ ਲਈ ਔਰਤਾਂ ਦੀਆਂ
ਸ਼ਰੇਆਮ ਹੀ ਬੋਲੀ ਲਗਵਾਂਵਦੇ ਸਨ।
ਟਕਾ ਟਕਾ ਵੀ ਜਦੋਂ ਨਾ ਮੁੱਲ ਪੈਂਦਾ
ਉਦੋਂ ਬਣਾਵਟੀ ਸ਼ੰਗਾਰ ਕਰਵਾਂਵਦੇ ਸਨ।

ਸਮਾਂ ਗੁਜ਼ਰਿਆ ਭਾਰਤ ਨੇ ਹੋ ਤਕੜਾ
ਕਾਬੂ ਧਾੜਵੀ ਲੋਕਾਂ ਤੇ ਪਾ ਲਿੱਤਾ।
ਸਿੱਖ ਗੁਰੂਆਂ ਨੇ ਘਾਲਣਾ ਘਾਲ ਕੇ ਤੇ
ਦਰਜਾ ਔਰਤ ਦਾ ਬਰਾਬਰ ਕਰਵਾ ਲਿੱਤਾ।
ਔਰਤ ਮੰਡੀਆਂ ਭਾਵੇਂ ਅੱਜ ਖਤਮ ਹੋਈਆਂ
ਐਪਰ ਸ਼ੰਗਾਰ ਨੂੰ ਲੋਕਾਂ ਅਪਣਾਅ ਲਿੱਤਾ।
ਇੰਜ ਔਰਤਾਂ ਆ ਹੀਣ ਭਾਵਣਾ ਵਿਚ
ਘੱਟ ਸਮਝ ਕੇ ਮੁੱਲ ਵਧਾ ਲਿੱਤਾ।

ਠੰਡੇ ਮਨ ਨਾਲ ਬੈਠ ਕੇ ਸੋਚੀਏ ਜੇ
ਗੱਲ ਆਂਵਦੀ ਸਾਡੇ ਵਿਚਾਰ ਅੰਦਰ।
ਕੇਵਲ ਔਰਤ ਨੂੰ ਹਾਰ ਸ਼ੰਗਾਰ ਵਾਲੀ
ਕਿਉਂ ਲੋੜ ਸੀ ਪਈ ਸੰਸਾਰ ਅੰਦਰ।
ਖਰੀਦਦਾਰ ਤਾਂ ਕਿਉਂ ਜੋ ਮਰਦ ਬਣਿਆ
ਮਰਦ ਪਰਧਾਨ ਸਮਾਜਿਕ ਦਰਬਾਰ ਅੰਦਰ।
ਤਾਹੀਂ ਝਾਂਜਰਾਂ ਚੂੜੀਆਂ ਬੰਨ੍ਹ ਘੁੰਗਰੂ
ਔਰਤ ਵਿਕਦੀ ਰਹੀ ਬਾਜ਼ਾਰ ਅੰਦਰ।

ਸੋਹਣੇ ਹੋਣ ਲਈ ਕਈ ਸ਼ੰਗਾਰ ਕਰਦੇ
ਕਈ ਧਰਮੀ ਕਹਾਉਣ ਲਈ ਕਰੀ ਜਾਂਦੇ।
ਅੰਦਰ ਦੁਕਾਨ ਦੇ ਵਿਚ ਸਮਾਨ ਉਲਟਾ
ਫੱਟਾ ਪਰਚਾਰ ਲਈ ਵੱਖਰਾ ਧਰੀ ਜਾਂਦੇ।
ਧਰਮ ਵਾਲਾ ਵੀ ਕਈਆਂ ਸ਼ੰਗਾਰ ਕਰਿਆ
ਖੜਾਮਾ, ਚੋਲਾ ਤੇ ਮਾਲਾ ਨੂੰ ਫੜੀ ਜਾਂਦੇ।
ਇੰਝ ਹਉਮੈ ਵਿਚ ਫਸੇ ਹੋਏ ਲੋਕ ਅੱਜਕੱਲ੍ਹ
ਪਉੜੀ ਅਧਰਮ ਦੀ ਅਛੋਪਲੇ ਚੜ੍ਹੀ ਜਾਂਦੇ।

ਅੰਦਰ ਜਿਹਨਾਂ ਦੇ ਸੱਚ ਪ੍ਰਕਾਸ਼ ਹੁੰਦੈ
ਬਾਹਰ ਉਹ ਨਾ ਕਦੇ ਪ੍ਰਗਟਾਂਵਦੇ ਨੇ।
ਹਉਮੈ ਪ੍ਰਾਪਤੀ ਵਾਲੀ ਤੋਂ ਬਚਣ ਖਾਤਿਰ
ਆਪਣੇ ਆਪ ਨੂੰ ਨਹੀਂ ਗਣਾਂਵਦੇ ਨੇ।
ਸਦਾ ਸੰਗਤ ਦੇ ਚਰਨਾਂ ਦੀ ਧੂੜ ਬਣ ਕੇ
ਆਪਣੇ ਆਪ ਨੂੰ ਉਹ ਤਾਂ ਗਵਾਂਵਦੇ ਨੇ।
ਭੇਖੀ ਸ਼ੰਗਾਰ ਵਿਚ ਫਸੇ ਹੋਏ ਲੋਕ ਕੇਵਲ
ਅੰਦਰ ਬਾਹਰ ਵਿਚ ਫ਼ਰਕ ਦਖਾਂਵਦੇ ਨੇ।

ਰੱਬ ਉਪਰ ਜੇ ਕਿਸੇ ਦਾ ਹੋਂਵਦਾ ਨਹੀਂ
ਉਹਦੀ ਕਰਨੀ ਤੇ ਕਿੰਝ ਵਿਸ਼ਵਾਸ ਹੋਵੇ।
ਰੰਗ, ਰੂਪ ਤੇ ਸ਼ਕਲ ਜੋ ਉਸ ਬਖਸ਼ੇ
ਕਦੇ ਬੰਦੇ ਦੀ ਪੂਰੀ ਨਾ ਆਸ ਹੋਵੇ।
ਇੰਝ ਰੱਬ ਦੇ ਆਪੇ ਸ਼ਰੀਕ ਬਣ ਕੇ
ਸ਼ਕਲ ਬਦਲ ਕੇ ਸਾਨੂੰ ਧਰਵਾਸ ਹੋਵੇ।
ਆਖਿਰ ਉਸ ਤੋਂ ਬੇਮੁੱਖ ਹੋਵਣੇ ਦਾ
ਸੁੱਤੇ ਸਿਧ ਹੀ ਸਾਡਾ ਪਰਿਆਸ ਹੋਵੇ।

ਨ੍ਹਾਤੇ ਬਾਝ ਹੀ ਸਾਧ ਤਾਂ ਸਾਧ ਰਹਿੰਦੇ
ਨਹਾਉਣ ਨਾਲ ਵੀ ਚੋਰ ਤਾਂ ਚੋਰ ਹੁੰਦੇ।
ਸ਼ੰਗਾਰ ਨਾਲ ਤਾਂ ਚੰਮ ਹੀ ਚਮਕਦਾ ਹੈ
ਗੁਣ ਅੰਦਰਲੇ ਕਦੇ ਨਾ ਹੋਰ ਹੁੰਦੇ।
ਸੱਚ ਆਚਾਰ ਨਾ ਜਿਹਨਾਂ ਨੇ ਧਾਰਨ ਕੀਤਾ
ਸਿਰਫ ਮਾਇਆ ਲਈ ਲਾ ਰਹੇ ਜ਼ੋਰ ਹੁੰਦੇ।
ਤਨ ਲਿਸ਼ਕਾਉਣ ਤੇ ਲੇਪਾ ਪੋਚੀ ਵਾਲਾ
ਉਹੋ ਲੋਕੀਂ ਹੀ ਕਰ ਰਹੇ ਸ਼ੋਰ ਹੁੰਦੇ।

ਚੰਗੇ ਗੁਣਾਂ ਦਾ ਜਿਹਨਾਂ ਸ਼ੰਗਾਰ ਕੀਤਾ
ਅਖਾਉਤੀ ਦਲਦਲ 'ਚ ਕਦੇ ਉਹ ਧਸਦੇ ਨਹੀਂ।
ਜੀਵਨ ਉਹਨਾਂ ਦਾ ਇਕ ਤਰ੍ਹਾਂ ਗਹਿਣਾ ਹੁੰਦਾ
ਬਨਾਉਟੀ ਗਹਿਣਿਆਂ ਵਿਚ ਉਹ ਤਾਂ ਫਸਦੇ ਨਹੀਂ।
ਸੁਹਣੇ ਜੀਵਨ ਦੀ ਹੁੰਦੀ ਪਹਿਚਾਣ ਆਪੇ
ਆਪਣੇ ਮੂੰਹੋਂ ਉਹ ਬੋਲ ਕੇ ਦਸਦੇ ਨਹੀਂ।
ਚਮਕ ਸੋਨੇ ਦੀ ਜਿਸ ਤਰ੍ਹਾਂ ਆਪ ਦਸਦੀ
ਦਸਣ ਵਾਸਤੇ ਲੋਕੀਂ ਤਾਂ ਨੱਸਦੇ ਨਹੀਂ।

ਦੈਵੀ ਗੁਣ ਨੇ ਜੇਕਰ ਸ਼ੰਗਾਰ ਕੀਤੇ
ਬਣਾਉਟੀ ਸ਼ੰਗਾਰ ਲਗਾਉਣ ਦੀ ਲੋੜ ਹੀ ਨਹੀਂ।
ਆਚਾਰ ਵਿਹਾਰ ਦੀ ਜੇਕਰ ਖੁਸ਼ਬੋ ਹੋਵੇ
ਉਪਰ ਸੁਗੰਧੀਆਂ ਛੜਕਾਉਣ ਦੀ ਲੋੜ ਹੀ ਨਹੀਂ।
ਜੇਕਰ ਬੰਦੇ ਦਾ ਉੱਚਾ ਇਖਲਾਕ ਹੋਵੇ
ਉੱਚਾ ਕੱਦ ਦਿਖਾਉਣ ਦੀ ਲੋੜ ਹੀ ਨਹੀਂ।
ਗਾਹਕ ਗੁਣਾਂ ਦੇ ਆਪੇ ਫਿਰ ਭਾਲ ਲੈਂਦੇ।
ਆਪੇ ਸਚਿਆਰਾ ਅਖਵਾਉਣ ਦੀ ਲੋੜ ਹੀ ਨਹੀਂ।

ਰੱਬ ਉਪਰ ਭਰੋਸਾ ਜੋ ਰਖਦੇ ਨਾ
ਬਾਹਰੀ ਹਾਰ ਸ਼ੰਗਾਰ ਸਵੀਕਾਰਦੇ ਨੇ।
ਨੱਕ, ਕੰਨ ਜੋ ਪ੍ਰਭੂ ਨੇ ਸਾਬਤ ਦਿੱਤੇ
ਛੇਦਣ ਲੱਗਿਆਂ ਹੁਕਮ ਵਿਸਾਰਦੇ ਨੇ।
ਇੰਞ ਸਰੀਰ ਦੇ ਅੰਗਾਂ 'ਚ ਕੱਢ ਗਲੀਆਂ
ਵਿਚ ਪਾ ਪਾ ਗਹਿਣੇ ਸ਼ੰਗਾਰਦੇ ਨੇ।
ਸਾਬਤ ਸੂਰਤ ਜੋ ਰੱਬ ਨੇ ਦਿੱਤੀ ਸਾਨੂੰ
ਬੇਈਮਾਨ ਹੋ ਭੰਨ ਵਿਗਾੜਦੇ ਨੇ।

ਨੱਕ ਕੰਨਾਂ ਨੂੰ ਛੇਦਣਾ ਕਿਸੇ ਵੇਲੇ
ਚਿੰਨ੍ਹ ਗੁਲਾਮੀ ਦਾ ਮੰਨਿਆ ਜਾਂਵਦਾ ਸੀ।
ਮੰਡੀ ਵਿਚੋਂ ਗੁਲਾਮ ਖਰੀਦ ਕੇ ਤੇ
ਬੰਨ੍ਹ ਰੱਸੀ ਨਾਲ ਮਾਲਕ ਲਿਆਂਵਦਾ ਸੀ।
ਉਹਦੇ ਘਰ ਤੋਂ ਭੱਜਣ ਦੇ ਡਰ ਕਾਰਣ
ਉਪਰ ਆਪਣਾ ਨਿਸ਼ਾਨ ਲਗਾਂਵਦਾ ਸੀ।
ਬੰਦਾ ਮਿਲਦਾ ਜੇ ਕਿਧਰੇ ਛੇਦਾਂ ਵਾਲਾ
ਘਰੋਂ ਭਜਿਆ ਗੁਲਾਮ ਸਦਵਾਂਵਦਾ ਸੀ।

ਏਸੇ ਕਾਰਣ ਹੀ ਗੁਰੂਆਂ ਸਾਡਿਆਂ ਨੇ
ਬਿਰਤੀ ਗੁਲਾਮਾਂ ਦੀ ਨੂੰ ਠੁਕਰਾਅ ਦਿੱਤਾ।
ਸਾਬਤ ਸੂਰਤ ਨੂੰ ਭੰਨਦੇ ਲੋਕਾਂ ਤਾਈਂ
ਬੇਈਮਾਨ ਸੀ ਉਹਨਾਂ ਫੁਰਮਾ ਦਿੱਤਾ।
ਗੁਰਸਿੱਖ ਦੀ ਰਹਿਤ ਮਰਿਆਦਾ ਅੰਦਰ
ਤਾਹੀਓਂ ਸਿੱਖਾਂ ਨੇ ਦਰਜ ਕਰਵਾ ਦਿੱਤਾ।
ਫੈਸ਼ਨ ਵਾਸਤੇ ਅੰਗਾਂ ਨੂੰ ਜੋ ਛੇਦੇ
ਪਤਿਤ ਕੁਰਹਿਤੀਆ ਆਖ ਛੁਟਿਆ ਦਿੱਤਾ।

ਜਦੋਂ ਦੇਖੀਏ ਪੇਂਡੂ ਇਲਾਕੇ ਅੰਦਰ
ਪਸ਼ੂ ਪਾਲਤੂ ਕਿੰਝ ਲਿਆਏ ਜਾਂਦੇ।
ਕਰਜ਼ ਚੁੱਕ ਕੇ ਹਾਜ਼ਰ ਸਰਕਾਰ ਕੋਲੇ
ਨੰਬਰ ਸੰਪੱਤੀ ਵਾਲੇ ਲਿਖਵਾਏ ਜਾਂਦੇ।
ਕੰਨਾਂ ਉਹਨਾਂ ਦਿਆਂ ਅੰਦਰ ਸੁਰਾਖ ਕਰਕੇ
ਨੰਬਰ ਮੁੰਦਰਾਂ ਵਾਂਗ ਨੇ ਪਾਏ ਜਾਂਦੇ।
ਇੰਝ ਪਸ਼ੂ ਜੋ ਕੰਨਾਂ ਤੋਂ ਛੇਦੇ ਹੁੰਦੇ
'ਇਹ ਤਾਂ ਲੋਨ ਤੇ ਆਏ' ਫੁਰਮਾਏ ਜਾਂਦੇ।

ਇਸੇ ਗੱਲ ਨੂੰ ਰਖ ਧਿਆਨ ਅੰਦਰ
ਆਉ ਖਾਲਸਾ ਜੀ ਵਿਚਾਰ ਕਰੀਏ।
ਕੰਮ ਬਣੇ ਜੋ ਸੰਕੇਤ ਗੁਲਾਮੀ ਵਾਲਾ
ਫੜ ਉਸ ਨੂੰ ਬੂਹੇ ਤੋਂ ਬਾਹਰ ਕਰੀਏ।
ਸ਼ੁਭ ਗੁਣਾਂ ਨੂੰ ਧਾਰ ਕੇ ਦਿਲ ਅੰਦਰ
ਸੱਚੇ ਨਾਮ ਦਾ ਸੋਹਣਾ ਸ਼ੰਗਾਰ ਕਰੀਏ।
ਸੱਜ ਧਜ ਇੰਝ ਗੁਰੂ ਦੇ ਹੋ ਸਾਹਵੇਂ
ਅਰਪਣ ਉਸਦੇ ਆਪਣਾ ਪਿਆਰ ਕਰੀਏ।

ਹਰ ਕੋਈ ਸਮਝਦਾ ਆਪ ਨੂੰ ਬਹੁਤ ਸੁੰਦਰ
ਜੇ ਨਹੀਂ ਤਾਂ ਹੋਵਣਾ ਚਾਹੁਣ ਲੋਕੀਂ।
ਵਜੂਦ ਆਪਦਾ ਮਾਇਆ 'ਚ ਭੁਲ ਕੇ ਤੇ
ਕੇਵਲ ਮਿੱਟੀ ਨੂੰ ਹੋਰ ਚਮਕਾਉਣ ਲੋਕੀਂ।
ਸੁੰਦਰ ਸੁਹਣੇ ਤੇ ਹਾਰ ਸ਼ੰਗਾਰ ਵਾਲੇ
ਅਰਥ ਭੁਲ ਤੇ ਅਗੋ ਭੁਲਾਉਣ ਲੋਕੀਂ।
ਬਾਣੀ ਉਹਨਾਂ ਨੂੰ ਸੁੰਦਰ ਤੇ ਸੋਹਣੇ ਆਖੇ
'ਸਾਧ ਸੰਗਤ' ਜੋ ਬੈਠ ਕਹਿਲਾਉਣ ਲੋਕੀਂ।

ਏਸ ਮਿੱਟੀ ਨੇ ਮਿੱਟੀ ਵਿਚ ਰਲ ਜਾਣਾ
ਫਾਇਦਾ ਇਹਨੂੰ ਕੀ ਸੁੰਦਰ ਬਨਾਉਣ ਦਾ ਏ।
ਰਹਿਣਾ ਸਦਾ ਦੇ ਵਾਸਤੇ ਅਮਰ ਜਿਸਨੇ
ਫਾਇਦਾ ਉਸੇ ਨੂੰ ਹੋਰ ਸਜਾਉਣ ਦਾ ਏ।
ਸਨਮੁਖ ਹੋਵਣਾ ਜਿਹਨੇ ਪਰਮ-ਆਤਮਾ ਦੇ
ਯੋਗ ਉਸੇ ਨੂੰ ਉਹਦੇ ਕਰਵਾਉਣ ਦਾ ਏ।
ਸਪੁਰਦ ਪ੍ਰਭੂ ਦੇ ਆਤਮਾ ਕਰਨ ਖਾਤਿਰ
ਉਹਦੇ ਨਾਮ ਦੇ ਵਿਚ ਰੰਗਵਾਉਣ ਦਾ ਏ।

ਬਾਬੇ ਨਾਨਕ ਨੇ ਦਿੱਤੀ ਸਨਮਾਨ ਔਰਤ
ਵੱਲ ਦੱਸ ਕੇ ਸੱਚੇ ਸ਼ੰਗਾਰ ਵਾਲਾ।
ਇਸ ਸ਼ੰਗਾਰ ਵਿਚ ਫਰਕ ਨਹੀਂ ਹੋ ਸਕਦਾ
ਔਰਤ ਮਰਦ ਦੇ ਵਖਰੇ ਵਿਚਾਰ ਵਾਲਾ।
ਔਰਤ ਮਰਦ ਬਰਾਬਰ ਜੋ ਕਰ ਸਕਦੇ
ਸ਼ੰਗਾਰ ਬਖ਼ਸ਼ਿਆ ਨਾਮ ਦੀ ਧਾਰ ਵਾਲਾ।
ਜੀਵ ਆਤਮਾ ਏਸ ਸ਼ੰਗਾਰ ਨੂੰ ਕਰ
ਮੋਹੰਦੀ ਰੂਪ ਫਿਰ ਸੋਹਣੇ ਨਿਰੰਕਾਰ ਵਾਲਾ।

◆◆◆◆◆◆

# ਦਾਜ

ਸਭਿਅਕ ਤੌਰ ਤੇ ਦੁਨੀਆਂ ਜਦ ਰਹਿਣ ਲੱਗੀ
ਸ਼ਾਦੀ-ਵਿਆਹ ਦੀ ਗੱਲ ਫਿਰ ਆਮ ਹੋ ਗਈ।
ਮੁੰਡੇ-ਕੁੜੀ ਦੇ ਏਸ ਸੰਜੋਗ ਕਾਰਣ
ਦੋ ਪਰਿਵਾਰਾਂ ਦੀ ਸਾਂਝ ਪਰਵਾਨ ਹੋ ਗਈ।
ਜਾਣਕਾਰਾਂ ਦੀ ਸਾਂਝੀ ਸਲਾਹ ਦੇ ਨਾਲ
ਸਮਾਜਿਕ ਤੌਰ ਤੇ ਰੀਤ ਪਰਧਾਨ ਹੋ ਗਈ।
ਦਾਨ ਵਾਸਤੇ ਜੱਗਾਂ 'ਚੋਂ ਜੱਗ ਇਹ ਵੀ
ਕਿਉਂਕਿ ਲੜਕੀ ਹੀ ਕੰਨਿਆ ਦਾਨ ਹੋ ਗਈ।

ਉਸ ਵੇਲੇ ਹਾਲਾਤ ਕੁਝ ਸੀ ਐਸੇ
ਜਿਸ ਘਰੇ ਸੀ ਲੜਕੀ ਨੇ ਆਣਾ ਹੁੰਦਾ।
ਉਸ ਘਰ ਵਿਚ ਬੰਦੇ ਦੇ ਵਧਣ ਕਾਰਣ
ਸੀ ਲੋੜਾਂ ਦਾ ਵੀ ਵੱਧ ਜਾਣਾ ਹੁੰਦਾ।
ਬਣੇ ਬੋਝ ਨਾ ਲੜਕੀ ਇਹ ਸਹੁਰਿਆਂ ਤੇ
ਇਸ ਗੱਲ ਨੂੰ ਸੀ ਸਮਝਾਣਾ ਹੁੰਦਾ।
ਤਾਹੀਂ ਸਮਾਨ ਕੁਝ ਲੜਕੀ ਨੂੰ ਦੇਂਵਦੇ ਸਨ
ਜਿਹਨੇ ਦਾਜ ਸੀ ਪਿਛੋਂ ਕਹਿਲਾਣਾ ਹੁੰਦਾ।

ਅਮੀਰ ਘਰ ਦੀ ਜਦੋਂ ਵੀ ਕੋਈ ਲੜਕੀ
ਗਰੀਬ ਘਰ ਸੀ ਕਿਤੇ ਵਿਆਹੀ ਜਾਂਦੀ।
ਸੁੱਖ ਸਾਧਨ ਜੋ ਉਸਨੇ ਹੰਢਾਏ ਹੁੰਦੇ
ਅਗਲੇ ਘਰ ਨਾ ਇੱਛਾ ਪੁਗਾਈ ਜਾਂਦੀ।
ਪਿਛੇ ਮਾਣੀਆਂ ਤਾਹੀਓਂ ਸਹੂਲਤਾਂ ਲਈ
ਲੋੜੀਂਦੀ ਵਸਤ ਸੀ ਅਗੇ ਪੁਚਾਈ ਜਾਂਦੀ।
ਰਹਿਣ ਸਹਿਣ ਇੰਝ ਹਾਣਦਾ ਕਰਨ ਖਾਤਿਰ
ਰੀਤ ਦਾਜ ਦੀ ਸੀ ਅਪਣਾਈ ਜਾਂਦੀ।

ਬੁਨਣਾ, ਕੱਢਣਾ, ਕੱਤਣਾ ਤੇ ਸਿਖ ਸੀਣਾ
ਦਾਜ·ਕਰਦੀਆਂ ਸੀ ਕੁੜੀਆਂ ਤਿਆਰ ਆਪੇ।
ਹੁਨਰ ਜਿਹਨੇ ਵੀ ਕੁੜੀਆਂ ਸੀ ਸਿੱਖੇ ਹੁੰਦੇ
ਸਹੁਰੇ ਘਰ ਸੀ ਲੈਂਦੀਆਂ ਪਿਆਰ ਆਪੇ।
ਜਿਹੜੀ ਕੁੜੀ ਦਾ ਜ਼ਿਆਦਾ ਸੀ ਦਾਜ ਹੁੰਦਾ
ਗਿਣੀ ਜਾਂਦੀ ਸੀ ਉਹ ਤਾਂ ਹੁਸ਼ਿਆਰ ਆਪੇ।
ਮੁੱਲ ਲੈਣ ਦੀ ਐਪਰ ਜਦ ਰੀਤ ਪੈ ਗਈ
ਉਹੀ ਦਾਜ ਸੀ ਬਣ ਗਿਆ ਭਾਰ ਆਪੇ।

ਕਜ-ਕਾਣ ਤਾਂ ਜਿਹਨਾਂ ਵਿਚ ਹੋਂਵਦਾ ਸੀ
ਮੁੱਲ ਲੈ ਉਹ ਦਾਜ ਵਧਾਉਂਦੀਆਂ ਸਨ।
ਅਹਿਸਾਸ ਉਹ ਝੂਠੀ ਚਤੁਰਾਈ ਵਾਲਾ
ਵੱਧ ਦਾਜ ਦੇ ਨਾਲ ਕਰਵਾਉਂਦੀਆਂ ਸਨ।
ਗਲਤੀ ਆਪਦੀ ਠੀਕ ਦਰਸਾਉਣ ਖਾਤਿਰ
ਵੱਡੇ ਘਰ ਦਾ ਰੋਅਬ ਵੀ ਪਾਉਂਦੀਆਂ ਸਨ।
ਸਹਾਰਾ ਲੈਕੇ ਇਸ ਤਰ੍ਹਾਂ ਦਾਜ ਵਾਲਾ
ਅਵਗੁਣ ਆਪਦੇ ਸਗੋਂ ਛੁਪਾਉਂਦੀਆਂ ਸਨ।

ਬਜ਼ੁਰਗਾਂ ਸਾਡਿਆਂ ਨੇ ਚੰਗੀ ਸੋਚਣੀ ਨਾਲ
ਦਾਜ ਵਾਲਾ ਸੰਕਲਪ ਜੋ ਧਾਰਿਆ ਸੀ।
ਹੌਲੀ-ਹੌਲੀ ਸਮੇਂ ਦੇ ਨਾਲ ਹੰਢ ਕੇ
ਮਕਸਦ ਉਹਨਾਂ ਦਾ ਗਿਆ ਵਿਸਾਰਿਆ ਸੀ।
ਕੁੜੀਆਂ ਵਾਲਿਆਂ ਕੋਲੋਂ ਛੁਡਾ ਇਸਨੂੰ
ਮੁੰਡੇ ਵਾਲਿਆਂ ਨੇ ਸਤਿਕਾਰਿਆ ਸੀਂ।
ਦਿਨੋਂ ਦਿਨ ਸੀ ਏਸ ਦੀ ਮੰਗ ਵਧ ਗਈ
ਬਾਝ ਏਸ ਦੇ ਸਾਥ ਦੁਰਕਾਰਿਆ ਸੀ।

ਸ਼ਰਮ ਹਿਆ ਫਿਰ ਉਡਗੀ ਖੰਭ ਲਾ ਕੇ
ਲੋਕੀਂ ਮੰਗ ਕੇ ਦਾਜ ਸੀ ਲੈਣ ਲੱਗੇ।
ਸਾਡੇ ਮੁੰਡੇ ਨੂੰ ਕਾਸੇ ਦੀ ਲੋੜ ਨਾਹੀਂ
ਆਪਦੀ ਧੀ ਨੂੰ ਦੇ ਦਿਓ ਕਹਿਣ ਲੱਗੇ।
ਵਿਆਹੁਣਾ ਸ਼ੁਰੂ ਹੋਇਆ ਕੇਵਲ ਦਾਜ ਨੂੰ ਹੀ
ਮੁੱਲ ਮੁੰਡਿਆਂ ਵਾਲੇ ਇੰਝ ਪਾਇਣ ਲੱਗੇ।
ਵਧੀ ਭੁੱਖ ਦੇ ਕਾਰਣ ਫਿਰ ਲੋਭੀਆਂ ਦੀ
ਮਾਪੇ ਕਤਲ ਵੀ ਧੀਆਂ ਦੇ ਸਹਿਣ ਲੱਗੇ।

ਸੰਭਾਵੀ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਤੇ
ਜੀਵਨ ਗੁਰਾਂ ਸੀ ਆਪਣੇ ਲਗਾ ਦਿੱਤੇ।
ਸੂਹੀ ਰਾਗ ਅੰਦਰ ਚੌਥੇ ਨਾਨਕ ਜੀ ਨੇ
ਸਲੋਕ ਲਾਵਾਂ ਦੇ ਚਾਰ ਪ੍ਰਗਟਾ ਦਿੱਤੇ।
ਜੀਵਨ ਅੰਦਰਲੇ ਚਾਰ ਪੜਾਵਾਂ ਦੇ ਨਾਲ
ਮੇਲ ਆਤਮਾ ਵਾਲੇ ਕਰਵਾ ਦਿੱਤੇ।
ਕਰ ਕਾਮਨਾ ਅਨੰਦਮਈ ਜੀਵਨ ਵਾਲੀ
ਅਨੰਦ ਕਾਰਜ ਸੀ ਗੁਰਾਂ ਚਲਾ ਦਿੱਤੇ।

ਫਿਰ ਗੁਰੂ ਨੇ ਸਿੱਖਾਂ ਨੂੰ ਹੁਕਮ ਕੀਤਾ
ਅਨੰਦ ਕਾਰਜ ਹੀ ਕੇਵਲ ਕਰਵਾਵਨੇ ਦਾ।
ਸਦਾ ਗੁਰੂ ਗ੍ਰੰਥ ਤੋਂ ਜਾ ਵਾਰੇ
ਪੂਣ ਇਕੱਠਿਆਂ ਜੀਵਨ ਬਿਤਾਵਨੇ ਦਾ।
ਕਦੇ ਦੁਨਿਆਵੀ ਝਮੇਲਿਆਂ ਵਿਚ ਫਸ ਕੇ
ਅੱਧ-ਵਿਚਾਲੇ ਨਾ ਸਾਥ ਛਡ ਜਾਵਣੇ ਦਾ।
ਅੰਗ ਸੰਗ ਹੀ ਗੁਰੂ ਨੂੰ ਜਾਣ ਕੇ ਤੇ
ਸਦਾ ਵਾਸਤੇ ਸਾਥ ਨਿਭਾਵਨੇ ਦਾ।

ਗੁਰੂ ਗ੍ਰੰਥ ਨੂੰ ਗੁਰੂ ਨਾ ਸਮਝਦੇ ਜੋ
ਅਨੰਦ ਕਾਰਜਾਂ ਦੀ ਭਾਵੇਂ ਗੱਲ ਕਰਦੇ।
ਹੁਕਮ ਗੁਰੂ ਦਾ ਕੀਤਾ ਜੋ ਮੰਨਦੇ ਨਾ
ਗੁਰੂ ਨਾਲ ਉਹ ਤਾਂ ਸਿੱਧਾ ਛਲ ਕਰਦੇ।
ਮਨ ਉਹਨਾਂ ਦੇ ਕਿਸ ਤਰ੍ਹਾਂ ਮਿਲ ਸਕਦੇ
ਅੱਖਾਂ ਪੂੰਝਣ ਦਾ ਜੋ ਸਿਰਫ ਹਲ ਕਰਦੇ।
ਵਿਆਹ ਉਹਨਾਂ ਦਾ ਕੇਵਲ ਸਵਾਰਥ ਹੁੰਦਾ
ਸੌਦੇਬਾਜ਼ੀ ਹੀ ਉਹ ਹਰ ਪਲ ਕਰਦੇ।

ਪੁਰਾਣੇ ਸਮਿਆਂ ਦੇ ਵਿਚ ਅਨੰਦ ਕਾਰਜ
ਕੇਵਲ ਸਿੱਖਾਂ ਦੇ ਸਨ ਕਰਵਾਏ ਜਾਂਦੇ।
ਹੁਕਮ ਗੁਰੂ ਦਾ ਦ੍ਰਿੜ ਕਰਵਾਉਣ ਖਾਤਿਰ
ਗੁਰੂ ਵਾਲੇ ਸਨ ਪਹਿਲਾਂ ਬਣਾਏ ਜਾਂਦੇ।
ਹੌਲੀ ਹੌਲੀ ਜਦੋਂ ਸੀ ਢਿਲ ਆਈ
ਕੇਵਲ ਵਾਅਦੇ ਸੀ ਕਰ ਦਿਖਲਾਏ ਜਾਂਦੇ।
ਹਾਜ਼ਰ ਸੰਗਤ ਤੇ ਗੁਰੂ ਦੇ ਕਰ ਸਨਮੁੱਖ
ਗੁਰੂ ਧਾਰਨ ਦੇ ਨਿਸ਼ਚੇ ਦਿਰੜਾਏ ਜਾਂਦੇ।

ਲੋਕਾਂ ਬਿਪਰਨ ਦੀ ਰੀਤ ਦੇ ਵਿਚ ਆਕੇ
ਅਨੰਦ ਕਾਰਜ ਦੀ ਪ੍ਰਥਾ ਠੁਕਰਾਅ ਦਿੱਤੀ।
ਕਰਮਕਾਂਡੀ ਜੋ ਅਕਸਰ ਨੇ ਕਰੀ ਜਾਂਦੇ
ਰਸਮਾਂ ਵਰਗੀ ਹੀ ਰਸਮ ਬਣਾ ਦਿੱਤੀ।
ਗੁਰੂ ਧਾਰਨਾ ਨਾ, ਨਾਂਹੀ ਵਾਅਦਾ ਕਰਨਾ
ਗੁਰਮਤਿ, ਮਨਮਤਿ ਦੇ ਨਾਲ ਦਬਾ ਦਿੱਤੀ।
ਸਗੋਂ ਪਤਿਤ ਦੇ ਕਰ ਅਨੰਦ ਕਾਰਜ
ਇਹਨਾਂ ਗੁਰਮਤਿ ਦੀ ਧੱਜੀ ਉਡਾ ਦਿੱਤੀ।

ਅਨੰਦ ਕਾਰਜ ਤੇ ਕਿਸ ਤਰ੍ਹਾਂ ਹੋ ਸਕਦਾ
ਗੁਰੂ ਉਪਰ ਨਾ ਜਿਸਦਾ ਧਰਵਾਸ ਹੋਵੇ।
ਇਕ ਦੂਜੇ ਦੇ ਉਪਰ ਵੀ ਨਹੀਂ ਹੁੰਦਾ
ਗੁਰਮਤਿ ਉਪਰ ਨਾ ਜੇਕਰ ਵਿਸ਼ਵਾਸ ਹੋਵੇ।
ਮਤ ਗੁਰੂ ਦੇ ਨਾਲ ਜੇ ਨਹੀਂ ਮਿਲਦੀ
ਆਪੋ ਵਿਚ ਨਾ ਮਿਲਣ ਦੀ ਆਸ ਹੋਵੇ।
ਸਿੱਖ ਗੁਰੂ ਦਾ ਉਸ ਨੂੰ ਕਿੰਝ ਕਹੀਏ
ਗ੍ਰਹਿਸਤ ਵਿਚ ਨਾ ਜੇਕਰ ਕੋਈ ਪਾਸ ਹੋਵੇ।

ਪਤੀ ਪਤਨੀ ਤਾਂ ਹੁੰਦਾ ਅਜਿਹਾ ਰਿਸ਼ਤਾ
ਗੁਰੂ ਗਰੰਥ ਦੀ ਜਿਥੇ ਗਵਾਹੀ ਹੁੰਦੀ।
ਨਜ਼ਰ ਅੰਦਾਜ਼ ਗਵਾਹੀ ਨੂੰ ਜੋ ਕਰਦੇ
ਸਮਝੋ ਉਥੇ ਤਾਂ ਸਦਾ ਤਬਾਹੀ ਹੁੰਦੀ।
ਗੈਰਸਿੱਖ ਇਸ ਨੂੰ ਤਲਾਕ ਕਹਿੰਦੇ
ਰਿਸ਼ਤੇ ਵਾਲੀ ਜੋ ਛੱਡ ਛਡਾਈ ਹੁੰਦੀ।
ਗੁਰਮੁਖਾਂ ਲਈ ਗੁਰੂ ਵਲ ਪਿੱਠ ਹੁੰਦੀ
ਮਨਮੁਖਾਂ ਲਈ ਭਾਵੇਂ ਵਡਿਆਈ ਹੁੰਦੀ।

ਗੁਰੂ ਨਾਲ ਹੈ ਜਿਨ੍ਹਾਂ ਦਾ ਪ੍ਰੇਮ ਸੱਚਾ
ਦਾਜ ਪਦਾਰਥਾਂ ਵਾਲਾ ਉਹ ਜੋੜਦੇ ਨਹੀਂ।
ਸੋਹਣੇ ਗੁਣਾਂ ਨੂੰ ਜੀਵਨ ਵਿਚ ਧਾਰ ਕੇ ਉਹ
ਚਿੱਤ ਨਾਮ ਤੋਂ ਕਦੇ ਵੀ ਮੋੜਦੇ ਨਹੀਂ।
ਸੋਭਾ ਹਰੀ ਦੀ ਉਹਨਾਂ ਦਾ ਦਾਜ ਹੁੰਦਾ
ਝੂਠੇ ਦਾਜ ਦੀ ਚਾਦਰ ਉਹ ਓੜ੍ਹਦੇ ਨਹੀਂ।
ਘਰ ਉਹਨਾਂ ਦਾ ਸਦਾ ਸਵਰਗ ਰਹਿੰਦਾ
ਬਾਂਹ ਪਕੜ ਕੇ ਬਾਂਹ ਜੋ ਛੋੜਦੇ ਨਹੀਂ।

ਦਾਜ ਪਦਾਰਥਾਂ ਦਾ ਹੰਢ ਟੁੱਟ ਜਾਂਦਾ
ਸੋਹਣੇ ਗੁਣਾਂ ਨੂੰ ਕਦੇ ਨਾ ਚੋਰ ਲਗਦੇ।
ਮਿੱਠਾ ਬੋਲਣਾ ਅਤੇ ਸਹਿਣਸ਼ੀਲ ਹੋਣਾ
ਗੁਣ ਨਿਮਰਤਾ ਵਰਗੇ ਨਾ ਹੋਰ ਲਗਦੇ।
ਇਹਨਾਂ ਗੁਣਾਂ ਨਾਲ ਸਾਰੇ ਹੀ ਵਸ ਹੁੰਦੇ
ਧਾਰਨ ਕਰਨ ਤੇ ਕਦੇ ਨਾ ਜ਼ੋਰ ਲਗਦੇ।
ਰਿਸ਼ਤੇ ਗੁਣਾਂ ਦੀ ਨੀਂਹ ਤੇ ਜਦੋਂ ਬਣਦੇ
ਟੁੱਟਣ ਵਾਲਾ ਨਾ ਕਰਦੇ ਉਹ ਸ਼ੋਰ ਲਗਦੇ।

ਸਾਡੇ ਸਮਾਜ ਦੀ ਚਲੀ ਇਹ ਰੀਤ ਆਈ
ਮੁਖੀ ਘਰ ਦਾ ਸਦਾ ਹੀ ਮਰਦ ਹੁੰਦਾ।
ਘਰ ਉਸੇ ਦਾ ਔਰਤ ਦਾ ਘਰ ਹੁੰਦਾ
ਭਾਵੇਂ ਔਰਤ ਨੂੰ ਪਿਛੇ ਦਾ ਦਰਦ ਹੁੰਦਾ।
ਉਹਦੇ ਦੁੱਖ, ਸੁੱਖ ਜ਼ਿੰਮੇਵਾਰੀਆਂ ਸਭ
ਆਪਣੀਆਂ ਸਮਝਣਾ ਔਰਤ ਦਾ ਫਰਜ਼ ਹੁੰਦਾ।
ਗੱਡੀ ਜਦੋਂ ਵਿਸ਼ਵਾਸ ਦੇ ਨਾਲ ਰਿੜਦੀ
ਰੱਬ ਵਲ ਨੂੰ ਸਫ਼ਰ ਫਿਰ ਦਰਜ ਹੁੰਦਾ।

ਆਪਣੇ ਘਰ ਨੂੰ ਔਰਤ ਜੇ ਭੁੱਲ ਕੇ ਤੇ
ਪਿਛੇ ਵਲ ਨੂੰ ਜਦੋਂ ਧਿਆਨ ਕਰਦੀ।
ਵਸਦੇ ਘਰ ਨੂੰ ਇੰਞ ਉਜਾੜਨ ਵਾਲਾ
ਆਪਣੇ ਹੱਥੀਂ ਉਹ ਆਪ ਇੰਤਜ਼ਾਮ ਕਰਦੀ।
ਅਗੇ ਵਲ ਨੂੰ ਇੰਞ ਉਹ ਤੁਰਨ ਦੀ ਥਾਂ
ਪਿਛੇ ਵੱਲ ਨੂੰ ਸਮਝ ਮੁਕਾਮ ਕਰਦੀ।
ਹੁੰਦੀ ਪਤੀ ਦੇ ਦਰ ਪਰਵਾਨ ਨਾਹੀਂ
ਭਾਵੇਂ ਪਤੀ ਪਤੀ ਸੁਭਾ ਸ਼ਾਮ ਕਰਦੀ।

ਨਾਰਾਂ ਉਸਦੀਆਂ ਅਸੀਂ ਹਾਂ ਲੋਕ ਸਾਰੇ
ਕੇਵਲ ਪ੍ਰਭੂ ਹੀ ਜੱਗ ਤੇ ਨਰ ਹੁੰਦਾ।
ਜੀਵ ਆਤਮਾ ਵਾਲਾ ਇਹ ਘਰ ਪੇਕਾ
ਪਰਮ ਆਤਮਾ ਹੀ ਸਹੁਰਾ ਘਰ ਹੁੰਦਾ।
ਸੋਚ ਪਿਛੇ ਦੀ ਰਖਦਾ ਜੇ ਕੋਈ
ਜੂਨ ਪਿਛਲੀ ਵਿਚ ਮੁੜਨ ਦਾ ਡਰ ਹੁੰਦਾ।
ਪਤੀ ਪਿਆਰ ਵਿਚ ਆਤਮਾ ਜੋ ਖੋਵੇ
ਨਸੀਬ ਉਸੇ ਨੂੰ ਪ੍ਰਭੂ ਦਾ ਦਰ ਹੁੰਦਾ।

ਆਓ ਮਿੱਟੀ ਦੇ ਛੱਡ ਖਿਡਾਉਣਿਆਂ ਨੂੰ
ਪ੍ਰਭੂ ਪਤੀ ਨੂੰ ਆਪਾਂ ਪਹਿਚਾਣ ਲਈਏ।
ਸਹੁਰੀਂ ਸੱਚਾ ਦਾਜ ਲਿਜਾਣ ਖਾਤਿਰ
ਉਹਦੇ ਨਾਮ ਦਾ ਬੰਨ੍ਹ ਸਮਾਨ ਲਈਏ।
ਵਿਸ਼ੇ ਵਿਕਾਰਾਂ ਨੂੰ ਆਪਾਂ ਤਲਾਕ ਦੇਕੇ
ਪੱਲਾ ਸੱਚ ਦਾ ਫੜਨਾ ਹੀ ਜਾਣ ਲਈਏ।
ਪਿਛਲੀਆਂ ਜੂਨਾਂ ਨੂੰ ਅਲਵਿਦਾ ਆਖ ਕੇ ਤੇ
ਮੱਲਣੀ ਪਤੀ ਦੀ ਦੇਹਲੀ ਹੀ ਠਾਣ ਲਈਏ।

# ਕੱਜੇ ਸਿਰ

ਬੰਨੀ ਫਿਰਨ ਜੋ ਕੱਪੜੇ ਸਿਰਾਂ ਉਪਰ
ਕੌਣ, ਕੀ ਤੇ ਕਿਥੋਂ ਇਹ ਆਏ ਹੋਏ ਨੇ।
ਕਿੰਝ, ਕਿਉਂ ਤੇ ਕਿਸ ਤਰ੍ਹਾਂ ਇਹ ਰਹਿੰਦੇ
ਦਾੜ੍ਹੀ ਮੁੱਛਾਂ ਕਿਉਂ ਇਹਨਾਂ ਵਧਾਏ ਹੋਏ ਨੇ।

ਸਿਰ ਤੇ ਸੱਟ ਲੱਗੀ ਜਾਂ ਫਿਰ ਦਰਦ ਹੁੰਦਾ
ਬੱਝੀ ਪੱਟੀ ਕਿਉਂ ਵੱਖਰੇ ਭੇਸ ਅੰਦਰ।
ਇਹ ਸਵਾਲ ਤਾਂ ਅਕਸਰ ਹੀ ਉਠਦੇ ਨੇ
ਘੁੰਮਣ ਸਿੰਘ ਜਦ ਕਿਸੇ ਪ੍ਰਦੇਸ ਅੰਦਰ।

ਪ੍ਰਸ਼ਨ ਕਰਤਿਆਂ ਨੂੰ ਕੌਣ ਇਹ ਦੱਸੇ
ਪੂਰਬ ਵਿਚ ਜੋ ਹਿੰਦੋਸਤਾਨ ਵਸਦਾ।
ਉਸ ਦੇਸ਼ ਵਿਚ ਸੂਬਾ ਪੰਜਾਬ ਜਿਹੜਾ
ਆਇਆ ਉਥੋਂ ਇਹ ਧਰਮੀ ਇਨਸਾਨ ਵਸਦਾ।

ਦਸਾਂ ਗੁਰੂਆਂ ਨੇ ਇਸਨੂੰ ਸੁਮੱਤ ਦਿੱਤੀ
ਪਿੱਛੋਂ ਗੁਰੂ ਗਰੰਥ ਦੇ ਲੜ ਲਾਇਆ।
ਸਾਂਝੀਵਾਲਤਾ ਦਾ ਉਪਦੇਸ਼ ਇਸਦਾ
ਕੇਵਲ ਭਲਾ ਸਰਬੱਤ ਦਾ ਏਸ ਚਾਹਿਆ।

ਕਿਤੇ ਭਗਤ ਜਾਪੇ, ਸੂਰਬੀਰ ਜਾਪੇ
ਨਾਂ ਗੁਣਾਂ ਨੇ ਦਿੱਤੇ ਵਿਸ਼ੇਸ਼ ਇਸਨੂੰ।
ਇਹਦੇ ਚਿਹਰੇ ਦਾ ਤੇਜ ਨਹੀਂ ਦੇਖ ਹੁੰਦਾ
ਰੂਪ ਆਪਦਾ ਦਿੱਤਾ ਦਸਮੇਸ਼ ਇਸਨੂੰ।

ਇਸ ਕੌਮ ਦੇ ਉੱਚੇ ਇਖਲਾਕ ਵਰਗੀ
ਕੋਈ ਥਿਊਰੀ ਨਾ ਏਸਦੇ ਹਾਣ ਦੀ ਏ।
ਬਸ ਇਹੋ ਹੀ ਕੌਮ ਸਭ ਔਰਤਾਂ ਨੂੰ
ਮਾਵਾਂ ਭੈਣਾਂ ਤੇ ਧੀਆਂ ਹੀ ਜਾਣਦੀ ਏ।

ਇਸ ਕੌਮ ਦੇ ਸਿਰਜਕਾਂ ਦੱਸਿਆ ਏ
ਨਾ ਕੋਈ ਵੈਰੀ ਤੇ ਨਾਹੀਂ ਬੇਗਾਨਾ ਹੁੰਦਾ।
ਕਿਰਤ ਕਰਨੀ ਤੇ ਵੰਡ ਕੇ ਛੱਕ ਲੈਣਾ,
ਨਾਮ ਜਪਣਾ ਹੀ ਅਸਲੀ ਨਿਸ਼ਾਨਾ ਹੁੰਦਾ।

ਇਹਦਾ ਧਰਮ ਨਵੀਨ ਹੈ ਸਾਰਿਆਂ 'ਚੋਂ
ਸੱਚੋ ਸੱਚ ਦਾ ਸਦਾ ਉਪਦੇਸ਼ ਦਿੰਦਾ।
ਵਿਗਿਆਨਕ ਦ੍ਰਿਸ਼ਟੀ ਤੇ ਹੂ-ਬ-ਹੂ ਪੂਰਾ
ਸਗੋਂ ਵਿਗਿਆਨ ਨੂੰ ਨਵੇਂ ਸੰਦੇਸ਼ ਦਿੰਦਾ।

ਇਹਦੇ ਇਸ਼ਕ ਦੀ ਜੱਗ ਤੋਂ ਗੱਲ ਵਖਰੀ
ਸਿਰਜਣਹਾਰ ਨੂੰ ਕਿੰਨਾ ਪਿਆਰ ਕਰਦਾ।
ਜਿਹੜਾ ਰੂਪ ਸੀ ਬਖਸ਼ਿਆ ਰੱਬ ਇਹਨੂੰ
ਉਸੇ ਰੂਪ ਨੂੰ ਇਹ ਅਖਤਿਆਰ ਕਰਦਾ।

ਸਾਰੇ ਅੰਗਾਂ 'ਚੋਂ ਉੱਚਾ ਹੈ ਸਿਰ ਹੁੰਦਾ
ਇਹ ਗੱਲ ਤਾਂ ਜੱਗ ਹੀ ਜਾਣਦਾ ਏ।
ਉਚੇ ਸਿਰ ਤੋਂ ਬੰਦੇ ਦੇ ਕੇਸ ਹੁੰਦੇ
ਇਹ ਗੱਲ ਬਸ ਏਹੋ ਪਹਿਚਾਣਦਾ ਏ।

ਹਰ ਕੋਈ ਸਮਝਦਾ ਆਪਦਾ ਸਿਰ ਉੱਚਾ
ਸਿਰ ਸਿਰਾਂ 'ਚੋਂ ਉੱਚਾ ਬਸ ਏਸਦਾ ਏ।
ਗੁਰੂ ਗਰੰਥ ਤੋਂ ਬਿਨਾਂ ਇਹ ਕਿਸੇ ਅੱਗੇ
ਤਾਹੀਓਂ ਮਸਤਕ ਨਾ ਆਪਦਾ ਟੇਕਦਾ ਏ।

ਦਾੜੀ ਮੁੱਛਾਂ ਤੇ ਸਿਰ ਤੇ ਵਾਲ ਲੰਬੇ
ਕੰਘੀ ਨਾਲ ਇਹ ਨਿੱਤ ਸਵਾਰਦਾ ਏ।
ਕੇਸਾਂ ਨੂੰ ਇਹ ਗੁਰੂ ਦੀ ਮੋਹਰ ਸਮਝੇ
ਦਸਤਾਰ ਨਾਲ ਇਹ ਕੇਸ ਸਤਿਕਾਰਦਾ ਏ।

ਨਿਸ਼ਾਨ ਸਾਹਿਬ ਨੂੰ ਦੂਰੋਂ ਹੀ ਦੇਖ ਕੇ ਤੇ
ਗੁਰੂ ਘਰ ਦੀ ਜਿਵੇਂ ਪਹਿਚਾਨ ਹੁੰਦੀ।
ਲੱਖਾਂ ਲੋਕਾਂ ਦੀ ਕਿੰਨੀ ਹੀ ਭੀੜ ਹੋਵੇ
ਐਪਰ ਸਿੰਘ ਦੀ ਵਖਰੀ ਸ਼ਾਨ ਹੁੰਦੀ।
ਪੱਗ ਵਾਲਾ ਜੋ ਇਹ ਇਨਸਾਨ ਦਿਸਦਾ
ਕਲਗੀਧਰ ਨੇ ਸਿੰਘ ਸਜਾਇਆ ਇਸਨੂੰ।
ਖੰਡੇ ਬਾਟੇ ਦੇ ਅੰਮ੍ਰਿਤ ਦੀ ਪਾਹੁਲ ਦੇਕੇ
ਉਹਨੇ ਗਿਦੜੋਂ ਸ਼ੇਰ ਬਣਾਇਆ ਇਸਨੂੰ।

ਬੜੇ ਸਿਰਾਂ ਤੇ ਏਸ ਨੇ ਕਸ਼ਟ ਝੱਲੇ
ਲੇਕਿਨ ਸਮੇਂ ਦੀ ਵੱਖਰੀ ਰੀਤ ਆਈ।
ਦੀਨ ਦੁਖੀਆਂ ਦੀ ਰਾਖੀ ਹੈ ਇਹ ਕਰਦਾ
ਤਾਹਿਓਂ ਗ਼ਮਾਂ ਨਾਲ ਏਸ ਨੇ ਪ੍ਰੀਤ ਪਾਈ।
ਬੰਦ ਬੰਦ ਕੱਟੇ ਲਾਹੀ ਖੋਪੜੀ ਸੀ
ਗਿਆ ਚਰਖੜੀਆਂ ਚਾੜ੍ਹ ਮੁਕਾਇਆ ਇਸਨੂੰ।
ਸਿਖੀ ਸੁਆਸਾਂ ਤੋਂ ਵੱਧ ਪਿਆਰੀ ਰੱਖੀ
ਭਾਵੇਂ ਆਰਿਆਂ ਨਾਲ ਚਰਵਾਇਆ ਇਸਨੂੰ।

ਕਿਸੇ ਲਈ ਇਹ ਜਾਨ ਵੀ ਦੇ ਦਿੰਦਾ
ਧੱਕੇ ਨਾਲ ਨਾ ਹੱਕ ਕੋਈ ਖੋਹਣ ਦਿੱਤਾ।
ਸਿਰ ਦੇਕੇ ਸਰਦਾਰੀ ਦੀ ਲਾਜ ਰੱਖੀ
ਲੇਕਿਨ ਸਿਰ ਨੂੰ ਨੰਗਾ ਨਹੀਂ ਹੋਣ ਦਿੱਤਾ।
ਪੱਗਾਂ ਵਾਲਿਆਂ ਮੂਹਰੇ ਨਾ ਕੋਈ ਅੜਿਆ
ਭਾਵੇਂ ਚੁੱਕ ਕੇ ਸਾਰਾ ਇਤਿਹਾਸ ਦੇਖੋ।
ਇਹਦੀ ਪੱਗ ਨੂੰ ਹੱਥ ਜਦ ਕਿਸੇ ਪਾਇਆ
ਹੋਇਆ ਉਸੇ ਦਾ ਸਤਿਆਨਾਸ ਦੇਖੋ।

ਸਾਇੰਸਦਾਨ, ਫਿਲਾਸਫਰ, ਬੁੱਧੀਜੀਵੀ
ਕੋਈ ਚਿੰਤਕ ਜਾਂ ਔਲੀਏ ਪੀਰ ਵੇਖੋ।
ਲੰਬੇ ਕੇਸ ਤੇ ਲੰਬੀਆਂ ਦਾੜ੍ਹੀਆਂ ਸੀ
ਭਾਵੇਂ ਫਰੋਲ ਪੁਰਾਣੀ ਤਸਵੀਰ ਵੇਖੋ।

ਰਾਜੇ, ਮੰਤਰੀ, ਫ਼ੌਜੀ ਜਰਨੈਲ ਸਾਰੇ
ਸਦਾ ਦਾਤ ਸਰਦਾਰੀ ਦੀ ਮੰਗਦੇ ਸੀ।
ਦਾੜ੍ਹੀ ਮੁੱਛਾਂ ਤੇ ਸਿਰਾਂ ਤੇ ਕੇਸ ਰੱਖ ਕੇ
ਤਾਹੀਓਂ ਮਾਣ ਨਾਲ ਪਗੜੀਆਂ ਬੰਨਦੇ ਸੀ।

ਪੱਗਾਂ ਪੱਗਾਂ ਦੇ ਵਿਚ ਵੀ ਫਰਕ ਹੁੰਦਾ
ਕੋਈ ਬੰਨੇ ਤੇ ਕੋਈ ਲਪੇਟਦਾ ਏ।
ਲੇਕਿਨ ਇਹ ਸਜਾਵੇ ਦਸਤਾਰ ਸਿਰ ਤੇ
ਨਹੀਂ ਸਾਨੀ ਕੋਈ ਜੱਗ ਤੇ ਏਸਦਾ ਏ।

ਪੂਣੀਂ ਇੰਝ ਕਿ ਬੱਚੇ ਨੂੰ ਪਿਆਰ ਜਿੱਦਾਂ
ਹਥ ਫੇਰ ਬਲੇਂਵੇਂ ਹਟਾਈ ਜਾਂਦਾ।
ਛਿੱਟਾ ਦੇ ਸਤਿਕਾਰ ਤੇ ਨਿਮਰਤਾ ਦਾ
ਅਣਖ ਹਿੰਮਤ ਦੇ ਲੜ ਟਕਾਈ ਜਾਂਦਾ।

ਕਾਹਤੋਂ ਸਿਰਾਂ ਦੇ ਏਸੇ ਦੇ ਮੁੱਲ ਪੈਂਦੇ
ਜਦੋਂ ਵੇਖੀਏ ਜ਼ਰਾ ਵਿਚਾਰ ਕੇ ਤੇ।
ਸਿਰਫ ਢਕੇ ਸਿਰਾਂ ਦੇ ਹੋਣ ਕਰਕੇ
ਗੱਲ ਆਂਵਦੀ ਸਾਹਵੇਂ ਨਿਹਾਰ ਕੇ ਤੇ।

ਪੱਗਾਂ ਕੇਸਾਂ ਦੀ ਚੜ੍ਹਤ ਨੂੰ ਦੇਖ ਕੇ ਤੇ
ਮੁਗ਼ਲਾਂ ਵੇਲੇ ਵੀ ਸਿਰਾਂ ਦੇ ਮੁੱਲ ਪਏ ਸੀ।
ਸਿੱਖਾਂ ਨੂੰ ਨਖੇੜ ਕੇ ਬਾਕੀਆਂ ਤੋਂ
ਚੁਣ ਚੁਣ ਮੁਕਾਉਣ ਲਈ ਤੁਲ ਗਏ ਸੀ।

ਸਿੱਖ ਲੱਭਣਾ ਬੜਾ ਆਸਾਨ ਹੋਵੇ
ਤਾਹੀਓਂ ਹੁਕਮ ਸੀ ਇੰਝ ਸਰਕਾਰੀ ਹੋਇਆ।
'ਕੇਸ ਪੱਗ ਨਾ ਰੱਖੇ ਕੋਈ ਸਿਰ ਉਪਰ
ਨਹੀਂ ਤਾਂ ਸਮਝਣਾ ਕਰ ਗਦਾਰੀ ਮੋਇਆ'।

ਹੁਕਮ ਮੁਗ਼ਲ ਹਕੂਮਤੀ ਤੋਂ ਡਰ ਕੇ
ਡਰੇ ਲੋਕਾਂ ਨੇ ਕੇਸ ਕਟਵਾ ਦਿੱਤੇ।
ਅੱਜ ਤੱਕ ਨਾ ਲੋਕਾਂ 'ਚੋਂ ਗਈ ਦਹਿਸ਼ਤ
ਭਾਵੇਂ ਦੁਸ਼ਮਣ ਸੀ ਸਿੰਘਾਂ ਝੁਕਾ ਦਿੱਤੇ।

ਬਸ ਉਦੋਂ ਦੇ ਸਹਿਮਦੇ ਸਹਿਕਦੇ ਲੋਕ
ਕੇਸ ਡਰਦੇ ਹੀ ਕਤਲ ਕਰਾਂਵਦੇ ਨੇ।
ਹਾਸਾ ਆਉਂਦਾ ਜਦੋਂ ਵਿਆਹਾਂ ਸ਼ਾਦੀਆਂ ਤੇ
ਪੱਗ ਬੰਨ ਸਰਦਾਰੀ ਜਿਤਾਂਵਦੇ ਨੇ।

ਪ੍ਰਾਚੀਨ ਇਤਿਹਾਸ ਵਿਚ ਕਥਾ ਮਿਲਦੀ
ਕਿਸੇ ਰਾਜੇ ਦੇ ਬਾਹਮਣ ਵਿਰੁੱਧ ਹੋ ਗਏ।
ਉਹਦੇ ਰਾਜ ਨੂੰ ਫੂਕਣ ਦੀ ਦੇਹ ਧਮਕੀ
ਜਾਕੇ ਜੰਗਲੀਂ ਤਪਾਂ ਵਿਚ ਰੁਝ ਉਹ ਗਏ।

ਚੁਸਤ ਮੰਤਰੀ ਬੜਾ ਉਸ ਰਾਜੇ ਦਾ ਸੀ
ਮਾਇਆ ਨਾਲ ਸੀ ਬਾਹਮਣ ਭਰਮਾਏ ਉਸਨੇ।
'ਤਪ ਕਰੋ ਟਿਕ ਕੇ, ਨੰਗ ਭੁੱਖ ਛੱਡ ਕੇ'
ਉਹਨਾਂ ਵਾਸਤੇ ਮਹਿਲ ਖੁਲਵਾਏ ਉਸਨੇ।

ਐਸ਼ ਆਰਾਮ ਦੀਆਂ ਸਹੂਲਤਾਂ ਵਧਾ ਕੇ ਤੇ
ਤਪੋਂ ਮੋੜ ਕੇ ਢਿੱਲੜ ਬਣਾਏ ਉਸਨੇ।
ਮਹਿਲਾਂ ਅਤੇ ਕੇਸਾਂ ਵਿਚ ਚੋਣ ਦੇ ਕੇ
ਘੋਨਮੋਨ ਫਿਰ ਸਾਰੇ ਕਰਵਾਏ ਉਸਨੇ।

ਕੇਸਾਂ ਕਾਰਨ ਜੋ ਸ਼ਕਤੀ ਨੂੰ ਸੀ ਮੰਨਦੇ
ਉਸ ਸ਼ਕਤੀ ਤੋਂ ਦੂਰ ਹਟਾਏ ਉਸਨੇ।
ਇੰਝ ਨੀਤੀ ਨਾਲ ਕੇਸ ਕਟਵਾ ਕੇ ਤੇ
ਮੁੜ ਕੇ ਮਹਿਲਾਂ ਦੇ ਵਿਚੋਂ ਠੁਕਰਾਏ ਉਸਨੇ।

ਕੱਟੇ ਕੇਸਾਂ ਨੂੰ ਦੇਖ ਜਦ ਲੋਕ ਪੁੱਛਣ
ਬਣਾ ਕੇ ਗੱਲ ਫਿਰ ਬਾਹਮਣ ਸੀ ਕਹਿਣ ਲੱਗੇ।
'ਇੰਝ ਕਰਨ ਦੀ ਹੋਈ ਆਕਾਸ਼ਬਾਣੀ'
ਸੁਣ ਕੇ ਲੋਕੀਂ ਫਿਰ ਰੀਸ ਵਿਚ ਪੈਣ ਲੱਗੇ।

ਉਸਤੋਂ ਪਹਿਲਾਂ ਦੀ ਜੇਕਰ ਗੱਲ ਕਰੀਏ
ਕੇਸ ਅਣਖ ਦੇ ਸੂਚਕ ਕਹਿਲਾਂਵਦੇ ਸੀ।
ਮੌਤ ਨਾਲੋਂ ਕੇਸਾਂ ਦੇ ਕੱਟਣੇ ਦੀ
ਆਚਰਣਹੀਣ ਨੂੰ ਸਜਾ ਸੁਣਾਂਵਦੇ ਸੀ।

ਅਣਖ ਗ਼ੈਰਤ ਦਾ ਉਦੋਂ ਸੀ ਬੋਲਬਾਲਾ
ਲੋਕੀਂ ਜੀਵਨ ਤੋਂ ਕੇਸ ਉਚਿਆਂਵਦੇ ਸੀ।
ਅਣਖ ਬਾਝੋਂ ਸਮਾਜ ਵਿਚ ਜੀਣ ਨਾਲੋਂ
ਦੋਸ਼ੀ ਮੌਤ ਦੀ ਇੱਛਾ ਪ੍ਰਗਟਾਂਵਦੇ ਸੀ।

ਕੇਹੀ ਅੱਜ ਜ਼ਮਾਨੇ ਨੂੰ ਮਾਰ ਵਗੀ
ਬੜੀ ਜਾਪਦੀ ਦੁੱਖ ਤੇ ਠੇਸ ਦੀ ਗੱਲ।
ਕਰੀਏ ਕੇਸਕੀਆਂ, ਦੁਪੱਟੇ, ਚੁੰਨੀਆਂ ਤੇ
ਪੱਗਾਂ, ਪਟਕੇ, ਦਸਤਾਰਾਂ ਦੇ ਦੇਸ ਦੀ ਗੱਲ।

ਇਕੋ ਇਕ ਹੀ ਸੂਬਾ ਸੰਸਾਰ ਅੰਦਰ
ਜੀਹਨੂੰ ਘਰ ਸਿੱਖੀ ਦਾ ਸੋਚੀਏ ਜੀ।
ਦੀਂਹਦੀ ਇਥੋਂ ਵੀ ਸਿੱਖੀ ਅਲੋਪ ਹੁੰਦੀ
ਅਸੀਂ ਪਰਦੇਸਾਂ ਵਿਚ ਫੈਲਦੀ ਲੋਚੀਏ ਜੀ।

ਜਿਹਨਾਂ ਲੋਕਾਂ ਦੇ ਸਿਰਾਂ ਨੂੰ ਕੱਜਣੇ ਲਈ
ਗੁਰੂਆਂ, ਸਿੱਖਾਂ ਨੇ ਸੀਸ ਕੁਰਬਾਨ ਕੀਤੇ।
ਅਹਿਸਾਨ ਫਰਾਮੋਸ਼ਾਂ ਨੇ ਭੁਲਾ ਸਭ ਕੁਝ
ਰੋਮ ਆਪਣੇ ਅੱਜ ਕਤਲਿਆਮ ਕੀਤੇ।

ਇਹਨਾਂ ਕੇਸਾਂ ਦੀ ਰੱਖਿਆ ਕਰਨ ਖਾਤਿਰ
ਆਰੇ ਸਿਰਾਂ ਤੇ ਲਏ ਚੁਲਵਾ ਕਈਆਂ।
ਉਹਨਾਂ ਸਿੰਘਾਂ ਸ਼ਹੀਦਾਂ ਵਲ ਪਿੱਠ ਕਰਕੇ
ਦਿੱਤੇ ਕੇਸਾਂ ਤੇ ਆਰੇ ਫਰਵਾ ਕਈਆਂ।

ਪੱਗ ਸਾਡੀ ਨੂੰ ਝੁਕਣੋਂ ਬਚਾਉਣ ਖਾਤਿਰ
ਸੇਵਾ ਕੌਮ ਦੀ ਕਈਆਂ ਨਿਸ਼ਕਾਮ ਕੀਤੀ।
ਤਾਰ ਸਿੰਘ ਨੇ ਕੇਸ ਲੁਹਾਣ ਬਦਲੇ
ਲਹਾਉਣੀ ਖੋਪੜੀ ਸੀ ਪਰਵਾਨ ਕੀਤੀ।

ਸਾਡੇ ਸਿਰਾਂ ਦੇ ਕੇਸ ਬਚਾਉਣ ਖਾਤਿਰ
ਮਾਸੂਮਾਂ ਨੀਹਾਂ ਵਿਚ ਆਪਾ ਸੀ ਵਾਰ ਦਿੱਤਾ।
ਐਪਰ ਅਸੀਂ ਬੇਸ਼ਰਮਾਂ ਬਹਾਨੇ ਘੜ ਕੇ
ਜ਼ੋਰਾਵਰ ਤੇ ਫਤਿਹ ਵਿਸਾਰ ਦਿਤਾ।

ਇਹ ਸਿੱਖੀ ਸਰਦਾਰੀ ਦੀ ਲਾਜ ਖਾਤਿਰ
ਬੰਦ ਬੰਦ ਸੀ ਕਿਸੇ ਕਟਾਏ ਬਹਿ ਕੇ।
ਆਵੇ ਸ਼ਰਮ ਜਦ ਬਿਊਟੀ ਪਾਰਲਰਾਂ ਵਿਚ
ਕੋਈ ਸੇਲੀਆਂ ਅੱਜ ਪੁਟਵਾਏ ਬਹਿ ਕੇ।

ਮੱਤ ਫਿਰਨ ਨੂੰ ਰਤਾ ਨਾ ਦੇਰ ਲੱਗਦੀ
ਇਹੋ ਗੱਲ ਚਿਰਾਂ ਤੋਂ ਚਲੀ ਆਈ।
ਕੰਘੇ ਕੇਸਕੀਆਂ ਰੱਖ ਕੇ ਦੂਰ ਲੋਕਾਂ
ਕੈਂਚੀ ਮੋਚਨਿਆਂ ਨਾਲ ਪ੍ਰੀਤ ਪਾਈ।

ਦਿਆ ਸਿੰਘ ਨੂੰ ਰੋਕ ਕੇ ਜੰਗ ਜਾਣੋ
ਅੱਗੇ ਪੁੱਤਰ ਦਸਮੇਸ਼ ਵਧਾ ਦਿੱਤੇ।
ਮਹਿਲ ਸਿੱਖੀ ਦਾ ਪਕਿਆਂ ਕਰਨ ਖਾਤਿਰ
ਅੱਖਾਂ ਸਾਹਵੇਂ ਸ਼ਹੀਦ ਕਰਵਾ ਦਿੱਤੇ।

ਗੱਲ ਉਲਟ ਹੈ ਅੱਜ ਦੇ ਮਾਪਿਆਂ ਦੀ
ਕਿੰਨਾ ਸਿੱਖੀ ਨੂੰ ਇਹ ਪਿਆਰ ਕਰਦੇ।
ਝੂਠੇ ਮਾਇਆ ਦੇ ਮਹਿਲ ਦੀਆਂ ਨੀਹਾਂ ਅੰਦਰ
ਕੇਸ ਬੱਚਿਆਂ ਵਾਲੇ ਉਤਾਰ ਧਰਦੇ।

ਟੋਟੇ ਬੱਚਿਆਂ ਵਾਲੇ ਕਰਵਾ ਕੇ ਤੇ
ਹਾਰ ਗਲਾਂ 'ਚ ਲਏ ਪੁਆ ਕਈਆਂ।
ਚੁੰਨੀਆਂ ਸਿਰਾਂ ਦੇਂ ਉਤੇ ਬਚਾਉਣ ਖਾਤਿਰ
ਲਏ ਨੇਜਿਆਂ ਉੱਤੇ ਟੰਗਵਾ ਕਈਆਂ।

ਸਿਦਕ ਭੁਲ ਕੇ ਉਹਨਾਂ ਮਾਤਾਵਾਂ ਵਾਲਾ
ਹਾਰ ਚੁੰਨੀਆਂ ਦੇ ਗਲੇ ਪਾਏ ਅੱਜਕੱਲ੍ਹ।
ਕਰਜ਼ਾ ਉਹਨਾਂ ਦਾ ਅਸਾਂ ਤਾਂ ਮੋੜਨਾ ਕੀ
ਜੁਲਫ਼ਾਂ ਕਟ ਕੇ ਹਾਰ ਬਣਾਏ ਅੱਜਕੱਲ੍ਹ।

ਦੇਗ਼ਾਂ ਵਿਚ ਉਬਾਲੇ ਸੀ ਕਿਸੇ ਖਾਧੇ
ਸਿੱਖੀ ਕੇਸੀਂ ਸਵਾਸੀਂ ਨਿਭਾਉਣ ਖਾਤਿਰ।
ਬੇਦਾਵਾ ਦਿੰਦੇ ਨੇ ਸਿੱਖੀ ਨੂੰ ਲੋਕ ਐਪਰ
ਵਕਾਰਾਂ ਵਾਲੇ ਉਬਾਲ ਦਿਖਾਉਣ ਖਾਤਿਰ।

ਰੂੰ ਵਿਚ ਲਿਪਟ ਕੇ ਅੱਗ ਦੇ ਨਾਲ
ਸਿੱਖੀ ਲਈ ਸੀ ਕੋਈ ਸ਼ਹੀਦ ਹੋਇਆ।
ਐਪਰ ਸਿੱਖੀ ਨੂੰ ਘੂਰ ਘੂਰ ਤਕਦਾ
ਬੰਦਾ ਫ਼ੈਸ਼ਨ ਦਾ ਅੱਜ ਮੁਰੀਦ ਹੋਇਆ।

ਗ਼ੈਰ ਪੱਗ ਨੂੰ ਹੱਥ ਨਹੀਂ ਲਾ ਸਕਦਾ
ਜੱਦੀ ਅਣਖ ਦੀ ਗੱਲ ਸੁਣਾ ਦਿੰਦੇ।
ਕੇਸ ਦਾੜ੍ਹੀਆਂ ਕੱਟਣ ਜੋ ਖੋਖਿਆਂ ਵਿਚ
ਸਿਰ ਉਹਨਾਂ ਦੇ ਅੱਗੇ ਝੁਕਾ ਦਿੰਦੇ।

ਦਾੜ੍ਹੀ ਕੇਸ ਸਿਆਣਪ ਦਾ ਚਿੰਨ੍ਹ ਹੈ ਸਨ
ਤਾਹੀਓਂ ਮੁਹਾਵਰੇ ਲੋਕਾਂ ਬਣਾ ਦਿੱਤੇ।
ਸ਼ਰਮ ਕਰਨ ਨੂੰ ਅੱਜ ਕਿੰਝ ਆਖੀਏ ਜੀ
ਇਹਨਾਂ ਮੁਹਾਵਰੇ ਢੁਕਣੋਂ ਹਟਾ ਦਿੱਤੇ।

ਦਾੜ੍ਹੀ ਮੁੱਛ ਨਿਸ਼ਾਨੀ ਮਰਦਾਨਗੀ ਦੀ
ਪਰ ਇਹ ਮਰਦ ਬਣਨ ਤੋਂ ਡਰੀ ਜਾਂਦੇ।
ਵਾਂਗ ਔਰਤਾਂ ਚਿਹਰੇ ਨੂੰ ਸਾਫ਼ ਕਰਕੇ
ਕੋਸ਼ਿਸ਼ ਹੀਜੜੇ ਬਣਨ ਦੀ ਕਰੀ ਜਾਂਦੇ।

ਸਿਰ ਮੁੰਨ ਬਲੂਰੀਆਂ ਛੱਡ ਪਿੱਛੇ
ਬੰਨਦੇ ਪੱਗ ਨੇ ਹੋਣ ਹਰਕਾਰੇ ਜਿੱਦਾਂ।
ਲੱਗੇ ਗਰਦਣ ਤੇ ਝਾਲਰ ਹੈ ਇੰਝ ਪੈਂਦੀ
ਲੜਾਕੇ ਕੁਕੜ ਨੇ ਫੰਗ ਖਲਾਰੇ ਜਿੱਦਾਂ।

ਗੋਭੀ ਵਰਗਾ ਕੇਸਾਂ ਨੂੰ ਕੱਟ ਦੇ ਕੇ
ਗਿੱਚੀ ਉਪਰੋਂ ਸ਼ਕਲ ਵਿਗਾੜੀ ਫਿਰਦੇ।
ਦੂਰੋਂ ਦੇਖਣ ਨੂੰ ਇਸ ਤਰ੍ਹਾਂ ਜਾਪਦੇ ਨੇ
ਪਾਥੀ ਸਿਰ ਤੇ ਮੂਧੀ ਜਿਵੇਂ ਮਾਰੀ ਫਿਰਦੇ।

ਪ੍ਰਭਾਵਸ਼ਾਲੀ ਜਿਹੀ ਦਿੱਖ ਬਨਾਉਣ ਖਾਤਿਰ
ਲੋਕੀਂ ਮੁੱਢ ਤੋਂ ਮੁਕਟ ਸਜਾਉਣ ਸਿਰ ਤੇ।
ਲੇਕਿਨ ਭੁੱਲ ਪਰਿਭਾਸ਼ਾ ਦਸਤਾਰ ਵਾਲੀ
ਅੱਜ ਲਪੇਟਦੇ ਮਲਮਲ ਦਾ ਥਾਨ ਸਿਰ ਤੇ।

ਯੂਰਪੀਨ ਤੇ ਪੱਛਮੀ ਤਰੱਕੀ ਤੱਕ ਕੇ
ਹੀਣਭਾਵਨਾ ਕਈਆਂ ਵਿਚ ਛਾ ਜਾਂਦੀ।
ਕੇਸ ਮੁੰਨ ਕੇ ਚਾਹੁਣ ਅੰਗਰੇਜ਼ ਬਣਨਾ
ਹਾਲਤ ਧੋਬੀ ਦੇ ਕੁੱਤੇ ਜਿਹੀ ਆ ਜਾਂਦੀ।

ਕਈ ਪ੍ਰਦੇਸ਼ਾਂ ਵਿਚ ਪਹੁੰਚ ਕੇ ਮੁੰਨ ਹੁੰਦੇ
ਏਅਰਪੋਰਟ ਤੇ ਕਈ ਕਟਾ ਦਿੰਦੇ।
ਕੇਸਾਂ ਕਾਰਣ ਕੰਮ ਨਾ ਮਿਲਣ ਵਾਲਾ
ਬਹਾਨਾ ਲਿਖ ਕੇ ਚਿੱਠੀ ਵਿਚ ਪਾ ਦਿੰਦੇ।

ਐਪਰ ਬਾਹਰ ਤਾਂ ਲੱਖਾਂ ਹੀ ਲੋਕ ਅੱਜਕੱਲ੍ਹ
ਸਾਬਤ ਸੂਰਤਾਂ ਦੇ ਨਾਲ ਰਹਿ ਰਹੇ ਨੇ।
ਦਸਤਾਰ ਵਾਲੀ ਪ੍ਰੇਸ਼ਾਨੀ ਨਹੀਂ ਕੋਈ ਅੱਜਕੱਲ੍ਹ
ਕਿਉਂਕਿ ਗੋਰੇ ਵੀ ਸਿੱਖੀ ਵਿਚ ਪੈ ਰਹੇ ਨੇ।

ਵਿਦੇਸ਼ੀ ਲੋਕ ਦਿਲਚਸਪੀ ਵਧਣ ਕਾਰਣ
ਦੇਖ ਸਿੱਖ ਨੂੰ ਜਾਨਣ ਲਈ ਆ ਜਾਂਦੇ।
ਗਿਆਨ ਵਿਹੂਣੇ ਅਕਿਰਤਘਣ ਸਿੱਖ ਜਿਹੜੇ
ਰੋਡੇ ਹੋ ਕੇ ਹੀ ਖੇਹਿੜਾ ਛੁਡਾ ਜਾਂਦੇ।

ਲੱਭੇ ਕੁਦਰਤ ਦੇ ਡੂੰਘੇ ਰਹੱਸ ਪੱਛਮ
ਤਰੱਕੀ ਬੜੀ ਪਦਾਰਥਾਂ ਵੱਲ ਕੀਤੀ।
ਲੇਕਿਨ ਮਨ ਤੇ ਪਿਆ ਨਾ ਕੋਈ ਕਾਬੂ
ਸਾਰੀ ਦੁਨੀਆਂ ਸਵਾਰਥਾਂ ਵੱਲ ਕੀਤੀ।

ਇਹ ਰਿਵਾਜ਼ ਸੀ ਕਿਤੇ ਕਬੀਲਿਆਂ ਵਿਚ
ਜਦੋਂ ਮਰਦ ਸੀ ਔਰਤ ਦਾ ਮਰ ਜਾਂਦਾ।
ਦੁੱਖ ਦੱਸਣ ਲਈ ਸਿਰ ਦੇ ਸਾਈਂ ਬਾਝੋਂ
ਮੁਨਿਆ ਸਿਰ ਸਪੱਸ਼ਟ ਸੀ ਕਰ ਜਾਂਦਾ।

ਹੌਲੀ ਹੌਲੀ ਰਿਵਾਜ ਇਹ ਬਦਲਿਆ ਸੀ
ਨੰਗਾ ਸਿਰ ਹੀ ਮੁੰਨਣ ਸਾਮਾਨ ਹੋਇਆ।
ਜਦੋਂ ਔਰਤ ਲਈ ਪਤੀ ਦੀ ਮੌਤ ਉੱਤੇ
ਨੰਗਾ ਸਿਰ ਸੀ ਰੱਖਣਾ ਆਮ ਹੋਇਆ।

ਐਪਰ ਅੱਜ ਤਾਂ ਜਾਪਦੀ ਗੱਲ ਪੁੱਠੀ
ਢਕੇ ਸਿਰ ਸੰਸਕਾਰਾਂ ਨਾਲ ਲਾ ਛੱਡੇ।
ਜਿਉਂਦੇ ਮਰਦ ਨੂੰ ਮੋਇਆ ਦਰਸਾਉਣ ਖਾਤਿਰ
ਵਾਲ ਖੋਲ੍ਹ ਕੇ ਗਲੇ ਵਿਚ ਪਾ ਛੱਡੇ।

ਜਦੋਂ ਦੇਖੀਏ ਚਾਰ ਚੁਫੇਰ ਆਪਣੇ
ਕਾਹਤੋਂ ਸਿਰਾਂ ਤੋਂ ਚੁੰਨੀਆਂ ਲਹਿ ਗਈਆਂ।
ਲੱਗਦਾ ਕੌਮ ਨੂੰ ਫ਼ਾਂਸੀ ਹੈ ਆਉਣ ਲੱਗੀ
ਖੁੱਲ ਕੇ ਗਲਾਂ ਵਿਚ ਨੇ ਪੈ ਗਈਆਂ।।

ਬਿਊਟੀ ਸੈਂਟਰ ਤਾਂ ਰੋਮਾਂ ਦੀ ਕਤਲਗਾਹ ਨੇ
ਜਿਥੇ ਜਾ ਕਈ ਅਖਾਉਤੀ ਫਬਦੀਆਂ ਨੇ।
ਹੇਅਰ ਸਟਾਇਲ ਖਰਾਬ ਨਾ ਹੋ ਜਾਵੇ
ਤਾਹਿਓਂ ਕੇਸਾਂ ਨੂੰ ਨੰਗੇ ਇਹ ਰੱਖਦੀਆਂ ਨੇ।

ਸੁਹਣੇ ਗੁਣਾਂ ਦੀ ਖੁਸ਼ਬੋ ਤਾਂ ਆਂਵਦੀ ਨਹੀਂ
ਵਾਲਾਂ ਵਿਚ ਸੁਗੰਧੀਆਂ ਪਾਉਂਦੀਆਂ ਨੇ।
ਦਿਖਾਵੇ ਵਾਲਾ ਜੋ ਸਿਰ 'ਚ ਸਮਾਨ ਟੰਗਿਆ
ਤਾਹੀਓਂ ਚੁੰਨੀ ਨੂੰ ਸਿਰੋਂ ਸਰਕਾਉਂਦੀਆਂ ਨੇ।

ਸਾਰੇ ਜੱਗ ਤੋਂ ਅੱਜ ਮਨੁੱਖ ਸੋਹਣਾ
ਸਾਬਤ ਸੂਰਤ ਤੋਂ ਬਿਨਾਂ ਨਾ ਹੋਰ ਇਥੇ।
ਬਾਹਰੋਂ ਤੂਮੜੀ ਧੋਣ ਦਾ ਕੀ ਫਾਇਦਾ
ਅੰਦਰ ਭਰੀ ਏ ਵਿਸ ਨਕੋਰ ਇਥੇ।

ਜਿਵੇਂ ਸਿੰਘ ਦੀ ਦੁਨੀਆਦਾਰੀ ਵਿਚੋਂ
ਕੇਸਾਂ ਪੱਗਾਂ ਦੇ ਨਾਲ ਪਹਿਚਾਣ ਹੁੰਦੀ।
ਬਿਨਾਂ ਸ਼ੱਕ ਤੋਂ ਤਿਵੇਂ ਹੀ ਸਿੰਘਣੀ ਲਈ
ਸਿਰ ਤੇ ਕੇਸਕੀ ਜਿਹੀ ਨਾ ਸ਼ਾਨ ਹੁੰਦੀ।

ਮਿੱਟੀ ਘੱਟੇ ਤੋਂ ਸਦਾ ਹੀ ਸਿਰ ਬਚਦਾ
ਢਕੇ ਸਿਰ ਹਮੇਸ਼ਾਂ ਹੀ ਲਿਸ਼ਕਦੇ ਨੇ।
ਕਰੀਏ ਗੱਲ ਦੁਨਿਆਵੀ ਵਿਕਾਰਾਂ ਦੀ ਜੇ
ਉਹ ਵੀ ਸਿਰਾਂ ਤੋਂ ਪੈਣ ਤੋਂ ਝਿਜਕਦੇ ਨੇ।

ਸਿੱਖੀ ਸਮਝਣੀ ਜਿਨ੍ਹਾਂ ਲਈ ਕੰਮ ਔਖਾ
ਨਾਲ ਈਰਖਾ ਬੋਲੀ ਸੁਣਾਂਵਦੇ ਨੇ।
'ਜਾਪੇ ਜਿਸ ਤਰ੍ਹਾਂ ਕੋਈ ਮਕਾਣ ਚੱਲੀ
ਸਿਰ ਢਕੀ ਕਿਉਂ ਬੀਬੀ ਜੀ ਜਾਂਵਦੇ ਨੇਂ'।

ਮੈਨੂੰ ਜਾਪਦਾ ਉਹ ਨੇ ਸੱਚ ਕਹਿੰਦੇ
ਬਸ ਰਹਿੰਦਾ ਸਿਆਪਾ ਏ ਹੋਣ ਵਾਲਾ।
ਅੱਜ ਸਾਡਾ ਜ਼ਮੀਰ ਇਖਲਾਕ ਮੋਇਆ
ਕੋਈ ਤਾਂ ਚਾਹੀਦਾ ਏਸ ਨੂੰ ਰੋਣ ਵਾਲਾ।

ਸਿਰ ਢੱਕ ਕੇ ਬੀਬੀ ਜੇ ਕੋਈ ਲੰਘਦੀ
ਵਿਅੰਗ ਹੋਰ ਦਾ ਹੋਰ ਸੁਣਾ ਰਹੇ ਨੇ।
ਕਈ ਆਖਦੇ 'ਸਤਿਨਾਮ ਵਾਖਰੂ ਜੀ,
ਪਾਸੇ ਹਟ ਜੋ ਬਾਬਾ ਜੀ ਜਾ ਰਹੇ ਨੇਂ'।

ਜਿਹੜੇ ਮੁਕਰਦੇ ਬਾਪ ਨੂੰ ਬਾਪ ਕਹਿਣੋਂ
ਸਦਾ ਬੋਲਣਗੇ ਕੂੜ ਖਤਾ ਮੁਖੋਂ।
ਧੰਨ ਭਾਗ ਨੇ ਉਹਨਾਂ ਬੀਬੀਆਂ ਦੇ
ਚੰਗੇ ਸ਼ਬਦ ਜੋ ਲੈਣ ਕਢਾ ਮੁਖੋਂ।

ਨਹੀਂ ਸਰਪੰਚ ਦਾ ਪੁੱਤ ਸਰਪੰਚ ਹੁੰਦਾ
ਭਾਵੇਂ ਆਖ ਕੇ ਲੋਕੀਂ ਸਤਿਕਾਰੀ ਜਾਂਦੇ।
ਉਵੇਂ ਸਿੱਖੀ ਨਾ ਅਮਲ ਦੇ ਬਾਝ ਹੁੰਦੀ
ਲੋਕੀਂ ਵਿਰਸੇ 'ਚੋਂ ਭਾਲੀ ਸਰਦਾਰੀ ਜਾਂਦੇ।

ਸਹਿਜਭਾਵ ਹੀ ਜਿੱਦਾਂ ਨੇ ਹੱਥ ਉਠਦੇ
ਉਠ ਕੇ ਕਪੜਿਆਂ 'ਚੋਂ ਬਲ ਕੱਢਣੇ ਲਈ।
ਤਿਵੇਂ ਬਣਾਓ ਸੰਵੇਦਨਾ ਆਪਣੀ ਨੂੰ
ਹੱਥ ਉਠਣ ਨੰਗੇ ਸਿਰ ਕੱਜਣੇ ਲਈ।

ਦੋਏ ਵੇਲੇ ਜੋ ਅਸੀਂ ਅਰਦਾਸ ਕਰਦੇ
ਅਰਥ ਉਸਦੇ ਸਮਝ ਸਮਝਾ ਲਈਏ।
ਕੇਸਾਂ ਸਵਾਸਾਂ ਸੰਗ ਸਿੱਖੀ ਦੇ ਨਿਭਣ ਵਾਲੇ
ਕੀਤੇ ਪ੍ਰਣ ਨੂੰ ਤੋੜ ਨਿਭਾ ਲਈਏ।

ਢਕੇ ਸਿਰਾਂ ਨੂੰ ਦੇਖ ਹੈਰਾਨ ਹੁੰਦੇ
ਜਾਂ ਫਿਰ ਦੇਖ ਦੇ ਅੱਜ ਜੋ ਨਫ਼ਰਤ ਦੇ ਨਾਲ।
ਨੰਗੇ ਸਿਰਾਂ ਵਾਲੇ ਨੰਗੇ ਲੋਕ ਇਕ ਦਿਨ
ਆਪੇ ਦੇਖਣਗੇ ਅਦਬ ਤੇ ਹਸਰਤ ਦੇ ਨਾਲ।

◆◆◆◆◆

# ਅਗਾਂਹ-ਵਧੂ ਲੇਖਕ

ਮੇਰੇ ਦੋਸਤੋ, ਸਰੋਤਿਓ, ਪਾਠਕੋ ਓਏ
ਵਿਸ਼ਵਾਸ ਕਰੋ, ਮੈਂ ਵਾਸਤੇ ਪਾਵਾਂ ਸਭ ਨੂੰ।
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਸੰਬੋਧਨ ਕਰਾਂ ਮੈਂ ਦੋਸਤ ਕਹਿ ਸਾਰਿਆਂ ਨੂੰ
ਵੀਰ, ਭੈਣ ਤਾਂ ਮੇਰੀ ਜ਼ੁਬਾਨ ਤੇ ਨਹੀਂ।
'ਦੋਸਤ' ਸ਼ਬਦ ਵਿਚ ਘੁੰਮਣ ਦੀ ਹਰ ਪਾਸੇ
ਗੁੰਜਾਇਸ਼ ਹੁੰਦੀ ਏ ਐਵੇਂ ਬਦਨਾਮ ਤੇ ਨਹੀਂ।
ਅਗਾਂਹ ਵਧਣ ਦੀ ਨਿਸ਼ਾਨੀ ਗੁੰਜਾਇਸ਼ ਏਹੀ
ਸਪੱਸ਼ਟ ਗੱਲ ਹੈ ਨਾ ਭਰਮਾਵਾਂ ਸਭ ਨੂੰ।
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫਤਾਂ ਸੁਣਾਵਾਂ ਸਭ ਨੂੰ।

ਲਾਹ ਦਿੱਤਾ ਮੈਂ ਨਾਮ ਦਾ ਅੱਧਾ ਹਿੱਸਾ
ਮੇਰੇ ਵਿਰਸੇ ਦੀ ਜਿਹੜੀ ਪਛਾਣ ਹੈ ਸੀ
ਜ਼ਰੂਰੀ ਬੜਾ ਸੀ ਵਿਰਸਾ ਭੁਲਾਉਣਾ ਕਿਉਂਕਿ
ਅੱਗੇ ਵਧਣ ਤੋਂ ਬਣਿਆ ਲਗਾਮ ਹੈ ਸੀ।
ਐਵੇਂ ਸੱਚ ਦੀ ਦਿੰਦਾ ਦੁਹਾਈ ਵਿਰਸਾ
ਵਿਸ਼ੇ ਵਿਕਾਰਾਂ ਨਾਲ ਮੈਂ ਤਾਂ ਪਰਚਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਸੂਚਕ ਵਿਰਸੇ ਦਾ ਤੋੜ ਕੇ ਨਾਮ ਨਾਲੋਂ
ਜਾਤ ਗੋਤ ਨੂੰ ਨਾਲ ਲਗਾ ਲਿਆ ਏ
ਮੇਰੇ ਵਿਚਾਰਾਂ ਦੇ ਭਾਵੇਂ ਅਨੁਕੂਲ ਹੈ ਨਹੀਂ
ਅਵਾਰਾ ਜਿਹਾ ਤਖੱਲਸ ਸਜਾ ਲਿਆ ਏ।
ਅਗਾਂਹ-ਵਧੂ ਦੀ ਅੱਜ ਕੱਲ੍ਹ ਮੋਹਰ ਏਹੋ
ਅਧੂਰੇ ਨਾਮੋਂ ਅਹਿਸਾਸ ਕਰਵਾਵਾਂ ਸਭ ਨੂੰ
ਅਗਾਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਵਿਰੋਧੀ ਉਪਰੋਂ ਸਮਾਜਿਕ ਬੁਰਾਈਆਂ ਦਾ ਮੈਂ
ਐਪਰ ਦਿਲੋਂ ਵਧਾਉਣੀਆਂ ਹੋਰ ਚਾਹਾਂ
ਆਉਣ ਕੰਮ ਜੋ ਸਮਾਜ ਸੁਧਾਰਨੇ ਲਈ
ਲਿਖਤਾਂ ਉਹੋ ਘਟਾਉਣੀਆਂ ਹੋਰ ਚਾਹਾਂ।
ਕੀ ਲੈਣਾ ਸਮਾਜ ਨੂੰ ਸਾਫ਼ ਕਰਕੇ
ਕੁਕਰਮਾਂ ਕੁਰੀਤੀਆਂ ਖਿਲਾਫ ਕਿਉਂ ਲਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਐਡੀ ਵੱਡੀ ਮਨੁੱਖਾ ਇਸ ਜ਼ਿੰਦਗੀ 'ਚੋਂ
ਚੰਗੇ ਲਗਦੇ ਮੈਨੂੰ ਨੇ ਪਲ ਓਹੀ
ਆਪ ਮੁਹਾਰਾ ਹੋ ਜਦੋਂ ਮਨੁੱਖ ਤੁਰਦਾ
ਹਮਉਮਰ ਦੇ ਜਦੋਂ ਵੀ ਵੱਲ ਕੋਈ।
ਆਪ ਹੁਦਰੇ ਵਿਆਹ ਦੀ ਚਾਹ ਦੇ ਨਾਲ
ਜਨਮ ਸਿੱਧ ਅਧਿਕਾਰ ਸਮਝਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਡਾਵਾਂਡੋਲ ਸਾਥੀ ਲੱਭ ਪੈਣ ਜੇਕਰ
ਭਾਵੇਂ ਗਿਰੇ ਮਿਆਰਾਂ ਦੇ ਉਹ ਹੋਵਣ
ਝੰਡੀ ਹੋਣੀ ਮੇਰੀ ਉਹਨਾਂ ਸਾਥੀਆਂ ਵਿਚ
ਮੇਰੇ ਵਰਗੇ ਵਿਚਾਰਾਂ ਦੇ ਜੋ ਹੋਵਣ।
ਸਾਰਾ ਜੀਵਨ ਮਨੁੱਖ ਦਾ ਰੱਖ ਪਾਸੇ
ਉਹਨਾਂ ਪਲਾਂ ਦਾ ਸ਼ਾਇਰ ਬਣਾਵਾਂ ਸਭ ਨੂੰ।
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਨਵੇਂ ਲੇਖਕਾਂ ਨੂੰ ਸਦਾ ਪ੍ਰੇਰਦਾ ਮੈਂ
ਏਸੇ ਰਸਤੇ ਦੇ ਪਾਂਧੀ ਬਣ ਜਾਓ ਸਾਰੇ
ਚਾਲ ਮੋਰਨੀ ਨਾਲ, ਗੁਤ ਸੱਪਣੀ ਨਾਲ,
ਜ਼ੁਲਫ਼ਾਂ ਘਟਾਵਾਂ ਦੇ ਨਾਲ ਵਡਿਆਓ ਸਾਰੇ।
ਦੁਹਾਈ ਜੋਬਨ ਤੇ ਨਕਸ਼ਾਂ ਦੀ ਦੇ ਉੱਚੀ
ਵਿਸ਼ੇ ਵਿਕਾਰਾਂ ਦੇ ਵੱਲ ਭੜਕਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਫੇਲ੍ਹ ਮਨੋਰਥ ਤੋਂ ਜੇਕਰ ਮੈਂ ਹੋ ਜਾਵਾਂ
ਪਾਣੀ ਫਿਰ ਜਾਏ ਉਮੀਦਾਂ ਮੇਰੀਆਂ ਤੇ
ਬੇਵਫਾਈ ਮੈਨੂੰ ਉਦੋਂ ਯਾਦ ਆਉਂਦੀ
ਆਹਾਂ ਧਾਹਾਂ ਨਿਕਲਣ ਢਹੀਆਂ ਢੇਰੀਆਂ ਤੇ।
ਕਸੂਰਵਾਰ ਠਹਿਰਾਅ ਕੇ ਉਸੇ ਨੂੰ ਹੀ
ਦਰਦਮੰਦਾਂ ਦਾ ਹਾਲ ਬਤਲਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਹਉਕੇ ਹਾਵੇ ਫਿਰ ਉਠਦੇ ਬਹੁਤ ਵੱਡੇ
ਗ਼ਮਾਂ ਮੇਰਿਆਂ ਆਪੇ ਸਹੇੜਿਆਂ 'ਚੋਂ
ਨਸ਼ਿਆਂ ਨਾਲ ਭੁਲਾਉਣਾ ਮੈਂ ਫੇਰ ਚਾਹਾਂ
ਆਪਣੇ ਆਪ ਨੂੰ ਸਮਾਜਿਕ ਥਪੇੜਿਆਂ ਤੋਂ।
ਅਖਵਾਕੇ ਬਿਰਹੋਂ ਦਾ ਰਾਜਕੁਮਾਰ ਫਿਰ ਮੈਂ
ਬਣਿਆ ਸਮੇਂ ਦਾ ਹਾਣੀ ਦਿਖਲਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਗਿੱਧੇ ਭੰਗੜਿਆਂ ਵਿਚ ਸਦਾ ਰਹਿਣ ਭਾਰੂ
ਦੋ ਅਰਥੀ ਜੋ ਲਿਖੀਆਂ ਮੈਂ ਬੋਲੀਆਂ ਨੇ
ਪਹਿਲਾ ਅਰਥ ਤਾਂ ਅੱਖਾਂ ਹੀ ਪੂੰਝਦਾ ਏ
ਦੂਜੇ ਅਰਥ ਜਵਾਨੀਆਂ ਰੋਲੀਆਂ ਨੇ।
ਬਚਦੇ ਅਰਥ ਅਦਾਵਾਂ ਨਾਲ ਪੇਸ਼ ਕਰਕੇ
ਨੀਤੀ ਦੋਗਲੀ ਨਾਲ ਉਕਸਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਪਰਿਵਾਰਿਕ ਰਿਸ਼ਤੇ ਮੈਂ ਗੰਧਲੇ ਤਾਂ ਕਰ ਦਿੱਤੇ
ਮੌਕਾ ਮਿਲਣ ਤੇ ਅੱਗੇ ਮੈਂ ਹੋਰ ਵਧਦਾ
ਸਾਫ਼ ਸੁਥਰੇ ਸਮਾਜਿਕ ਜੋ ਚਾਹੁਣ ਰਿਸ਼ਤੇ
ਅਜਿਹੇ ਲੇਖਕਾਂ ਕੋਲੋਂ ਮੈਂ ਦੂਰ ਭੱਜਦਾ।
ਪ੍ਰਸੰਸਾ ਕਰਨ ਅਸੱਭਿਅਕ ਜੋ ਰਿਸ਼ਤਿਆਂ ਦੀ
ਗੀਤ ਲਿਖਾਂ ਤੇ ਅਗੋ ਲਿਖਵਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਲਿਖਾਂ ਉਹ ਕੁਝ ਕਿ ਪੜ੍ਹਦੇ ਸਾਰ ਜਿਸ ਨੂੰ
ਸਾਰੇ ਬਾਗੀ ਸਮਾਜ 'ਚੋਂ ਹੋ ਜਾਵਣ
ਬਣ ਕੇ ਹੀਰਾਂ, ਰਾਂਝੇ, ਯੂਸਫ, ਸਾਹਿਬਾਂ, ਮਿਰਜ਼ੇ
ਇਸ਼ਕ ਮੁਸ਼ਕ ਵਿਚ ਆਪ ਹੀ ਖੋ ਜਾਵਣ।
ਇੰਝ ਮਿੱਟੀ ਦੇ ਚੱਕਰ ਵਿਚ ਪਾ ਕੇ ਤੇ
ਹਕੀਕੀ ਚੱਕਰ ਤੋਂ ਦੂਰ ਹਟਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਲਿਖਤਾਂ ਮੇਰੀਆਂ ਅਕਸਰ ਹੀ ਛਪਦੀਆਂ ਨੇ
ਅਗਾਂਹ-ਵਧੂ ਅਖਵਾਰਾਂ 'ਚ ਆਮ ਕਰਕੇ
ਟੀ.ਵੀ. ਰੇਡੀਓ ਉਪਰ ਵੀ ਮੈਂ ਜਾਂਦਾ
ਅਗਾਂਹ-ਵਧੂਆਂ ਨਾਲ ਮੇਰੀ ਪਹਿਚਾਨ ਕਰਕੇ।
ਸਾਹਿਤ ਮੁਕਾਬਲਿਆਂ ਵਿਚ ਮੈਂ ਜੱਜ ਬਣ ਕੇ
ਆਪਣੀ ਸੋਚ ਦੇ ਮੈਡਲ ਪਹਿਨਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫਤਾਂ ਸੁਣਾਵਾਂ ਸਭ ਨੂੰ।

ਹਲਕੇ ਫੁਲਕੇ ਪੁਰਾਣੇ ਪਰਿਵਾਰਿਕ ਗਾਣੇ
ਸੱਭਿਅਕ ਲੋਕਾਂ ਨੂੰ ਕਾਸਤੋਂ ਭਾਂਵਦੇ ਸਨ ?
ਗੀਤ ਐਪਰ ਮੈਂ ਉਥੋਂ ਹਾਂ ਸ਼ੁਰੂ ਕਰਦਾ
ਜਿਥੇ ਲੋਕ ਪੁਰਾਣੇ ਮੁਕਾਂਵਦੇ ਸਨ।
ਕਿਉਂਕਿ ਕੰਮ ਤਾਂ ਮੇਰਾ ਹੈ ਅਗੇ ਵਧਣਾ
ਆਪ ਵਧਾਂ ਤੇ ਨਾਲੇ ਵਧਵਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਬੜੇ ਚੰਗੇ ਮੈਨੂੰ ਉਹੋ ਲੋਗ ਜਾਪਣ
ਮੇਰੀ ਕਲਮ ਦਾ ਪੁਛਣ ਜੋ ਹਾਲ ਮੈਨੂੰ
ਮੇਰੇ ਮੂੰਹ ਤੇ ਸਦਾ ਵਾਹ ਵਾਹ ਕਰਦੇ
ਭਾਵੇਂ ਪਿੱਠ ਪਿੱਛੇ ਕਢਦੇ ਗਾਲ ਮੈਨੂੰ।
ਨਵੇਂ ਲੇਖਕ ਦੀ ਆਮਦ ਨਾ ਮੈਨੂੰ ਭਾਵੇ
ਹੀਣ-ਭਾਵਨਾ ਜਗਾ ਭਜਾਵਾਂ ਉਸ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਕੇਵਲ ਉਹੀ ਨੇ ਸ਼ਾਇਰ ਪਸੰਦ ਮੈਨੂੰ
ਸ਼ੇਅਰ ਭਾਲਣ ਜੋ ਸਦਾ ਮੈਖਾਨੇ ਵਿਚੋਂ
ਸਿਗਰਟਾਂ ਦੇ ਛੱਡੇ ਹੋਏ ਧੂੰਏਂ ਵਿਚੋਂ
ਜਾਂ ਫਿਰ ਨਸ਼ੇ ਦੇ ਕਿਸੇ ਬਹਾਨੇ ਵਿਚੋਂ।
ਭੁਲਾ ਕੇ ਫਰਜ਼ ਤੇ ਹੱਕ ਮਨੁੱਖ ਵਾਲੇ
ਲਿਖ ਕੇ ਲੋਰੀਆਂ ਮੈਂ ਤਾਂ ਸੁਲਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਇਕੱਠੇ ਬੈਠ ਪਰਿਵਾਰ ਨਹੀਂ ਸੁਣ ਸਕਦਾ
ਫ਼ਿਲਮੀ, ਗੈਰਫ਼ਿਲਮੀ ਜੋ ਮੈਂ ਗੀਤ ਲਿਖਦਾ
ਗੁਰੂਆਂ, ਭਗਤਾਂ ਤੋਂ ਜਗਤ ਨੂੰ ਦੂਰ ਕਰਕੇ
ਕਲਾਕਾਰਾਂ ਨਾਲ ਪਾਉਣ ਲਈ ਪ੍ਰੀਤ ਲਿਖਦਾ।
ਫ਼ਿਲਮੀ ਖ਼ਬਰਾਂ, ਰੀਵਿਊ ਤੇ ਕੁਇਜ਼ ਘੜ ਕੇ
ਚਮਕ-ਦਮਕ ਦਾ ਚੋਗਾ ਫਿਰ ਪਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਇਨਕਲਾਬ ਦੀ ਮੇਰੀ ਤਾਂ ਗੱਲ ਕੇਵਲ
ਰਾਜ ਪਲਟੇ ਤੇ ਕੁਰਸੀ ਦੀ ਤਾਂਘ ਦੇ ਨਾਲ
ਸੋਹਣੀ ਜ਼ਿੰਦਗੀ ਐਪਰ ਹੈ ਸ਼ੁਰੂ ਹੋਣੀ
ਉੱਠੀ ਨੈਤਿਕ ਇੰਕਲਾਬ ਦੀ ਬਾਂਗ ਦੇ ਨਾਲ।
ਹੱਕ, ਸੱਚ, ਇਨਸਾਫ਼ ਤੇ ਸਭ ਨੈਤਿਕ
ਕਦਰਾਂ ਕੀਮਤਾਂ ਕੋਲੋਂ ਟਰਕਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਮੇਰੇ ਦੋਸਤਾਂ ਅੱਜ ਵਿਦਵਾਨ ਬਣ ਕੇ
ਵਿੱਦਿਅਕ ਖੇਤਰ ਵਿਚ ਮੱਲਾਂ ਨੇ ਮਾਰ ਲਈਆਂ
ਸਾਹਿਤ ਵਾਸਤੇ ਬਣਾ ਕੇ ਜਥੇਬੰਦੀਆਂ
ਮੁੱਖ ਪੁਜੀਸ਼ਨਾਂ, ਚੇਅਰਾਂ ਸੰਭਾਲ ਲਈਆਂ।
ਗੱਲ ਕਰਨ ਜੋ ਗੁਰਮਤਿ ਤੇ ਗੁਰਮੁਖੀ ਦੀ
ਨਾਲ ਚਾਲ ਦੇ ਅੱਜ ਨਚਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਹਮਲੇ ਜਦੋਂ ਅਬਦਾਲੀ ਨੇ ਆਣ ਕੀਤੇ
ਵਾਰਿਸ਼ ਸ਼ਾਹ ਲਿਖ ਦਿੱਤੀ ਸੀ ਹੀਰ ਸਾਨੂੰ
ਇੱਜ਼ਤ ਸਾਡੀ ਸੀ ਰਹੀ ਨਿਲਾਮ ਹੁੰਦੀ
ਆਸ਼ਕ ਬਣਾਇਆ ਉਸ ਭੁਲਾ ਸ਼ਮਸ਼ੀਰ ਸਾਨੂੰ।
ਉਸੇ ਰਾਹ ਤੇ ਅੱਜ ਮੈਂ ਚਲ ਕੇ ਤੇ
ਅਣਖ ਗ਼ੈਰਤ ਦੀ ਗੱਲ ਭੁਲਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਕਿਸੇ ਅਣਖੀ ਸਿਰਲੱਥ ਸੂਰਮੇ ਦੀ
ਵਾਰਿਸ ਸ਼ਾਹ ਜੇ ਲਿਖੀ ਕੋਈ ਵਾਰ ਹੁੰਦੀ
ਜੰਤਾ ਉਹੀ ਵੀਰ ਰਸ ਵਿਚ ਆ ਕੇ
ਅਣਖ ਖਾਤਿਰ ਲੜ ਮਰਨ ਲਈ ਤਿਆਰ ਹੁੰਦੀ।
ਤਾਹੀਓਂ ਮੈਂ ਅੱਜ 'ਨੀਰੋ' ਦੀ ਬੰਸਰੀ ਨੂੰ
ਸੁਰ ਕਰਕੇ ਹੱਥ ਫੜਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਮੇਰੀ ਇੱਛਾ ਮੈਂ ਗਾਇਕਾਂ ਲਿਖਾਰੀਆਂ ਦੇ
ਜਾਂਦਾ ਰਹਾਂ ਮਨਾਏ ਉਹਨਾਂ ਮੇਲਿਆਂ ਤੇ
ਸਾਰੇ ਜੱਗ ਨੂੰ ਆਸ਼ਕ ਬਨਾਉਣ ਵਾਲਾ
ਠੇਕਾ ਲਿਆ ਜਿਹਨਾਂ ਬਾਝੋਂ ਧੇਲਿਆਂ ਦੇ,
ਸਮਾਂ, ਸਥਾਨ, ਸਥਿਤੀ ਤੋਂ ਤਾਂਹ ਉੱਠ ਕੇ
ਲਿਖਣ ਲਈ ਨਾ ਕਦੇ ਦਰਸਾਵਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

ਧਰਮ-ਕਰਮ ਦੀ ਜੇਕਰ ਕੋਈ ਗੱਲ ਕਰਦਾ
ਪਿਛਾਂਹ-ਖਿੱਚੂ ਦਾ ਲੇਬਲ ਲਗਾ ਦੇਵਾਂ
ਸਮਾਜ ਸੁਧਾਰਕ ਉਸਾਰੂ ਲਿਖਾਰੀ ਜਿਹੜੇ
ਢਾਹੂ ਲੇਖਕਾਂ ਨਾਲੋਂ ਛੁਟਿਆ ਦੇਵਾਂ।
ਪ੍ਰਗਤੀਵਾਦੀ ਤਾਂ ਫੇਰ ਵੀ ਮੈਂ ਰਹਿਣਾ
ਭਾਵੇਂ ਕਲਮ ਦੇ ਨਾਲ ਮੈਂ ਢਾਹਾਂ ਸਭ ਨੂੰ
ਅਗਾਂਹ-ਵਧੂ ਮੈਂ ਲੇਖਕ ਹਾਂ ਬਹੁਤ ਵੱਡਾ
ਆਪਣੇ ਮੂੰਹੋਂ ਕੀ ਸਿਫ਼ਤਾਂ ਸੁਣਾਵਾਂ ਸਭ ਨੂੰ।

# ਹੈਪੀ ਮਦਰਜ਼ ਡੇ

ਜਦ ਤੋਂ ਯੋਰਪ ਤੇ ਪੱਛਮ ਵਿਚ ਰਹਿਣ ਲੱਗੇ
ਸਿੱਖੇ ਬੜੇ ਨੇ ਨਵੇਂ ਅੰਦਾਜ਼ ਨੀ ਮਾਂ।
ਆਪਣਾ ਵਿਰਸਾ ਲਿਤਾੜ ਕੇ ਪੈਰਾਂ ਥੱਲੇ
ਧਾਰੇ ਗ਼ੈਰਾਂ ਦੇ ਰੀਤੀ ਰਿਵਾਜ਼ ਨੀ ਮਾਂ।
ਏਸੇ ਲੜੀ ਵਿਚ ਅੱਜ ਜੋ ਦਿਨ ਆਇਆ
ਚਾਹੀਏ ਮਾਰਨੀ ਤੈਨੂੰ ਆਵਾਜ਼ ਨੀ ਮਾਂ।
'ਮਦਰਜ਼ ਡੇ' ਤੇ ਤੈਨੂੰ ਖ਼ੁਸ਼ ਕਰਨ ਖਾਤਿਰ
ਤੋਹਫਾ ਦੇਣਾ ਹੀ ਸਾਡਾ ਅੱਜ ਕਾਜ਼ ਨੀ ਮਾਂ।

ਲੀਰੋ ਲੀਰ ਅੱਜ ਜਿਗਰ ਤਾਂ ਹੋਇਆ ਸਾਡਾ
ਭਾਵੇਂ ਕੋਈ ਨਾ ਤਨ ਤੇ ਖਰਾਚ ਨੀ ਮਾਂ।
ਹਾਲਤ ਧੋਬੀ ਦੇ ਕੁੱਤੇ ਦੇ ਵਾਂਗ ਸਾਡੀ
ਐਪਰ ਕਰੀਏ ਬੇਸ਼ਰਮੀ ਦਾ ਨਾਚ ਨੀ ਮਾਂ।
ਤੋਹਫ਼ਾ ਤੇਰਾ ਹੁਣ ਕਿੰਝ ਪੁਚਾਈਏ ਤੈਨੂੰ
ਬੜਾ ਸੋਚਿਆ ਆਵੇ ਨਾ ਜਾਚ ਨੀ ਮਾਂ।
ਆਪੋ ਧਾਪੀ ਤੇ ਹਵਸੀ ਝਮੇਲਿਆਂ ਵਿਚ
ਤੇਰਾ ਪਤਾ ਹੀ ਗਿਆ ਗਵਾਚ ਨੀ ਮਾਂ।

ਇਹ ਤੂੰ ਜਾਣਦੀ ਉਦੋਂ ਉਹ ਰੋਂਵਦਾ ਏ
ਭੁੱਖਾ ਹੁੰਦਾ ਜਦ ਕੋਈ ਇਨਸਾਨ ਨੀ ਮਾਂ।
ਐਪਰ ਅਸੀਂ ਤਾਂ ਰੱਜੇ ਹੀ ਰੋਈ ਜਾਈਏ
ਵਧਦੀ ਹਵਸ ਦਾ ਹੈ ਨੀ ਮੁਕਾਮ ਨੀ ਮਾਂ।
ਦਿਨੋ ਦਿਨ ਇਹ ਹੋਰ ਹੀ ਵਧੀ ਜਾਂਦੇ
ਕਰੋਧ, ਲੋਭ, ਹੰਕਾਰ, ਮੋਹ, ਕਾਮ ਨੀ ਮਾਂ।
ਐਸ਼ੋ-ਇਸ਼ਰਤ ਅਯਾਸ਼ੀ ਵੀ ਵਧੀ ਜਾਵੇ
ਨਿਤ ਇਖਲਾਕ ਦੇ ਗਿਰ ਰਹੇ ਦੌਮ ਨੀ ਮਾਂ।

ਦਸ ਮਾਂ ਮੈਂ ਕੀ ਕੀ ਲੁਕਾਵਾਂ ਤੈਥੋਂ
ਹੁੰਦਾ ਕੁਝ ਨਾ ਮਾਂ ਤੋਂ ਲੁਕਾ ਨੀ ਮਾਂ।
ਅਸੀਂ ਆਏ ਸਾਂ ਛੱਡ ਕੇ ਦੇਸ ਆਪਣਾ
ਧਨ ਸੰਪਦਾ ਦੀ ਰਖ ਚਾਹ ਨੀ ਮਾਂ।
ਕੁਝ ਹਾਲਤਾਂ ਤੇ ਕਿਸਮਤ ਮਜ਼ਬੂਰ ਕੀਤੇ
ਭੇੜਚਾਲਾਂ ਦਿਖਾਵੇ ਵਿਚ ਆ ਨੀ ਮਾਂ।
ਬਾਕੀ ਏਜੰਟਾਂ ਨੇ ਕਈਆਂ ਨੂੰ ਘੱਲ ਦਿੱਤਾ
ਉੱਨਤ ਜੀਵਨ ਦੇ ਸੁਪਨੇ ਦਿਖਾ ਨੀ ਮਾਂ।

ਦਿਨ ਰਾਤ ਲਾ ਬੜਾ ਸੀ ਕੰਮ ਕੀਤਾ
ਕਸਰਾਂ ਸਾਰੀਆਂ ਦਿੱਤੀਆਂ ਕੱਢ ਨੀ ਮਾਂ।
ਧਨ ਸੰਪਦਾ ਬੜੀ ਬਣਾਈ ਏਥੇ
ਪਿਛੇ ਘਲਿਆ ਜਿਹੜਾ ਉਹ ਅੱਡ ਨੀ ਮਾਂ।
ਐਪਰ ਜਿਹੜਾ ਸੀ ਅਸਲੀ ਸਰਮਾਇਆ ਸਾਡਾ
ਉਹ ਤਾਂ ਸਾਹਮਣੇ ਡਿੱਗ ਪਿਆ ਖੱਡ ਨੀ ਮਾਂ।
ਇਕੋ ਪੈਸੇ ਦੀ ਲਗਨ ਦੇ ਵਿਚ ਸਾਡੇ
ਬੱਚੇ ਭੱਜਗੇ ਸਿੱਖੀ ਨੂੰ ਛੱਡ ਨੀ ਮਾਂ।

ਸਾਡੇ ਵਿਚੋਂ ਤਾਂ ਦੇਖ ਲੈ ਬਹੁਤ ਸਾਰੇ
ਆਏ ਪਿੱਛੇ ਹੀ ਕੇਸ ਕਟਾ ਨੀ ਮਾਂ।
ਇਥੇ ਪਹੁੰਚ ਕਟਾਉਣ ਕਈ ਜਾ ਬੈਠੇ
ਕੰਮਾਂ ਵਾਲੇ ਬਹਾਨੇ ਬਣਾ ਨੀ ਮਾਂ।
ਵਾਂਗ ਗੋਰਿਆਂ ਕਲੱਬਾਂ 'ਚ ਜਾਣ ਖਾਤਿਰ
ਬੱਚੇ ਬੇਸ਼ਰਮੀ ਤੋਂ ਭੇਸ ਵਟਾ ਨੀ ਮਾਂ।
ਕੁੜੀਆਂ ਸਾਡੀਆਂ ਇਹੋ ਹੀ ਰੀਸ ਖਾਤਿਰ
ਸਿਰ ਤੋਂ ਚੁੰਨੀਆਂ ਦਿੱਤੀਆਂ ਲਾਹ ਨੀ ਮਾਂ।

ਬੇਦਾਵਾ ਦਿੱਤਾ ਏ ਸਿੱਖੀ ਨੂੰ ਜਿਨ੍ਹਾਂ ਲਿਖ ਕੇ
ਕਸੂਰਵਾਰ ਨੇ ਉਥੇ ਮਾਂ ਬਾਪ ਨੀ ਮਾਂ।
ਪਿਓ ਦਾਦੇ ਦਾ ਛੱਡ ਖਜ਼ਾਨਾ ਸੱਚਾ
ਝੂਠੀ ਮਾਇਆ ਦਾ ਜਪਦੇ ਜੋ ਜਾਪ ਨੀ ਮਾਂ।
ਸਾਡੇ ਬੱਚੇ ਸੀ ਅਸਲੀ ਸਰਮਾਇਆ ਸਾਡਾ
ਵਿਰਸਾ ਭੁੱਲ ਕੇ ਹੋ ਗਿਆ ਪਾਪ ਨੀ ਮਾਂ।
ਅਮੀਰ ਦੇਸ਼ਾਂ ਦੀ ਇਸ ਚਕਾਚੌਂਧ ਅੰਦਰ
ਚਕਾਚੌਂਧ ਹੀ ਬਣ ਗਏ ਆਪ ਨੀ ਮਾਂ।

ਮਲਦੇ ਹੱਥ ਹੀ ਰਹਿ ਗਏ ਅਸੀਂ ਬੈਠੇ
ਉਸ ਸ਼ਰਾਰਤੀ ਬੱਚੇ ਦੇ ਵਾਂਗ ਨੀ ਮਾਂ।
ਆਪਣਾ ਗੁੱਡਾ ਹੀ ਜਿਸਨੇ ਕਟਵਾਇਆ ਹੋਵੇ
ਪੇਚਾ ਲਾ ਰੱਖ ਹੋਰ ਦੀ ਤਾਂਘ ਨੀ ਮਾਂ।
ਆਪਣੇ ਵਰਗੇ ਹੀ ਸਾਰੇ ਬਨਾਉਣ ਖਾਤਿਰ
ਅਸੀਂ ਪੁੱਟਦੇ ਹਰ ਪੁਲਾਂਘ ਨੀ ਮਾਂ।
ਡਿਗ ਕੇ ਟੋਏ ਵਿਚ ਜਿਹੜਾ ਮੁਕਾਮ ਆਖੇ
ਲਾਈਏ ਉਸ ਫਿਰ ਗਿੱਦੜ ਦੀ ਸਾਂਗ ਨੀ ਮਾਂ।

ਮਾਂ-ਬਾਪ ਤੋਂ ਜੱਗ ਦੇ ਡਰਨ ਬੱਚੇ
ਇਥੇ ਮਾਪੇ ਹੁਣ ਬੱਚਿਆਂ ਤੋਂ ਡਰਨ ਨੀ ਮਾਂ।
ਰਹਿੰਦੇ ਘਰੇ, ਇਕ ਦਿਨ ਪੂਰੇ ਸਾਲ ਅੰਦਰ
'ਮਦਰਜ਼ ਡੇ' ਨੂੰ ਹੈਪੀ ਇਹ ਕਰਨ ਨੀ ਮਾਂ।
ਕਰਾਉਂਦੇ ਪਿਆਰ ਅਹਿਸਾਸ ਇਹ ਤੋਹਫ਼ਿਆਂ ਨਾਲ
ਗਲ ਪਿਆ ਇਹ ਜਾਬਤਾ ਭਰਨ ਨੀ ਮਾਂ।
ਏਸ ਜੂਏਖਾਨੇ ਜਿਨ੍ਹਾਂ ਲੁੱਟ ਖਾਧੀ
ਦੱਸੋ ਉਹ ਕੀ ਇਥੇ ਹੁਣ ਕਰਨ ਨੀ ਮਾਂ।

ਤੂੰ ਤਾਂ ਜਾਣਦੀ ਏਂ ਜਦੋਂ ਪਿਤਾ ਜੀ ਨੇ
ਬਾਟਾ ਅੰਮ੍ਰਿਤ ਦਾ ਕਰਿਆ ਤਿਆਰ ਸੀ ਮਾਂ।
ਪਾ ਪਤਾਸੇ ਅਹਿਸਾਸ ਕਰਵਾਇਆ ਸੀ ਤੂੰ
ਮਾਂ ਦੀ ਮਮਤਾ ਤੇ ਮਿਠੜਾ ਪਿਆਰ ਨੀ ਮਾਂ।
ਤੇਰੀ ਇੱਛਾ ਸੀ ਮਿਠੜੇ ਅਸੀਂ ਰਹੀਏ
ਸੁਣੀਏ ਬੋਲੀਏ ਮਿਠੇ ਵਿਚਾਰ ਨੀ ਮਾਂ।
ਯਾਦ ਉਸਦੀ ਦੇ ਗਾ ਕੇ ਗੀਤ ਮਿੱਠੇ
ਮਿਠੇ ਦਾਤੇ ਦਾ ਕਰੀਏ ਸਤਿਕਾਰ ਨੀ ਮਾਂ।

ਹੁੰਦੀ ਹੋਵੇਂਗੀ ਐਪਰ ਤੂੰ ਦੁਖੀ ਹੀ ਨੀਂ
ਸਾਡੀਆਂ ਕਰੀਆਂ ਕਰਤੂਤਾਂ ਨੂੰ ਤੱਕ ਨੀ ਮਾਂ।
ਕਿਉਂਕਿ ਅਸੀਂ ਤਾਂ ਕਰਦੇ ਹਾਂ ਸਭ ਉਲਟਾ
ਸੋਹਣੇ ਸਿੱਖੀ ਅਸੂਲਾਂ ਨੂੰ ਧੱਕ ਨੀ ਮਾਂ।
ਕਉੜਾ ਬੋਲੀਏ, ਖਾਈਏ ਤੇ ਪੀਈਏ ਕੋੜਾ
ਕਉੜੇ ਰਹਿਣ ਦਾ ਸਮਝੀਏ ਹੱਕ ਨੀ ਮਾਂ।
ਤੂੰ ਤਾਂ ਪਾਏ ਪਤਾਸੇ ਸੀ ਵਿਸ਼ ਨਾਹੀਂ
ਹੋਗੇ ਅਸੀਂ ਤਾਂ ਵਿਸ਼ੀਅਰ ਪ੍ਰਤੱਖ ਨੀ ਮਾਂ।

ਆਖੇ ਪਿਤਾ ਦੇ ਅਸੀਂ ਜੇ ਲੱਗ ਜਾਂਦੇ
ਲੋੜ ਤੋਹਫ਼ੇ ਦੀ ਪੈਂਦੀ ਨਾ ਅੱਜ ਨੀ ਮਾਂ।
ਵਿਰਸੇ ਨਾਲ ਜੇ ਜੋੜਦੇ ਬੱਚਿਆਂ ਨੂੰ
ਕਿਸੇ ਹਾਲ ਨਾ ਸਕਦੇ ਫਿਰ ਭੱਜ ਨੀ ਮਾਂ।
ਤੋਹਫ਼ਾ ਸਦਾ ਲਈ ਹੁੰਦਾ ਇਹ ਮਾਪਿਆਂ ਦਾ
ਨਾਹੀਂ ਸਾਲਾਨਾ ਤਿਉਹਾਰਾਂ ਦੇ ਪੱਜ ਨੀ ਮਾਂ।
ਅਸੀਸਾਂ ਦੇਂਦੀ ਫਿਰ ਸਾਨੂੰ ਤੂੰ ਸਦਾ ਕੇਵਲ
ਆਤਮਿਕ ਤੌਰ ਤੇ ਜਿਉਣ ਦੀਆਂ ਰੱਜ ਨੀ ਮਾਂ।

ਜਨਮ ਦਿਨ ਤਾਂ ਗੁਰਾਂ ਦੇ ਯਾਦ ਨਾਹੀਂ
ਸਾਰੇ ਜੱਗ ਦੇ ਭਾਵੇਂ ਨੇ ਯਾਦ ਨੀ ਮਾਂ।
ਕ੍ਰਿਸਮਿਸ ਆਣ ਤੇ ਸਾਨੂੰ ਹੈ ਚਾਅ ਚੜ੍ਹਦਾ
ਸਾਲ ਚੜ੍ਹਨ ਤੇ ਆਉਂਦਾ ਸੁਆਦ ਨੀ ਮਾਂ।
ਗੁਰੂ ਘਰਾਂ ਤੇ ਅੰਮ੍ਰਿਤ ਤੋਂ ਮੁਖ ਮੋੜੇ
ਦਾਰੂ ਦਾਅਵਤਾਂ ਕੀਤੇ ਬਰਬਾਦ ਨੀ ਮਾਂ।
ਭੌਂਦੇ ਫਿਰਦੇ ਹਾਂ ਟੁੱਟੇ ਸਰੋਤ ਨਾਲੋਂ
ਲੋਕਾਂ ਭਾਵੇਂ ਹਾਂ ਅਸੀਂ ਆਬਾਦ ਨੀ ਮਾਂ।

ਅਸੀਂ ਜਾਣਦੇ ਮਾਫ਼ ਤੈਂ ਕਰ ਦੇਣਾ
ਮਾਂ ਦੇ ਜਿਗਰੇ ਨੂੰ ਕਿਹੜਾ ਪੁੱਤ ਨਾਪੇ ਨੀ ਮਾਂ।
ਪੁੱਤ ਅਕਸਰ ਕਪੁਤ ਨੇ ਬਣ ਜਾਂਦੇ
ਬਣਦੇ ਮਾਪੇ ਨਾ ਕਦੇ ਕੁਮਾਪੇ ਨੀ ਮਾਂ।
ਪ੍ਰਤੀਤ ਪਿਤਾ ਨੇ ਸਾਡੀ ਤਾਂ ਛੱਡ ਦਿੱਤੀ
ਰੀਤ ਬਿਪਰਨ ਦੀ ਧਾਰ ਸੰਤਾਪੇ ਨੀ ਮਾਂ।
"ਹੈਪੀ ਮਦਰਜ਼ ਡੇ' ਧਰਮ ਦੀ ਮਾਂ ਤੈਨੂੰ"
ਇਹ ਆਖਣਾ ਅਉਖਾ ਹੁਣ ਜਾਪੇ ਨੀ ਮਾਂ।

# ਦੇਸ਼ ਪ੍ਰੇਮ

ਆਪਣੇ ਵਤਨ ਦੇ ਲੋਕ ਹਵਾ ਪਾਣੀ
ਸਰਜ਼ਮੀਨ ਨਾਲ ਸਭ ਦਾ ਪਿਆਰ ਹੁੰਦਾ।
ਉਹਦੇ ਪਰਬਤ, ਪਠਾਰ, ਮੈਦਾਨ, ਨਦੀਆਂ
ਮਾਰੂਥਲਾਂ ਦਾ ਵੀ ਸਤਿਕਾਰ ਹੁੰਦਾ।
ਭੂਗੋਲ ਵਤਨ ਦੇ ਨਾਲ ਪਿਆਰ ਕੇਵਲ
ਦੇਸ਼ ਪ੍ਰੇਮ ਦੇ ਵਿਚ ਸਵੀਕਾਰ ਹੁੰਦਾ।
ਤਾਹੀਓਂ ਵਤਨ ਦੇ ਲੋਗਾਂ ਦੇ ਪ੍ਰੇਮ ਅੰਦਰ
ਕੇਵਲ ਗਾਉਣ ਦਾ ਦਿੱਤਾ ਅਧਿਕਾਰ ਹੁੰਦਾ।

ਵਿਚਾਰ ਕਿੰਨੇ ਹੀ ਲੋਗਾਂ ਦੇ ਬੁਰੇ ਹੋਵਣ
ਆਪਣੇ ਦੇਸ਼ ਦੀ ਜੰਤਾ ਵਡਿਆਂਵਦੀ ਹੈ।
ਮੂਰਖ ਅਤੇ ਸਵਾਰਥੀ ਮਾਂ ਜਿੱਦਾਂ
ਝਗੜਾ ਬੱਚਿਆਂ ਦਾ ਨਿਪਟਾਂਵਦੀ ਹੈ।
ਆਪਦੇ ਬੱਚੇ ਦੀ ਗਲਤੀ ਨੂੰ ਜਾਣ ਕੇ ਵੀ
ਗਵਾਂਢੀ ਬੱਚੇ ਨੂੰ ਦੋਸ਼ੀ ਠਹਿਰਾਂਵਦੀ ਹੈ।
ਆਏ ਗਏ ਹਰੇਕ ਮਹਿਮਾਨ ਤਾਈਂ
ਆਪਣੇ ਬੱਚੇ ਦੀਆਂ ਸਿਫਤਾਂ ਸੁਣਾਂਵਦੀ ਹੈ।

ਚੰਗਾ ਕਿੰਨਾ ਗਵਾਂਢੀ ਦਾ ਪੁੱਤ ਹੋਵੇ
ਰਤਾ ਉਸਨੂੰ ਨਾਂਹ ਵਡਿਆਂਵਦੀ ਏ।
ਪੁੱਤਰ ਆਪਦਾ ਭਾਵੇਂ ਮਹਾਂਮੂਰਖ ਹੋਵੇ
ਸਿਆਣਾ ਉਸ ਨੂੰ ਜਗੋਂ ਬਤਾਂਵਦੀ ਏ।
ਉਹਦੇ ਕਰਮ ਤੇ ਐਬ ਲਕੋ ਕੇ ਤੇ
ਹੀਰੇ ਸੋਨੇ ਨਾਲ ਤੁਲਨਾ ਕਰਾਂਵਦੀ ਏ।
ਇੰਝ ਪੁੱਤਰ ਦੀ ਹਉਮੈ ਨੂੰ ਪਾ ਪੱਠੇ
ਉਹਦੀ ਦੁਸ਼ਮਣ ਇਖਲਾਕੀ ਬਣ ਜਾਂਵਦੀ ਏ।

ਮਾਂ ਦੇ ਦਿਲ ਦੇ ਵਿਚ ਤਾਂ ਉਸ ਵੇਲੇ
ਉਸੇ ਤਰ੍ਹਾਂ ਹੀ ਭਰਮ ਜਿਹਾ ਹੋਂਵਦਾ ਏ।
ਦੇਸ਼ ਪ੍ਰੇਮ ਦੇ ਗੀਤ ਨੂੰ ਲਿਖਣ ਵੇਲੇ
ਲਿਖਾਰੀ ਜਿੱਦਾਂ ਕੋਈ ਸੱਚ ਲਕੋਂਵਦਾ ਏ।
ਮੂਰਖ ਬੱਚੇ ਦੀ ਮੂਰਖ ਹੀ ਮਾਂ ਵਾਂਗੂ
ਸੱਚ ਜਾਣਦਾ ਵੀ ਝੂਠ ਬੋਂਵਦਾ ਏ।
ਸਾਹਵੇਂ ਬਿੱਲੀ ਨੂੰ ਤੱਕ ਕਬੂਤਰ ਜਿੱਦਾਂ
ਅੱਖਾਂ ਮੀਚ ਕੇ ਥਾਂਵੇ ਹੀ ਸੌਂਵਦਾ ਏ।

ਸਿਫ਼ਤ ਅਸੀਂ ਭੂਗੋਲ ਦੀ ਜਦੋਂ ਕਰੀਏ
ਸਿਰਜਣਹਾਰ ਦੀ ਸਿਫ਼ਤ ਹੋ ਜਾਂਵਦੀ ਏ।
ਉਹ ਤਾਂ ਕੁਦਰਤ ਦਾ ਰੂਪ ਹੋ ਵਸਦਾ ਏ
ਸਾਰੀ ਉਸਦੀ ਲੀਲਾ ਹੀ ਭਾਂਵਦੀ ਏ।
ਉਸ ਅਸੀਮ ਨੂੰ ਸੀਮਾ ਵਿਚ ਕਰਨ ਵਾਲੀ
ਹਦਬੰਦੀ ਨਾ ਉਪਮਾ ਕਹਾਂਵਦੀ ਏ।
ਸਾਰੇ ਜੱਗ ਤੇ ਬਰਾਬਰ ਉਹ ਵਰਸਦਾ ਏ
ਉਹਦੀ ਨੀਤੀ ਕਿਉਂ ਸਮਝ ਨਾ ਆਂਵਦੀ ਏ।

ਪਿਆਰ ਆਪਦੀਆਂ ਹੱਦਾਂ ਨੂੰ ਕਰਨ ਜਿਹੜੇ
ਏਸ ਗੱਲ ਤੋਂ ਉਹ ਤਾਂ ਅਨਜਾਣ ਹੁੰਦੇ।
ਚੰਗੇ ਗੁਣ ਨਹੀਂ ਹੱਦਾਂ ਵਿਚ ਬੰਦ ਹੁੰਦੇ
ਹੱਦੋਂ ਬਾਹਰ ਵੀ ਚੰਗੇ ਇਨਸਾਨ ਹੁੰਦੇ।
ਜਰ, ਜ਼ੋਰੂ, ਜ਼ਮੀਨ ਲਈ ਜੋ ਲੜਦੇ
ਲੋਕੀਂ ਭਾਵੇਂ ਉਹ ਕਿੰਨੇ ਬਲਵਾਨ ਹੁੰਦੇ।
ਐਪਰ ਸ਼ਹੀਦ ਅਖਵਾਉਂਦੇ ਨੇ ਲੋਕ ਜਿਹੜੇ
ਭਲੇ ਸਰਬੱਤ ਦੇ ਲਈ ਕੁਰਬਾਨ ਹੁੰਦੇ।

ਰਾਜ ਕਿਸੇ ਦਾ ਹੋਵੇ ਜ਼ਮੀਨ ਉਤੇ
ਭਾਵੇਂ ਦੇਸ਼ ਹੀ ਸਾਰਾ ਗ਼ੁਲਾਮ ਹੋਵੇ।
ਆਤਮਿਕਤਾ ਸਦਾ ਆਜ਼ਾਦ ਰਹਿੰਦੀ
ਸਚੇ ਸੱਚ ਦਾ ਜੇਕਰ ਪੈਗ਼ਾਮ ਹੋਵੇ।
ਉਹ ਸਦਾ ਆਜ਼ਾਦ ਹੀ ਹੋਂਵਦੇ ਨੇ
ਇਖਲਾਕ ਜਿਨ੍ਹਾਂ ਦਾ ਉੱਚਾ ਮਹਾਨ ਹੋਵੇ।
ਆਪਣੀ ਹੱਦ ਦੇ ਗੀਤ ਫਿਰ ਕੌਣ ਗਾਵੇ
ਜੇ ਇਨਸਾਨੀਅਤ ਕਿਧਰੇ ਪ੍ਰਧਾਨ ਹੋਵੇ।

ਚੰਗੇ ਗੁਣ ਜੇ ਫੈਲੇ ਨੇ ਸਭ ਪਾਸੇ
ਮਾੜੇ ਗੁਣ ਵੀ ਖਿਲਰੇ ਸੰਸਾਰ ਅੰਦਰ।
ਹੱਦਾਂ ਆਪਣੀਆਂ ਅੰਦਰ ਜੋ ਝੂਠ ਵਸੇ
ਗੀਤ ਉਹਦੇ ਨਾ ਗਾਵੋ ਹੰਕਾਰ ਅੰਦਰ।
ਉਪਾਸ਼ਕ ਓਸ ਵੀ ਸੱਚ ਦੇ ਬਣ ਜਾਓ
ਹਦੋਂ ਪਾਰ ਜੇ ਆਵੇ ਵਿਚਾਰ ਅੰਦਰ।
ਇੱਦਾਂ ਗੁਣਾਂ ਦੇ ਨਾਲ ਪ੍ਰੀਤ ਪਾ ਕੇ
ਅਵਗੁਣਾਂ ਨੂੰ ਰੱਖੋ ਵਿਸਾਰ ਅੰਦਰ।

ਦੁਸ਼ਮਣ ਬੰਦੇ ਦਾ ਕਦੇ ਵੀ ਬੰਦਾ ਨਾਹੀਂ
ਨਾਹੀਂ ਦੁਸ਼ਮਣ ਕੋਈ ਬਾਹਰਲੇ ਦੇਸ਼ ਹੁੰਦੇ।
ਸਗੋਂ ਦੁਸ਼ਮਣ ਤਾਂ ਸਾਡੇ ਵਿਕਾਰ ਹੁੰਦੇ
ਜਿਹੜੇ ਸਾਰਿਆਂ ਵਿਚ ਹਮੇਸ਼ ਹੁੰਦੇ।
ਸਮੁੱਚੇ ਦੇਸ਼ ਨੂੰ ਜੋ ਮਹਾਨ ਕਹਿੰਦੇ
ਝੂਠ ਹੋਰੀਂ ਵੀ ਉਥੇ ਪਰਵੇਸ਼ ਹੁੰਦੇ।
ਗਾਉਂਦੇ ਝੂਠ ਦੇ ਨਗਮੇ ਫਿਰ ਜੋ ਲੋਕੀਂ
ਪੁਚਾਅ ਸੱਚ ਨੂੰ ਰਹੇ ਉਹ ਠੇਸ ਹੁੰਦੇ।

ਮਹਾਨ ਆਖੋ ਨਾ ਕਦੇ ਵੀ ਦੇਸ਼ ਸਾਰਾ
ਦੇਸ਼ ਕਰੋ ਨਾ ਛੋਟਾ ਦਿਮਾਗ਼ਾਂ ਦੇ ਵਾਂਗ।
ਵਿਚਰਨ ਦਿਓ ਇਨਸਾਨੀਅਤ ਜੱਗ ਅੰਦਰ
ਦਏ ਰੌਸ਼ਨੀ ਜਿਹੜੀ ਚਿਰਾਗਾਂ ਦੇ ਵਾਂਗ।
ਗੀਤ ਗਾਓ ਹੁਣ ਸੱਚੇ ਸੰਸਾਰੀਆਂ ਦੇ
ਰੌਲਾ ਪਾਓ ਨਾ ਐਵੇਂ ਹੁਣ ਕਾਗਾਂ ਦੇ ਵਾਂਗ।
ਨਵੀਂ ਦੁਨੀਆਂ ਵਿਚ ਨਹੀਂ ਤਾਂ ਨਾਮ ਸਾਡਾ
ਰਹਿ ਜਾਣਾ ਏ ਚੰਦ ਦੇ ਦਾਗ਼ਾਂ ਦੇ ਵਾਂਗ।

ਕੇਵਲ ਆਪਣੇ ਲੋਕਾਂ ਦਾ ਛੱਡ ਕੇ ਤੇ
ਭਲਾ ਮੰਗੋ ਹੁਣ ਰਲ ਕੇ ਸਰਬੱਤ ਵਾਲਾ।
ਸਾਂਝ ਗੁਣਾਂ ਦੀ ਜੱਗ ਨਾਲ ਜਾਓ ਪਾਉਂਦੇ
ਅਵਗੁਣ ਛੱਡਦੇ ਜਾਓ ਮਨਮਤ ਵਾਲਾ।
ਹੱਦ ਗੁਣਾਂ ਦੇ ਦੇਸ਼ ਦੀ ਮਾਰ ਕੇ ਤੇ
ਵਿਕਾਰ ਵੜਨ ਨਾ ਦਿਓ ਕੁਮੱਤ ਵਾਲਾ।
ਮਹਾਨ ਆਖੋਗੇ ਜਦੋਂ ਉਸ ਦੇਸ਼ ਤਾਈਂ
ਮਾਰਗ ਜਾਪੇਗਾ ਫੇਰ ਗੁਰਮਤਿ ਵਾਲਾ।

◆◆◆◆◆

# ਦੋਸਤ

ਸੜਕਾਂ ਦਿਆਂ ਕੰਢਿਆ ਤੇ
ਕਾਲਜ ਕੰਨਟੀਨਾਂ ਵਿਚ
ਤੁਸੀਂ ਅਕਸਰ ਵਿਹੰਦੇ ਹੋ
ਸੁਨਿਆਂ ਜਿਹਾਂ ਥਾਵਾਂ ਤੇ।
ਇਕ ਆਰੋਂ ਆ ਜਾਂਦੀ
ਇੱਕ ਪਾਰੋਂ ਆ ਜਾਂਦਾ
ਜੋੜੇ ਬਣ ਖੜ ਜਾਂਦੇ
ਪੁਠਿਆਂ ਜਿਹਾਂ ਰਾਹਾਂ ਤੇ।

ਫਿਰ ਸਭ ਕੁਝ ਛੱਡ ਪਾਸੇ
ਲੰਬਿਆਂ ਜਿਹਾਂ ਸਮਿਆਂ ਲਈ
ਇਹ ਗੱਲੀਂ ਲਗ ਜਾਂਦੇ
ਕਈ ਘੰਟੇ ਲੰਘ ਜਾਂਦੇ।
ਕਈ ਢੀਠ ਬੇਸ਼ਰਮ ਹੁੰਦੇ
ਕਈ ਹੱਕ ਸਮਝ ਬਹਿੰਦੇ
ਇਹ ਬਿਲਕੁਲ ਸੰਗਦੇ ਨਾ
ਕਈ ਕੋਲੋਂ ਖੰਘ ਜਾਂਦੇ।

ਜਦ ਪੁਛੀਏ ਲੋਗਾਂ ਤੋਂ
ਇਹ ਕਿੱਦਾਂ ਬੈਠੇ ਨੇ
ਇਹ ਦੋਸਤ ਲਗਦੇ ਨੇ
ਕਈ ਭੋਲੇ ਕਹਿ ਜਾਂਦੇ।
ਇਹ ਕਿਹੜਾ ਰਿਸ਼ਤਾ ਏ ?
ਤੇ ਕਿਹੜੇ ਵਿਰਸੇ ਦਾ ?
ਠਿਠ ਹੋ ਬੇਸ਼ਰਮੀ ਨਾਲ
ਇਹ ਸਭ ਕੁਝ ਸਹਿ ਜਾਂਦੇ।

ਇੰਝ ਬੈਠਣ ਵਾਲੇ ਜੋ
ਜੇ ਦੋਸਤ ਹੁੰਦੇ ਨੇ
ਤਾਂ ਸੋਚ ਵਿਚਾਰ ਕਰੋ
ਕਿ ਦੁਸ਼ਮਣ ਕਿਹੜੇ ਨੇ।
ਸਮਾਜ ਚੰਗੇਰੇ ਦੀ
ਰੱਖ ਆਸ਼ਾ ਸਿਰਜੇ ਜੋ
ਸਭ ਸਭਿਅਕ ਰਿਸ਼ਤੇ ਤੇ
ਨਾਤੇ ਵੀ ਜਿਹੜੇ ਨੇ।

ਮਾਵਾਂ ਤੇ ਭੈਣਾਂ ਵੀ
ਬਾਪੂ ਤੇ ਵੀਰੇ ਵੀ
ਪਿਓ ਪੁੱਤਰ, ਮਾਂ ਧੀਆਂ
ਦੋਸਤ ਹੀ ਸਾਰੇ ਨੇ।
ਜੇ ਸਭ ਨੂੰ ਪਿਆਰ ਕਰੋ
ਜੇ ਰੱਬ ਨੂੰ ਪਿਆਰ ਕਰੋ
ਕੋਈ ਦੁਸ਼ਮਣ ਦਿਸਣਾ ਨਾ
ਸਭ ਮਿੱਤਰ ਪਿਆਰੇ ਨੇ।

ਸਾਡੇ ਸਭਿਆਚਾਰ ਦਿੱਤੇ
ਪਿਆਰੇ ਜਿਹੇ ਰਿਸ਼ਤਿਆਂ ਵਿਚ
ਅਖਾਉਤੀ ਬਣ ਦੋਸਤ ਜੋ
ਅੱਜ ਖਰਲ ਮਚਾਂਦੇ ਨੇ।
ਇਹ ਗੱਲ ਜੱਗ ਜਾਹਿਰ ਹੈ
ਕਿ ਉਹੋ ਲੋਕੀਂ ਹੀ
ਸਮਾਜਿਕ ਭਾਈਚਾਰੇ ਦੇ
ਦੁਸ਼ਮਣ ਅਖਵਾਂਦੇ ਨੇ।

ਜੇ ਦੋਸਤ ਸਾਰੇ ਨੇ
ਤਾਂ ਰਿਸ਼ਤਾ ਇਹ ਕੀ ਏ
ਜੋ ਵਖਰਾ ਦਿੱਸਦਾ ਏ
ਤੇ ਖਿੱਚ ਜਿਹੀ ਪਾਂਦਾ ਏ।
ਇਹ ਕਿਥੋਂ ਆਇਆ ਏ
ਤੇ ਕਿੱਦਾਂ ਆਇਆ ਏ
ਕਿਉਂ ਭਾਈਚਾਰੇ ਨੂੰ
ਨਾ ਦੇਖ ਸਖਾਂਦਾ ਏ।

ਹਰ ਰਿਸ਼ਤੇ ਅੰਦਰ ਤਾਂ
ਦੋਸਤ ਹੀ ਹੁੰਦਾ ਏ
ਬੁਨਿਆਦ ਜੋ ਬਣਦਾ ਏ
ਨਾ ਗੱਲ ਇਹ ਸੌੜੀ ਏ।
ਇਹ ਇੱਦਾਂ ਲੱਗਦਾ ਏ
ਕਿ ਰਿਸ਼ਤਾ ਪੂਰਾ ਨਹੀਂ
ਦੁਨਿਆਵੀ ਰਿਸ਼ਤੇ ਦੀ
ਇਹ ਪਹਿਲੀ ਪਉੜੀ ਏ।

ਇਹਦੇ ਤੇ ਚੜ੍ਹ ਵੇਖੋ
ਦੋ ਰਸਤੇ ਲਭਦੇ ਨੇ
ਇਕ ਏਧਰ ਆਂਦਾ ਏ
ਇਕ ਔਧਰ ਜਾਂਦਾ ਏ।
ਇਕ ਮਨ ਨਾਲ ਜੁੜ ਜਾਂਦਾ
ਇਕ ਤਨ ਨਾਲ ਜੁੜ ਜਾਂਦਾ
ਕਰ ਗੱਲ ਮਜਾਜੀ ਦੀ
ਹਕੀਕੀ ਅਖਵਾਂਦਾ ਏ।

ਕੁਝ ਵਿਆਹ ਕਰਵਾ ਜਾਂਦੇ
ਦੋਸਤ ਜਿਹੇ ਬਨਣ ਪਿਛੋਂ
ਜਦ ਪੁਛੀਏ ਉਨ੍ਹਾਂ ਤੋਂ
ਕਿਉਂ ਰਿਸ਼ਤਾ ਟੁੱਟਾ ਏ।
ਉਹ ਹੱਸ ਕੇ ਆਂਹਦੇ ਨੇ
ਜੋ ਰਿਸ਼ਤਾ ਕੱਚਾ ਸੀ
ਸਗੋਂ ਹੋ ਗਿਆ ਪੱਕਾ ਏ
ਨਾ ਕੁਝ ਵੀ ਛੁੱਟਾ ਏ।

ਜੋ ਬਾਕੀ ਬਚ ਜਾਂਦੇ
ਉਹ ਏਹੋ ਕਹਿੰਦੇ ਨੇ
ਦੋਸਤ ਹੀ ਆਏ ਹਾਂ
ਦੋਸਤ ਹੀ ਜਾਣਾ ਏ।
ਨੱਠ ਭੱਜ ਜੋ ਪਾਇਆ ਏ
ਇਸ ਪਿਆਰੇ ਰਿਸ਼ਤੇ ਨੂੰ
ਇਸ ਨਿਆਰੇ ਰਿਸ਼ਤੇ ਨੂੰ
ਅਸਾਂ ਦਾਗ ਨਾ ਲਾਣਾ ਏ।

ਇਹ ਤਾਂ ਬਸ ਉਹ ਜਾਨਣ
ਕਿ ਸੱਚ ਬੋਲਦੇ ਨੇ
ਜਾਂ ਖੁਦ ਨੂੰ ਧੋਖੇ ਲਈ
ਉਹ ਉਪਰੋਂ ਕਹਿੰਦੇ ਨੇ।
ਉਹਨਾਂ ਦੀ ਨੀਅਤ ਤੋਂ
ਇੱਦਾਂ ਹੀ ਲੱਗਦਾ ਹੈ
ਕਿ ਰਿਸ਼ਤੇ ਬਦਲਣ ਦੀ
ਕੋਸ਼ਿਸ਼ ਵਿਚ ਰਹਿੰਦੇ ਨੇ।

ਜਦ ਕੋਈ ਪਹਿਲ ਕਰੇ
ਇਸ ਟੇਢੇ ਰਿਸ਼ਤੇ ਦੀ
ਫਿਰ ਦਸਦੇ ਹੋਰਾਂ ਨੂੰ
ਫੁੱਲੇ ਨਾ ਸਮਾਂਦੇ ਨੇ।
ਇਹਨਾਂ ਦੀ ਬੋਲੀ ਵਿਚ
ਇਹਨੂੰ 'ਆਫਰ' ਕਹਿੰਦੇ ਨੇ
ਏਹੋ ਕੁਝ ਲਭਦੇ ਨੇ
ਬਸ ਏਹੋ ਚਾਂਹਦੇ ਨੇ।

ਆਓ ਹੁਣ ਸਮਝ ਲਈਏ
ਇਹ ਕਾਹਤੋਂ ਹੁੰਦਾ ਏ ?
ਇਕ ਸਿਕ ਜਿਹੀ ਹੁੰਦੀ ਏ
ਰਲ ਗੱਲਾਂ ਮਾਰਨ ਦੀ।
ਕੁੜੀਆਂ ਤੇ ਮੁੰਡਿਆਂ ਵਿਚ
ਰਲ ਕੱਠੇ ਬੈਠਣ ਦੀ
ਕੁਝ ਦਸ ਕੇ ਕੋਲੋਂ ਹੀ
ਕੁਝ ਅਗੋਂ ਜਾਨਣ ਦੀ।

ਸਭ ਮਾਨਸਿਕ ਰੋਗੀਆਂ ਦੇ
ਰੋਗ ਹੋਰ ਵਧਾਵਣ ਦੀ
ਕਰ ਏਧਰ ਓਧਰ ਦੀ
ਐਵੇਂ ਦਿਲ ਪਰਚਾਵਣ ਦੀ।
ਆਪਣੀ ਇਸ ਹਰਕਤ ਨੂੰ
ਪ੍ਰਾਪਤੀ ਦਰਸਾ ਕੇ ਤੇ
ਆਪਣੇ ਹੀ ਦਾਇਰੇ ਵਿਚ
ਸਨਮਾਨੇ ਜਾਵਣ ਦੀ।

ਅੱਖਾਂ ਚੁੰਧਿਆਵਣ ਦੇ
ਇਸ ਪਏ ਭੁਲੇਖੇ ਵਿਚ
ਬਸ ਦੇਖਾ ਦੇਖੀ ਵਿਚ
ਸਭ ਨੇੜੇ ਹੋ ਜਾਂਦੇ।
ਚੰਗਿਆਂ ਤੇ ਮੰਦਿਆਂ ਵਿਚ
ਰੂਹਾਂ ਤੇ ਸਰੀਰਾਂ ਵਿਚ
ਸੱਚ, ਝੂਠ, ਜ਼ਮੀਰਾਂ ਵਿਚ
ਨੇ ਨਖੇੜੇ ਹੋ ਜਾਂਦੇ।

ਇਹ ਦੋਸਤ ਬਣ ਕੇ ਵੀ
ਦੋਸਤੀ ਤੋਂ ਸਖਣੇ ਨੇ
ਪਰਿਭਾਸ਼ਾ ਵੱਖਰੀ ਏ
ਇਹਨਾਂ ਦੇ ਪਿਆਰਾਂ ਦੀ।
'ਰੱਬ ਪਿਆਰ 'ਚ ਵਸ਼ਦਾ ਏ'
'ਪਿਆਰ ਰੱਬ ਹੀ ਹੁੰਦਾ ਏ'
ਪਰ ਮਿਣਤੀ ਵੱਖਰੀ ਏ
ਇਹਨਾਂ ਦੇ ਮਿਆਰਾਂ ਦੀ।

ਅਕਸਰ ਇਹ ਭੌਂਦੇ ਨੇ
ਸਭ ਸੜਕਾਂ ਰਾਹਾਂ ਤੇ
ਨਹੀਂ ਇਹਨਾਂ ਮਿੱਤਰਾਂ ਦਾ
ਕੋਈ ਵੀ ਸਾਨੀ ਏ।
ਆਵਾਰਾਗਰਦੀ ਕਰ
ਇਹ ਸਾਥੀ ਲਭਦੇ ਨੇ
ਇਹਨਾਂ ਦੇ ਵਿਚਾਰਾਂ ਦੀ
ਜੋ ਭਰਦਾ ਹਾਮੀ ਏ।

ਕੀ ਤੁਸੀਂ ਦੇਖਿਆ ਏ
ਕਿਸੇ ਗਭਰੂ ਮੁੰਡੇ ਨੇ
ਕਿਸੇ ਅੱਲ੍ਹੜ ਲੜਕੀ ਨੂੰ
ਕਹਿ ਭੈਣ ਬੁਲਾਇਆ ਏ।
ਜਾਂ ਭੈਣ ਭਰਾਵਾਂ ਦੇ
ਪਿਆਰੇ ਜਿਹੇ ਰਿਸ਼ਤੇ ਦੀ
ਕਿਸੇ ਆਫਰ ਕੀਤੀ ਏ
ਤੇ ਦਿਲ ਤੋਂ ਚਾਹਿਆ ਏ।

ਤੁਸੀਂ ਕੁਝ ਤਾਂ ਸੋਚੋ ਨਾ
ਜੋ ਅਕਸਰ ਮਿਲਦੇ ਨੇ
ਇੱਕਠਿਆਂ ਬਹਿੰਦੇ ਨੇ
ਤੇ ਹੱਸ ਹੱਸ ਖਿੜਦੇ ਨੇ।
ਗੁੰਜਾਇਸ਼ ਕੋਈ ਤਾਂ
ਇਹ ਦਿਲ ਵਿਚ ਰੱਖਦੇ ਨੇ
ਤਾਹੀਂ ਭੈਣ ਭਰਾਵਾਂ ਦੇ
ਰਿਸ਼ਤੇ ਤੋਂ ਚਿੜਦੇ ਨੇ।

ਇਹਦਾ ਕਾਰਣ ਇਕੋ ਏ
ਜੋ ਸਾਰੇ ਕਹਿੰਦੇ ਨੇ
ਕਿ ਅੱਜ ਦਾ ਬੰਦਾ ਇਹ
ਬਾਂਦਰ ਤੋਂ ਬਣਿਆ ਏ।
ਉਸੇ ਦੀਆਂ ਰੁਚੀਆਂ ਹੀ
ਬਸ ਰਹਿੰਦੀਆਂ ਭਾਰੂ ਨੇ
ਬਾਕੀ ਕੰਮ ਸਾਹੂ ਨੇ
ਤਾਹੀਂ ਰਹਿੰਦਾ ਤਣਿਆ ਏ।

ਇਹ ਲੋਕੀਂ ਕਹਿੰਦੇ ਨੇ
ਸਾਨੂੰ ਖੁੱਲ੍ਹ ਹੈ ਚਾਹੀਦੀ
ਅਗਾਂਹ-ਵਧੂ ਸਮਾਜ ਅੰਦਰ
ਇੰਝ ਦੋਸਤ ਬਨਾਵਣ ਦੀ।
ਪਰ ਆਪਣੀਆਂ ਮਾਵਾਂ ਨੂੰ
ਸਭ ਧੀਆਂ ਭੈਣਾਂ ਨੂੰ
ਕਿਉਂ ਖੁੱਲ੍ਹ ਫਿਰ ਦਿੰਦੇ ਨਾ
ਉਸੇ ਰਾਹ ਜਾਵਣ ਦੀ।

ਸਭ ਲੋਕਾਂ ਜਾਣ ਲਿਆ
ਕਿ ਦੋਸਤ ਸ਼ਬਦ ਅੰਦਰ
ਗੁੰਜਾਇਸ਼ ਹੁੰਦੀ ਏ
ਹਰ ਪਾਸੇ ਘੁੰਮਣ ਦੀ।
ਤਾਹੀਓਂ ਤਾਂ ਲੋਕੀਂ ਕਈ
ਇਹ ਸ਼ਬਦ ਵਰਤਦੇ ਨੇ
ਮਨ ਵਿਚ ਗੁੰਜਾਇਸ਼ ਲੈ
ਦੂਹਰੇ ਅਰਥ 'ਚ ਗੁੰਮਣ ਦੀ।

ਇਸ ਦੋਸਤ ਸ਼ਬਦ ਅੱਜਕੱਲ੍ਹ
ਓਹਲਾ ਜਿਹਾ ਰੱਖਣ ਦਾ
ਧੋਖਾ ਜਿਹਾ ਦੇਵਣ ਦਾ
ਇਹ ਪੜਦਾ ਪਾਇਆ ਏ।
ਗੈਰਾਂ ਦੀਆਂ ਚਾਲਾਂ ਨੇ
ਸਾਡੇ ਵਿਰਸੇ ਤੋਂ ਖਿਝ ਕੇ
ਇਹਨੂੰ ਸਾਡੀ ਜ਼ਿੰਦਗੀ ਵਿਚ
ਅੱਜ ਆਣ ਛੁਪਾਇਆ ਏ।

ਕੁਝ ਲੋਕੀਂ ਕਹਿੰਦੇ ਨੇ
ਕਿ ਇਹਨਾਂ ਵਾਂਗਰ ਹੀ
ਸਭ ਭੈਣ ਭਰਾਵਾਂ ਦੇ
ਰਿਸ਼ਤੇ ਤਾਂ ਦਿਖਾਵੇ ਨੇ।
ਏਦਾਂ ਦੇ ਦੁਸ਼ਟ ਕਿਤੇ
ਹੁਣ ਮਿਲ ਵੀ ਜਾਂਦੇ ਨੇ
ਹੁੰਦੇ ਉਪਰੋਂ ਤੇ ਅੰਦਰੋਂ
ਜਿਥੇ ਵਖਰੇ ਦਾਅਵੇ ਨੇ।

ਉਹਨਾਂ ਦੇ ਕਾਰਣ ਹੀ
ਕਦੇ ਉਂਗਲ ਉਠ ਜਾਂਦੀ
ਸੱਚੇ ਜਿਹੇ ਬੰਦਿਆਂ ਤੇ
ਉਹ ਕਿਹੜੇ ਬੰਦੇ ਨੇ ?
ਉਹ ਭੈੜੇ ਹੁੰਦੇ ਵੀ
ਕਰ ਭੇਖ, ਆਸਰਾ ਲੈ
ਸੁੱਚੇ ਜਿਹੇ ਬੰਦਿਆਂ ਦਾ
ਬਣ ਬਹਿੰਦੇ ਚੰਗੇ ਨੇ।

ਉਹ ਜਾਨਣ ਇਸ ਗੱਲ ਨੂੰ
ਕਿ ਭੈਣ ਭਰਾਵਾਂ ਤੇ
ਕੋਈ ਸ਼ੱਕ ਨਹੀਂ ਕਰਦਾ
ਰਲ ਗੱਲਾਂ ਮਾਰਨ ਤੇ।
ਫਿਰ ਏਸੇ ਪੜਦੇ ਦੇ
ਬਣ ਜਾਂਦੇ ਉਹਲੇ ਵਿਚ
ਉਹ ਭੋਲੇ ਲੋਗਾਂ ਨੂੰ
ਲੱਗ ਜਾਂਦੇ ਚਾਰਨ ਤੇ।

ਉਹ ਅਕਸਰ ਜ਼ਿਆਦਾ ਨਾਂ
ਕੋਈ ਝੂਠ ਛੁਪਾ ਸਕਦੇ
ਲੋਕਾਂ ਦੀਆਂ ਅੱਖੀਆਂ ਵਿਚ
ਉਹ ਆਪੇ ਆ ਜਾਂਦੇ।
ਫਿਰ ਭਰੇ ਸਮਾਜ ਅੰਦਰ
ਮੂੰਹ ਕਾਲੇ ਲੈ ਕੇ ਉਹ
ਕੁਝ ਛੇਕੇ ਜਾਂਦੇ ਨੇ
ਕੁਝ ਰੁਖਸਤ ਪਾ ਜਾਂਦੇ।

ਦਸਵੇਂ ਗੁਰ ਨਾਨਕ ਨੇ
ਸੀ ਯਾਰੜਾ ਆਖ ਦਿੱਤਾ
ਦੁਨੀਆਂ ਦੇ ਸਿਰਜਕ ਨੂੰ
ਦੁਨੀਆਂ ਦੇ ਮਾਲਕ ਨੂੰ।
ਇਹ ਗੱਲ ਸੀ ਰੂਹਾਂ ਦੀ
ਨਾ ਚਾਹਤ ਮਿੱਟੀ ਦੀ
ਸੀ ਪ੍ਰੇਮ ਪ੍ਰਕਾਸ਼ਾਂ ਦਾ
ਸੀ ਸਿਜਦਾ ਖਾਲਕ ਨੂੰ।

ਜੋ ਪ੍ਰੇਮ ਕਰਦੇ ਨੇ
ਉਹੀ ਪ੍ਰਭ ਪਾਉਂਦੇ ਨੇ
ਅਸੀਂ ਮਿੱਟੀ ਨਾਲ ਜੁੜ ਕੇ
ਮਿੱਟੀ ਹੀ ਚਾਹੁੰਦੇ ਹਾਂ।
ਜੋ ਖਲਕਤ ਵਿਚ ਵਸਦਾ
ਗੱਲ ਉਹਦੀ ਭੁਲ ਕੇ ਤੇ
ਗੁਰੂਆਂ ਦੇ ਬੋਲਾਂ ਨਾਲ
ਮਤਲਬ ਜਤਲਾਉਂਦੇ ਹਾਂ।

ਗੁਰਬਾਣੀ ਕਹਿੰਦੀ ਏ
ਸਭ ਦੇਖ ਪਰਾਈਆਂ ਨੂੰ
ਮਾਵਾਂ, ਭੈਣਾਂ ਤੇ
ਧੀਆਂ ਸੰਗ ਜਾਨਣ ਨੂੰ।
ਇਕੋ ਹੀ ਨਾਰੀ ਨਾਲ
ਮਨੁੱਖ ਜਤੀ ਕਹਾਂਦਾ ਏ
ਪਰ ਨਾਰ ਹਮੇਸ਼ਾਂ ਹੀ
ਧੀ ਭੈਣ ਵਖਾਨਣ ਨੂੰ।

ਤਾਹੀਓਂ ਤਾਂ ਲੋਕੀਂ ਜੋ
ਸੱਚੇ ਆਚਾਰ ਵਾਲਾ
ਤੇ ਸੁੱਚੇ ਪਿਆਰ ਵਾਲਾ
ਇਹ ਰਾਹ ਅਪਣਾਉਂਦੇ ਨੇ।
ਦੋਸਤ ਜਿਹੇ ਸ਼ਬਦਾਂ ਨਾਲ
ਰੂਹਾਂ ਦੇ ਤਲ ਉਪਰ
ਨੇੜਤਾ ਦਰਸਾਉਂਦੇ ਨੇ
ਬੜੇ ਮਨ ਨੂੰ ਭਾਉਂਦੇ ਨੇ।

ਨਾ ਕੋਈ ਵੈਰੀ ਏ
ਤੇ ਨਾਹੀਂ ਬੇਗ਼ਾਨਾ ਏ
ਉਸੇ 'ਚੋਂ ਵਿਛੜੇ ਹਾਂ
ਉਸੇ 'ਚ ਸਮਾਣਾ ਏ।
ਸਭ ਰਿਸ਼ਤੇ ਨਾਤੇ ਤਾਂ
ਬਸ ਇਕ ਬਹਾਨਾ ਏ
ਉਹਦੇ ਹੁਕਮ 'ਚ ਆਏ ਹਾਂ
ਉਹਦੇ ਹੁਕਮ 'ਚ ਜਾਣਾ ਏ।

◆◆◆◆◆

# ਮੰਗਣਾ

ਮਨੁੱਖ ਜਦ ਤੋਂ ਜਹਾਨ ਵਿਚ ਰਹਿ ਰਿਹਾ ਏ
ਇਹਦਾ ਮੰਗਣ ਮੰਗਾਉਣ ਨਾਲ ਪਿਆਰ ਰਹਿੰਦਾ
ਕੁਝ ਲੋੜਾਂ ਦਾ ਹਲ ਇਹ ਆਪ ਕਰਦਾ
ਕੁਝ ਲੋੜਾਂ ਲਈ ਮੰਗਣ ਨੂੰ ਤਿਆਰ ਰਹਿੰਦਾ।

ਦਿਨ ਹਫ਼ਤੇ ਮਹੀਨੇ ਤਾਂ ਬਦਲਦੇ ਹੀ
ਸਾਲ ਬਦਲਦੇ ਬਦਲ ਵੀ ਸਦੀ ਜਾਂਦੀ
ਜਿਉਂ ਜਿਉਂ ਤਰੱਕੀ ਇਨਸਾਨ ਕਰਦਾ
ਇੱਛਾ ਨਾਲ ਦੀ ਨਾਲ ਹੋਰ ਵਧੀ ਜਾਂਦੀ।

ਵਧੀਆਂ ਲੋੜਾਂ ਨੂੰ ਪੂਰਿਆਂ ਕਰਨ ਖਾਤਿਰ
ਚੰਗੇ ਮੰਦੇ ਇਹ ਪਾਪੜ ਹਜ਼ਾਰ ਬੇਲੇ
ਉਦੋਂ ਮੰਗਣ ਨੂੰ ਤਿਆਰ ਬਰ ਤਿਆਰ ਰਹਿੰਦਾ
ਟਿਕੇ ਰਹਿਣ ਨਾ ਜਦੋਂ ਇਕਸਾਰ ਧੇਲੇ।

ਜੇਕਰ ਦੇਖੀਏ ਚਾਰ ਚੁਫੇਰ ਅੱਜਕੱਲ੍ਹ
ਦੁਨੀਆਂ ਭਰੀ ਇਹ ਮੰਗਤਿਆਂ ਨਾਲ ਦਿਸੇ
ਕਈਆਂ ਹੱਥ ਅੱਡੇ, ਕਈਆਂ ਮੂੰਹ ਅੱਡੇ
ਲੰਮੀ ਲੰਮਕਦੀ ਕਈਆਂ ਦੀ ਲਾਲ੍ਹ ਦਿੱਸੇ।

ਮੰਗਣ ਵਾਲੇ ਵੀ ਬੜੀ ਹੀ ਕਿਸਮ ਦੇ ਨੇ
ਕੋਈ ਦਾਨ ਮੰਗੇ, ਕੋਈ ਦਾਜ ਮੰਗੇ
ਕਈ ਮੰਗਕੇ ਮੌਤ ਨੂੰ ਗਲ ਲਾਉਂਦੇ
ਕੋਈ ਨਾਲ ਅੰਦੋਲਨਾਂ ਰਾਜ ਮੰਗੇ।

ਮੰਗਣ ਮੰਗਣ ਦੇ ਵਿਚ ਵੀ ਫਰਕ ਹੁੰਦਾ
ਕਈ ਹੋਕੇ ਸ਼ਰਮਸਾਰ ਮੰਗਣ
ਕਈ ਏਡੇ ਵੀ ਢੀਠ ਨੇ ਜੱਗ ਅੰਦਰ
ਜਨਮ ਸਿੱਧ ਜੋ ਸਮਝ ਅਧਿਕਾਰ ਮੰਗਣ।

ਬੰਦਾ ਬੰਦੇ ਦੇ ਕੋਲੋਂ ਹੀ ਮੰਗੀ ਜਾਵੇ
ਦੇਸ ਮੰਗਦਾ ਕਰਜ਼ ਅਨੇਕ ਕੋਲੋਂ
ਪਰਜਾ ਸਦਾ ਹੀ ਰਾਜੇ ਤੋਂ ਮੰਗਦੀ ਹੈ
ਮੰਗਣ ਮਾਲੀਆ ਰਾਜੇ ਹਰੇਕ ਕੋਲੋਂ।

ਕੰਮ ਮੰਗ ਕੇ ਸਾਰਨਾ ਬੁਰਾ ਨਾਹੀਂ
ਅਹਿਸਾਨ ਦਾ ਜੇਕਰ ਅਹਿਸਾਸ ਕਰੀਏ
ਬੰਦਾ ਉਹੀ ਜੋ ਬੰਦੇ ਦੇ ਕੰਮ ਆਵੇ
ਪਰਉਪਕਾਰ ਵਿਚ ਸਦਾ ਵਿਸ਼ਵਾਸ ਕਰੀਏ।

ਲੋੜਾਂ ਸਾਡੀਆਂ ਹੋਣ ਅਧੀਨ ਸਾਡੇ
ਲੇਕਨ ਅਸੀਂ ਇਛਾਵਾਂ ਤੋਂ ਨਿਉਂਦੇ ਹਾਂ
ਖਾਣਾ ਚਾਹੀਦਾ ਸਾਨੂੰ ਜਿਊਣ ਖਾਤਿਰ
ਐਪਰ ਅਸੀਂ ਤਾਂ ਖਾਣ ਲਈ ਜਿਊਂਦੇ ਹਾਂ।

ਕੋਈ ਮੰਗਦਾ ਪੇਟ ਨੂੰ ਭਰਨ ਖਾਤਿਰ
ਉਹਨੂੰ ਮੰਗਤਾ ਆਖ ਦੁਰਕਾਰਦੇ ਹਾਂ
ਕੋਈ ਮੰਗਦਾ ਹਵਸ ਦੇ ਪੂਰਨੇ ਲਈ
ਉਹਨੂੰ ਸਮਾਜ ਦੇ ਵਿਚ ਸਤਿਕਾਰਦੇ ਹਾਂ।

ਕਈ ਆਖਦੇ ਦਾਤਾਂ ਖੁਦਾ ਦੇਵੇ
ਫਿਰ ਕਾਹਤੋਂ ਨਾ ਉਸ ਤੋਂ ਮੰਗੀਏ ਜੀ
ਜ਼ਿੰਦਗੀ ਲਈ ਤਾਂ ਲੋੜ ਪਦਾਰਥਾਂ ਦੀ
ਤਾਂ ਮੰਗਦੇ ਕਾਸਤੋਂ ਸੰਗੀਏ ਜੀ।

ਕਈ ਬੰਦੇ ਤਾਂ ਬੰਦੇ ਤੋਂ ਮੰਗਦੇ ਨੇ
ਕਈ ਰੱਬ ਦਾ ਬੂਹਾ ਖੜਕਾ ਮੰਗਣ
ਕਈ ਮੰਗਣ ਦੁਨਿਆਵੀ ਪਦਾਰਥਾਂ ਨੂੰ
ਕਈ ਆਣ ਕੇ ਮੁਕਤੀ ਦਾ ਰਾਹ ਮੰਗਣ।

ਕਈ ਧਰਮ ਅਸਥਾਨਾ ਵਿਚ ਮੀਚ ਅੱਖਾਂ
ਲੰਬੀ ਲੰਬੀ ਜਿਹੀ ਕਰ ਅਰਦਾਸ ਮੰਗਣ
ਕਈ ਦੁੱਧ ਮੰਗਣ, ਕਈ ਪੁੱਤ ਮੰਗਣ
ਕਈ ਪੇਪਰ 'ਚੋਂ ਪੁੱਤਰ ਨੂੰ ਪਾਸ ਮੰਗਣ।

ਕਈ ਰੱਬ ਨੂੰ ਰਿਸ਼ਵਤਖੋਰ ਜਾਨਣ
ਹਰ ਮੰਗ ਲਈ ਸੁਖਣਾ ਸੁੱਖਦੇ ਨੇ
ਉਹਦੀ ਚੀਜ਼ ਦਾ ਉਸੇ ਨੂੰ ਦਵੇ ਲਾਲਚ
ਕੇਹੇ ਕੰਮ ਅੱਜ ਮੂਰਖ ਮਨੁੱਖ ਦੇ ਨੇ।

ਕੋਈ ਆਖਦਾ ਦਾਤਾ ਸੁਮੱਤ ਦੇਦੇ
ਕੋਈ ਮਿਹਰ ਮੰਗੇ ਕੋਈ ਸਿਹਤ ਮੰਗੇ
ਦੂਜੇ ਲਈ ਤਾਂ ਕੋਈ ਵੀ ਮੰਗਦਾ ਨਹੀਂ
ਆਪੋ ਆਪਣੇ ਲਈ ਹਰੇਕ ਮੰਗੇ।

ਕਈ ਮੰਗਦੇ ਸਮਝ ਕੇ ਦੂਰ ਰੱਬ ਨੂੰ
ਹਾਜ਼ਰ ਨਾਜ਼ਰ ਨਾ ਜਾਣ ਕੇ ਸੰਗਦੇ ਨੇ
ਕਈ ਮੰਗਣ ਪਦਾਰਥ ਹੀ ਰੱਬ ਕੋਲੋਂ
ਵਿਰਲੇ ਰੱਬ ਨੂੰ ਰੱਬ ਤੋਂ ਮੰਗਦੇ ਨੇ।

ਉਂਝ ਮੰਗਾਂ ਤਾਂ ਹਰ ਕੋਈ ਮੰਗ ਲੈਂਦਾ
ਐਪਰ ਮੰਗਣਾ ਵਿਰਲੇ ਹੀ ਜਾਣਦੇ ਨੇ
ਕੀ ਮੰਗਣਾ ਕੀਹਦੇ ਤੋਂ ਮੰਗਣਾ ਏ
ਕਿਵੇਂ ਮੰਗਣਾ, ਵਿਰਲੇ ਪਹਿਚਾਣਦੇ ਨੇ।

ਕਿਸੇ ਰਾਜੇ ਪਰਦੇਸ ਨੂੰ ਜਾਣ ਵੇਲੇ
ਸਦ ਰਾਣੀਆਂ ਪੁਛਿਆ ਮੰਗ ਦੱਸੋ
ਪਰਤਣ ਵੇਲੇ ਮੈਂ ਕਿਸ ਨੂੰ ਕੀ ਲਿਆਵਾਂ
ਆਪੋ ਆਪਣੀ ਮੰਗ ਨਸੰਗ ਦੱਸੋ।

ਕਿਸੇ ਆਖਿਆ ਕੀਮਤੀ ਬਸਤਰਾਂ ਨੂੰ
ਕਿਸੇ ਆਖਿਆ ਹੀਰੇ ਦਾ ਹਾਰ ਹੋਏ
ਗਹਿਣੇ, ਗੱਟੇ, ਦੁਸ਼ਾਲੇ, ਅਸਬਾਬ ਸ਼ਾਹੀ
ਕਿਸੇ ਆਖਿਆ ਇੱਛਾ ਅਨੁਸਾਰ ਹੋਵੇ।

ਇਕ ਰਾਣੀ ਨੇ ਆਖਿਆ ਨਿਮਰਤਾ ਨਾਲ
ਤੋਹਫ਼ਾ ਮੇਰਾ ਇਹ ਮਹਿਲੀਂ ਪੁਚਾ ਜਾਣਾ
ਤੁਹਾਤੋਂ ਵਧ ਕੇ ਦਿਸੇ ਨਾ ਚੀਜ਼ ਕੋਈ
ਸੁੱਖੀ-ਸਾਂਦੀ ਬਸ ਤੁਸਾਂ ਹੀ ਆ ਜਾਣਾ।

ਤੋਹਫੇ ਵੰਡੇ ਸੀ ਰਾਜੇ ਨੇ ਰਾਣੀਆਂ ਨੂੰ
ਚਿਰਾਂ ਪਿੱਛੋਂ ਪਰਦੇਸ ਤੋਂ ਆ ਕੇ ਤੇ
ਖ਼ੈਰ ਮੰਗੀ ਸੀ ਰਾਜੇ ਦੀ ਜਿਸ ਰਾਣੀ
ਰਿਹਾ ਸਦਾ ਲਈ ਉਹਦੇ ਕੋਲ ਜਾਕੇ ਤੇ।

ਜਿਸ ਰਾਣੀ ਨੂੰ ਰਾਜਾ ਹੀ ਮਿਲ ਜਾਵੇ
ਦੱਸੋ ਕਾਸਦੀ ਉਸਨੂੰ ਥੋੜ ਰਹਿੰਦੀ
ਦਾਤਾਂ ਦੇਣ ਵਾਲਾ ਜੇਕਰ ਮੰਗ ਲਈਏ
ਦਾਤਾਂ ਮੰਗਣ ਦੀ ਫੇਰ ਨਾ ਲੋੜ ਰਹਿੰਦੀ।

ਹੁੰਦਾ ਸਿਰ ਦੁੱਖਾਂ ਦੇ ਦੁੱਖ ਜੇਕਰ
ਉਹਦੇ ਨਾਮ ਬਾਝੋਂ ਕੁਝ ਹੋਰ ਮੰਗੋ
ਭੁੱਖ ਮਨ ਦੀ ਸਦਾ ਲਈ ਮਿਟ ਜਾਂਦੀ
ਕਾਬੂ ਪੰਜਾਂ ਵਿਕਾਰਾਂ ਜਿਹੇ ਚੋਰ ਮੰਗੋ।

ਮੰਗਣ ਵਾਲਿਓ ਜੇਕਰ ਮੰਗਣਾ ਹੈ
ਐਵੇਂ ਮੰਗੋ ਨਾ ਵਸਤਾਂ ਦੇ ਵਸ ਹੋ ਕੇ
ਇਹਨਾਂ ਵਸਤਾਂ ਦੇ ਕਰਤੇ ਨੂੰ ਮੰਗ ਵੇਖੋ
ਆਪੇ ਮਿਲਣਗੀਆਂ ਇਕ ਤੋਂ ਦਸ ਹੋ ਕੇ।

ਕਈ ਆਖਦੇ ਮੰਗਣਾ ਲਾਜ਼ਮੀ ਹੈ
ਹੁੰਦੀ ਮੰਗਣ ਤੇ ਛੇਤੀ ਤੇ ਹਾਂ ਵੀ ਨਹੀਂ।
ਰੋ ਕੇ ਮੰਗਦਾ ਜਿੰਨਾ ਚਿਰ ਨਹੀਂ ਬੱਚਾ
ਦਿੰਦੀ ਦੁੱਧ ਹੀ ਉਸਨੂੰ ਮਾਂ ਵੀ ਨਹੀਂ।

ਕਈ ਆਖਦੇ ਬੇਸ਼ਕ ਨਾ ਬਾਲ ਰੋਵੇ
ਲੇਕਿਨ ਮਾਂ ਨੂੰ ਸਦਾ ਧਿਆਨ ਹੁੰਦਾ
ਉਵੇਂ ਰੱਬ ਨੂੰ ਸਾਰੇ ਸੰਸਾਰ ਦੀ ਹੀ
ਹਰ ਲੋੜ ਦਾ ਆਪੇ ਗਿਆਨ ਹੁੰਦਾ।

ਜੇਕਰ ਕਿਸੇ ਪਰਿਵਾਰ ਵਿਚ ਬਾਲ ਕੋਈ
ਪਿਤਾ ਪਾਸੋਂ ਕੋਈ ਮੰਗ ਅਜਿਹੀ ਮੰਗੇ
ਪਿਛੇ ਆਪਣੀ ਲੋੜ ਨੂੰ ਛੱਡ ਕੇ ਤੇ
ਸਗੋਂ ਭੈਣ ਭਰਾਵਾਂ ਦੇ ਲਈ ਮੰਗੇ।

ਬਾਪ ਦੇਖਦਾ ਮੇਰਾ ਜੇ ਇਹ ਬੱਚਾ
ਸੰਤਾਨ ਮੇਰੀ ਦਾ ਇੰਨਾ ਸਤਿਕਾਰ ਕਰਦਾ
ਪਿਛੇ ਛੱਡ ਕੇ ਬਾਪ ਫਿਰ ਸਾਰਿਆਂ ਨੂੰ
ਜ਼ਿਆਦਾ ਉਸੇ ਨੂੰ ਸਭ ਤੋਂ ਪਿਆਰ ਕਰਦਾ।

ਜਿੱਦਾਂ ਮਾਂ ਕੋਈ ਖੇਡਣ ਲਈ ਬੱਚਿਆਂ ਨੂੰ
ਖਤਰਨਾਕ ਨਾ ਕਦੇ ਹਥਿਆਰ ਦੇਵੇ
ਏਵੇਂ ਰੱਬ ਵੀ ਬੰਦੇ ਦਾ ਭਲਾ ਚਾਹਵੇ
ਗ਼ਲਤ ਮੰਗ ਨੂੰ ਸਦਾ ਵਿਸਾਰ ਦੇਵੇ।

ਮਨੋਕਾਮਨਾ ਦੇ ਅਸੀਂ ਪਏ ਪਿਛੇ
ਲੇਕਿਨ ਉਹ ਸ਼ੁਭਕਾਮਨਾ ਭਾਲਦਾ ਏ
ਅਸੀਂ ਆਪਣੀ ਲੋੜ ਨਾਲ ਜੁੜੇ ਕੇਵਲ
ਉਹ ਸਮੁੱਚੇ ਸੰਸਾਰ ਨੂੰ ਪਾਲਦਾ ਏ।

ਮਾਪੇ ਕਦੇ ਕੁਮਾਪੇ ਨਹੀਂ ਬਣਦੇ
ਲੇਕਿਨ ਪੁੱਤ ਕਪੁੱਤ ਤਾਂ ਹੋ ਜਾਂਦੇ
ਇੱਛਾ ਪੂਰੀ ਨਾ ਜੇਕਰ ਦਿਖੇ ਹੁੰਦੀ
ਉਠ ਮਾਪਿਆਂ ਵਿਰੁੱਧ ਖਲੋ ਜਾਂਦੇ।

ਬੰਦਾ ਮਨ ਦੀ ਅਵਸਥਾ ਅਨੁਕੂਲ ਹੋਕੇ
ਸ਼ੁਰੂ ਵਿਚ ਪਦਾਰਥਕ ਸੁੱਖ ਮੰਗਦਾ
ਧਰਮ, ਅਰਥ, ਕਾਮ ਅਤੇ ਮੋਕਸ਼
ਪਹਿਲਾਂ ਸਾਹਮਣੇ ਫੇਰ ਉਹ ਲੁਕ ਮੰਗਦਾ।

ਫੇਰ ਸੇਵਾ ਤੇ ਸਿਮਰਨ ਦੇ ਨਾਲ ਜੁੜ ਕੇ
ਸਿਰਜਣਹਾਰ ਦੇ ਨਾਮ ਦੀ ਭੁੱਖ ਮੰਗਦਾ
ਉਹ ਅਵਸਥਾ ਤਾਂ ਬਹੁਤ ਹੀ ਹੈ ਉੱਚੀ
ਜਦੋਂ ਆਪਣੇ ਲਈ ਉਹ ਦੁੱਖ ਮੰਗਦਾ।

ਕਿਸੇ ਲੋੜ ਨੂੰ ਮੰਗਣ ਦੀ ਲੋੜ ਨਾਹੀਂ
ਜੇਕਰ ਉਸ ਨੂੰ ਜਾਣੀ ਜਾਣ ਜਾਣੋ
ਪੱਥਰ ਵਿਚ ਵੀ ਕੀੜੇ ਨੂੰ ਰਿਜ਼ਕ ਦਿੰਦਾ
ਦਾਤਾਂ ਵਾਲੇ ਦੀ ਦਾਤ ਨੂੰ ਪਹਿਚਾਣੋ।

ਭਲਾ ਮੰਗੀਏ ਜੇਕਰ ਸਰਬੱਤ ਵਾਲਾ
ਸਰਬੱਤ ਵਿਚ ਤਾਂ ਅਸੀਂ ਵੀ ਆਂਵਦੇ ਹਾਂ
ਪਿਤਾ ਆਪਣੇ ਨੂੰ ਇੰਝ ਖੁਸ਼ ਕਰਕੇ
ਭੀਖ ਰਹਿਮ ਦੀ ਉਸ ਤੋਂ ਪਾਂਵਦੇ ਹਾਂ।

ਏਸੇ ਕਰਕੇ ਸਰਬੱਤ ਦੇ ਪਿਤਾ ਕੋਲੋਂ
ਚਾਹੇ ਅੱਜ ਮੰਗੀਏ ਚਾਹੇ ਕੱਲ੍ਹ ਮੰਗੀਏ
ਉਹਦੇ ਹੁਕਮ ਤੇ ਭਾਣੇ ਦੇ ਵਿਚ ਰਹੀਏ
ਉਹਦੀ ਰਜ਼ਾ ਵਿਚ ਰਹਿਣ ਦਾ ਵਲ ਮੰਗੀਏ।

# ਰੱਖੜੀ

ਸੁਹਣੇ ਗੁਟਾਂ ਤੇ ਸੋਹਣੀਆਂ ਰੱਖੜੀਆਂ ਨੂੰ
ਬੰਨ੍ਹਣ ਵਾਲਿਓ ਵੀਰਿਓ ਗੱਲ ਸਿਖੀਏ।
ਸਾਲ ਭਰ ਤੋਂ ਜਿਸ ਨੂੰ ਉਡੀਕਦੇ ਸੀ
ਓਹੀ ਤਿਉਹਾਰ ਮਨਾਉਣ ਦਾ ਵੱਲ ਸਿਖੀਏ।

ਗੁੱਟ ਦੇਖ ਕੇ ਬੜੇ ਹੀ ਖੁਸ਼ ਹੋਈਏ
ਜਿਥੇ ਭੈਣਾਂ ਨੇ ਰਖੜੀ ਬੰਨੀ ਸਾਡੇ
'ਕੱਚੇ ਧਾਗੇ ਵਿਚ ਬਧਾ ਪਿਆਰ ਪੱਕਾ'
ਇਹੋ ਗੱਲ ਅੱਜ ਘੁੰਮਦੀ ਕੰਨੀ ਸਾਡੇ।

ਟੀ.ਵੀ ਰੇਡੀਓ ਅਤੇ ਅਖ਼ਬਾਰ ਵਾਲੇ
ਜਦੋਂ ਭੈਣ ਤੇ ਵੀਰ ਦੀ ਗੱਲ ਕਰਦੇ
ਮਨੋਕਲਪਿਤ ਕਹਾਣੀਆਂ ਘੜ ਘੜ ਕੇ
ਇਸ਼ਾਰਾ ਆਪਣਾ ਰੱਖੜੀ ਵੱਲ ਕਰਦੇ।

ਤੋਹਫ਼ੇ ਨਾਲ ਰੁਪਈਆਂ ਦੇ ਜੋੜ ਕੇ ਤੇ
ਅਸੀਂ ਆਖਦੇ ਪੂਰੇ ਸਤਿਕਾਰ ਅੰਦਰ
ਇਹ ਤਾਂ ਕੋਈ ਕੀਮਤ ਨਹੀਂ ਰਖੜੀ ਦੀ
ਭੈਣੇ ਰਖ ਲੈ ਵੀਰੇ ਦੇ ਪਿਆਰ ਅੰਦਰ।

ਅਸੀਂ ਸਮਝਦੇ ਆਪ ਨੂੰ ਖ਼ੁਸ਼ਕਿਸਮਤ
ਆਪਣੇ ਆਪ ਨੂੰ ਉਹਨਾਂ ਭਰਾਵਾਂ ਨਾਲੋਂ
ਰੱਖੜੀ ਬੰਨ੍ਹਣ ਲਈ ਜਿਹਨਾਂ ਦੇ ਭੈਣ ਹੈ ਨਹੀਂ
ਸੁੰਨੇ ਗੁਟ ਤੇ ਹਸਰਤੀ ਨਿਗਾਹਾਂ ਨਾਲੋਂ।

ਸਿਰਫ ਆਪਦੀ ਭੈਣ ਦੀ ਰੱਖਿਆ ਦੀ
ਅਸੀਂ ਖਾਂਵਦੇ ਸਹੁੰ ਹਾਂ ਮਨ ਅੰਦਰ
ਲਾਜ ਸਹੁੰ ਦੀ ਰਖਣੀ ਵਸ ਨਾਹੀਂ
ਇਹ ਭੀ ਰੜਕਦੀ ਸਾਡੇ ਹੈ ਤਨ ਅੰਦਰ।

ਭਾਵੇਂ ਜਾਣੀਏ ਅਸੀਂ ਇਹ ਗੱਲ ਜਿਸ ਦਿਨ
ਦੰਗੇ ਹੋਣੇ ਹਜੂਮ ਨੇ ਭੜਕ ਜਾਣਾ
ਕੱਚੇ ਧਾਗਿਆਂ ਡੋਰੀਆਂ ਨਾਲ ਭਰਿਆ
ਰੱਖੜੀ ਵਾਲਾ ਨਾ ਗੁੱਟ ਫਿਰ ਕੰਮ ਆਣਾ।

ਬਚਨ ਦਿੱਤਾ ਜੋ ਭੈਣ ਨੂੰ ਰੱਖਿਆ ਦਾ
ਫੂਕ ਦੇਣਾ ਹਜੂਮ ਨੇ ਤੇਲ ਪਾ ਕੇ
ਜਾਨ ਆਪਦੀ ਦਾ ਪੈ ਫਿਕਰ ਜਾਣਾ
ਪੈਣਾ ਭੱਜਣਾ ਸਾਨੂੰ ਵੀ ਬਚ ਬਚਾ ਕੇ।

ਐਪਰ ਬਚ ਨਾ ਸਾਥੋਂ ਵੀ ਉਦੋਂ ਹੋਣਾ
ਬਚੇ ਸਾਹਾਂ ਦਾ ਐਵੇਂ ਧਰਵਾਸ ਹੁੰਦਾ
ਆਪਾ ਮਰ ਜਾਏ ਜਿਸਮ ਵਿਚ ਜਾਨ ਹੋਵੇ
ਉਹ ਬੰਦਾ ਤਾਂ ਜਿਉਂਦੀ ਹੀ ਲਾਸ਼ ਹੁੰਦਾ।

ਕਿਸੇ ਹੋਰ ਨਾ ਰੱਖੜੀ ਬੰਨ੍ਹੀ ਸਾਡੇ
ਨਾ ਹੀ ਦਿੱਤਾ ਹੈ ਬਚਨ ਹਿਫ਼ਾਜ਼ਤਾਂ ਦਾ
ਕੰਮ ਤਾਹੀਓਂ ਅਸੀਂ ਕਿਸੇ ਦੇ ਆਵਣਾ ਨਹੀਂ
ਦੂਰ ਫਿੱਟੇ ਮੂੰਹ ਸਾਡੀਆਂ ਲਿਆਕਤਾਂ ਦਾ।

ਅਸੀਂ ਮਨ ਦੇ ਵਲ ਨੂੰ ਮੁੱਖ ਕਰਕੇ
ਰੀਸੋ ਰੀਸ ਹੀ ਬੰਨੀ ਬਨ੍ਹਾਈ ਜਾਈਏ
ਕਿਸੇ ਗੱਲ ਦੀ ਤਹਿ ਵਿਚ ਜਾਣ ਨਾਲੋਂ
ਗੁੱਟ ਰੱਖੜੀਆਂ ਨਾਲ ਸਜਾਈ ਜਾਈਏ।

ਇਹ ਰੱਖੜੀ ਕਿਸ ਤਰ੍ਹਾਂ ਸ਼ੁਰੂ ਹੋਈ
ਝਾਤੀ ਮਾਰੀਏ ਜਦੋਂ ਇਤਿਹਾਸ ਅੰਦਰ
ਕਿਸੇ ਰਾਜੇ ਦੇ ਜੰਗ ਤੇ ਜਾਣ ਵੇਲੇ
ਉਹਦੀ ਰਾਣੀ ਨੇ ਬੰਨ੍ਹੀ ਵਿਸ਼ਵਾਸ ਅੰਦਰ।

ਮੇਰੀ ਇੱਜ਼ਤ ਦਾ ਹੋਰ ਨਾ ਕੋਈ ਰਾਖਾ
ਸਮਝ ਵਾਸਤਾ ਰਾਜਨ ਤੈਂ ਜਾਣ ਜਾਣਾ
ਬਣੂ ਪਰੇਰਨਾ ਅਣਖ ਨਾਲ ਜੂਝਣੇ ਦੀ
ਧਾਗੇ ਵੱਲ ਹੈ ਜਦੋਂ ਧਿਆਨ ਜਾਣਾ।

ਇਕ ਹੋਰ ਕਹਾਣੀ ਵੀ ਸੁਣੀਂਦੀ ਏ
ਕਿਸੇ ਰਾਜੇ ਤੇ ਕਿਸੇ ਚੜ੍ਹਾਈ ਕੀਤੀ
ਗਵਾਂਢੀ ਰਾਜੇ ਤੋਂ ਸਹਾਇਤਾ ਲੈਣ ਖਾਤਿਰ
ਭੇਜ ਰੱਖੜੀ ਰਾਣੀ ਚਲਾਈ ਨੀਤੀ।

ਬਸ ਇਹਨਾਂ ਕਹਾਣੀਆਂ ਨਾਲ ਬੱਝੇ
ਲੋਕੀਂ ਰੱਖੜੀ ਬੰਨੀ ਬਨਾਈ ਜਾਂਦੇ
ਜੋੜ ਪੈਸਿਆਂ ਨਾਲ ਇਸ ਰੱਖੜੀ ਨੂੰ
ਲੈਣ ਦੇਣ ਦੀ ਨੀਤੀ ਅਪਣਾਈ ਜਾਂਦੇ।

ਔਰਤ ਮਰਦ ਤੋਂ ਨਹੀਂ ਕਮਜ਼ੋਰ ਲੇਕਿਨ
ਹੀਣ ਭਾਵਨਾ ਅਸੀਂ ਵਧਾਂਵਦੇ ਹਾਂ
ਮਰਦ ਬਿਨਾਂ ਨਾ ਔਰਤ ਦੀ ਰੱਖਿਆ ਹੈ
ਰੱਖੜੀ ਨਾਲ ਅਹਿਸਾਸ ਕਰਾਂਵਦੇ ਹਾਂ।

ਕਿਤੇ ਸੁਣਿਐ ਕਿ ਭੈਣ ਨੇ ਵੀਰ ਕੋਲੋਂ
ਕੋਈ ਰੱਖੜੀ ਕਦੇ ਬਨਵਾਈ ਹੋਵੇ
ਮਦਦ ਭੈਣ ਵੀ ਵੀਰ ਦੀ ਕਰ ਸਕਦੀ
ਜੇਕਰ ਵੀਰ ਦੀ ਹਾਲਤ ਤਰਸਾਈ ਹੋਵੇ।

ਮਾਈ ਭਾਗੋ ਦੀ ਵਾਰਿਸ ਕਮਜ਼ੋਰ ਨਾਹੀਂ
ਲੜੀ ਸਿੰਘਣੀ ਵਾਂਗ ਲਲਕਾਰ ਇਹ ਤਾਂ
'ਇਹ ਜੁੱਤੀ ਨਹੀਂ, ਜਨਣੀ ਹੈ ਰਾਜਿਆਂ ਦੀ'
ਬਾਬੇ ਨਾਨਕ ਨੇ ਦਿੱਤੀ ਸਤਿਕਾਰ ਇਹ ਤਾਂ।

ਔਰਤ ਨੂੰ ਸਤਿਕਾਰ ਦਿਵਾਉਣ ਖਾਤਿਰ
ਸਤੀ ਰਸਮ ਸੀ ਗੁਰਾਂ ਨੇ ਬੰਦ ਕੀਤੀ
ਸਮਾਜ ਵਿਚ ਸਮਾਨਤਾ ਲਿਆਏ ਜੇਹੜੀ
ਚੰਗੀ ਨੀਤੀ ਸੀ ਗੁਰਾਂ ਪਾਬੰਦ ਕੀਤੀ।

ਤਾਹੀਓਂ ਐਸੇ ਵੀ ਵੀਰ ਨੇ ਜੱਗ ਅੰਦਰ
ਸੋਚ ਸਵਾਰਥੀ ਕੋਲ ਨਾ ਢੁਕਦੇ ਜੋ
ਸਿਰਫ ਆਪਦੀ ਭੈਣ ਦੀ ਰੱਖਿਆ ਦੀ
ਬੰਨ੍ਹ ਕੇ ਰੱਖੜੀ ਸਹੁੰ ਨਾ ਚੁਕਦੇ ਜੋ।

ਅਣਡਿੱਠ ਜਿਹੀ ਰੱਖੜੀ ਵਿਚ ਉਹ ਤਾਂ
ਸਦਾ ਸਮਝਦੇ ਘਿਰੇ ਹੋਏ ਆਪ ਨੂੰ ਉਹ
ਸਾਰੇ ਜੱਗ ਨੂੰ ਭੈਣ ਭਰਾ ਸਮਝਣ
ਇਕੋ ਸਮਝਣ ਸੰਸਾਰ ਤੇ ਬਾਪ ਨੂੰ ਉਹ।

ਕਿਹੋ ਜਿਹੀ ਹੈ ਰੱਖੜੀ ਬੰਨ੍ਹ ਰੱਖੀ
ਕਿਹੋ ਜਿਹੇ ਤਿਉਹਾਰ ਉਹ ਮਾਣਦੇ ਨੇ
ਜਦੋਂ ਵੇਖਣ ਪਰਾਈਆਂ ਚੰਗੀਆਂ ਨੂੰ
ਮਾਵਾਂ ਭੈਣਾਂ ਤੇ ਧੀਆਂ ਉਹ ਜਾਣਦੇ ਨੇ।

ਸਿਰਫ ਭੈਣ ਹੀ ਨਹੀਂ ਬਲਕਿ ਕਿਸੇ ਨੂੰ ਵੀ
ਲੋੜ ਮਦਦ ਦੀ ਕਦੇ ਵੀ ਆ ਜਾਵੇ
ਮਦਦ ਕਰਦਿਆਂ ਆਪਾ ਗਵਾ ਲੈਂਦੇ
ਇਹੋ ਗੱਲ ਬਸ ਗੁਰੂ ਨੂੰ ਭਾਅ ਜਾਵੇ।

ਹਿੰਦੋਸਤਾਨ 'ਚੋਂ ਬੰਨ੍ਹ ਕੇ ਔਰਤਾਂ ਨੂੰ
ਜਦੋਂ ਧਾੜਵੀ ਨਾਲ ਲਜਾਂਵਦੇ ਸੀ
ਰਖ ਤਲੀਆਂ ਤੇ ਜਾਨਾਂ ਇਹ ਜੂਝਦੇ ਸੀ
ਵਾਪਸ ਕੁੜੀਆਂ ਨੂੰ ਘਰੀਂ ਪੁਚਾਂਵਦੇ ਸੀ।

ਇਹ ਉਸੇ ਧਰਮ ਦੇ ਲੋਗ ਹੀ ਨੇ
ਜਿਸ ਧਰਮ ਨੂੰ ਗੁਰੂਆਂ ਨੇ ਛਾਂ ਕੀਤੀ
ਬਾਬੇ ਨਾਨਕ ਨੇ ਇਹੀ ਸਮਝਾਉਣ ਖਾਤਿਰ
ਧਾਗੇ ਵਾਲੇ ਜਨੇਊ ਤੋਂ ਨਾਂਹ ਕੀਤੀ।

ਕਰਮ-ਕਾਂਡਾਂ ਤੋਂ ਵਰਜਿਆ ਬਾਬੇ ਸਾਨੂੰ
ਕੱਚੇ ਧਾਗੇ ਤਾਂ ਹੁੰਦਾ ਹੈ ਟੁੱਟ ਜਾਣਾ
ਜਤ, ਸਤ, ਸੰਤੋਖ ਤੇ ਦਿਆ ਨੂੰ ਹੀ
ਧਾਰਨ ਕਰਨਾ ਹੀ ਹੁੰਦਾ ਜਨੇਊ ਪਾਣਾ।

ਬਾਬੇ ਨਾਨਕ ਦੀ ਸੋਚ ਦੇ ਉਲਟ ਜਾ ਕੇ
ਜਨੇਊ ਵਾਂਗ ਜੋ ਰੱਖੜੀ ਬੰਨ੍ਹਦੇ ਨੇ
ਕਰਮਕਾਂਡ ਲਈ ਸਦਾ ਤਿਆਰ ਰਹਿੰਦੇ
ਗੁੜੀ ਰਮਜ਼ ਨਾ ਏਸਦੀ ਮੰਨਦੇ ਨੇ।

ਭੈਣ ਦਿਖੇ ਪਰਾਈ ਦੇ ਵਿਚ ਜੇ ਨਾ
ਤਾਂ ਇਹ ਚੋਚਲੇ ਕਿਸੇ ਵੀ ਮੁੱਲ ਦੇ ਨਹੀਂ
ਆਚਰਣ ਪੱਖੋਂ ਤਾਂ ਕਈ ਨੇ ਗਿਰੇ ਹੁੰਦੇ
ਐਪਰ ਰੱਖੜੀ ਬੰਨਣਾ ਭੁੱਲਦੇ ਨਹੀਂ।

ਹੁੰਦੀ ਆਪਣੀ ਭੈਣ ਤਾਂ ਭੈਣ ਹੀ ਏ
ਫਾਇਦਾ ਕੀ ਇਹ ਗੱਲ ਦੁਹਰਾਉਣ ਦਾ ਏ
ਸਦਾ ਦੂਜੇ ਦੀ ਭੈਣ ਨੂੰ ਭੈਣ ਸਮਝੋ
ਰੱਖੜੀ ਮਤਲਬ ਇਹ ਗੱਲ ਅਪਣਾਉਣ ਦਾ ਏ।

ਉਪਰ ਉਠ ਕੇ ਫੋਕੇ ਦਿਖਾਵਿਆਂ ਤੋਂ
ਬਾਬੇ ਨਾਨਕ ਦੀ ਗੱਲ ਨੂੰ ਮੰਨ ਲਈਏ
ਉੱਚਾ ਆਚਰਣ ਸਰਬੱਤ ਦੇ ਭਲੇ ਵਾਲੀ
ਬਸ ਇਕੋ ਹੀ ਰੱਖੜੀ ਬੰਨ੍ਹ ਲਈਏ।

◆◆◆◆◆

# ਜਨਮ ਦਿਨ

ਦੁੱਖਾਂ ਭਰੇ ਹੋਏ ਏਸ ਸੰਸਾਰ ਅੰਦਰ
ਸੁੱਖ ਵੰਡਣ ਤਾਂ ਆਂਵਦਾ ਕੋਈ ਕੋਈ।
ਸੱਚ ਧਰਮ ਵਾਲੀ ਕਦੇ ਗੱਲ ਕਰਕੇ
ਜੱਗ ਵਿਚ ਠੰਢ ਵਰਤਾਂਵਦਾ ਕੋਈ ਕੋਈ।
ਆਪੋ ਧਾਪੀ ਦੀ ਨੀਤੀ ਤੋਂ ਕਰ ਪਾਸੇ
ਸਭ ਤੋਂ ਭਲਾ ਮੰਗਵਾਂਵਦਾ ਕੋਈ ਕੋਈ।
ਪਰਉਪਕਾਰ ਨੂੰ ਰੱਖ ਕੇ ਦਿਲ ਅੰਦਰ
ਸਭ ਕੁਝ ਦਾਅ ਤੇ ਲਗਾਂਵਦਾ ਕੋਈ ਕੋਈ।

ਬਣਦਾ ਪਥ ਪਰਦਰਸ਼ਕ ਜੋ ਦੂਜਿਆਂ ਲਈ
ਲੋਕੀਂ ਉਸਦੀਆਂ ਯਾਦਾਂ ਦੁਹਰਾਂਵਦੇ ਨੇ।
ਇਹੋ ਜਿਹਾਂ ਦੀ ਜੱਗ ਤੇ ਲੋੜ ਰਹਿੰਦੀ
ਲੋਕੀਂ ਮੁੜਨ ਦੀਆਂ ਆਸਾਂ ਪ੍ਰਗਟਾਂਵਦੇ ਨੇ।
ਸਿਧਾਂਤ ਉਹਦਾ ਦ੍ਰਿੜ੍ਹਾਉਣ ਲਈ ਜੱਗ ਅੰਦਰ
ਸੰਗਤ ਬਣ ਫਿਰ ਸੀਸ ਝੁਕਾਂਵਦੇ ਨੇ।
ਉਹਦੇ ਜਨਮ ਦੇ ਦਿਨ ਨੂੰ ਕਹਿ ਚੰਗਾ।
ਉਹੋ ਦਿਨ ਫਿਰ ਰਲ ਕੇ ਮਨਾਂਵਦੇ ਨੇ।

ਕੰਮ ਆਉਂਦੇ ਜੋ ਸਦਾ ਮਨੁੱਖਤਾ ਦੇ
ਵਜੋਂ ਪਰੇਰਨਾ ਲੋਕੀਂ ਵਡਿਆਉਣ ਲੱਗ ਪਏ।
ਧਰਮ ਕੌਮ ਦੀ ਜਿਨ੍ਹਾਂ ਨੇ ਕਰੀ ਸੇਵਾ
ਕੀਰਤ ਉਹਨਾਂ ਦੀ ਰਲ ਮਿਲ ਗਾਉਣ ਲੱਗ ਪਏ।
ਜਿਸ ਦਿਨ ਦਾ ਖਾਸ ਇਤਿਹਾਸ ਹੋਵੇ
ਉਸ ਦਿਨ ਨੂੰ ਖੁਸ਼ੀ ਦਰਸਾਉਣ ਲੱਗ ਪਏ।
ਗੁਰੂਆਂ, ਭਗਤਾਂ ਤੇ ਸਿੰਘਾਂ ਸ਼ਹੀਦਾਂ ਵਾਲੇ
ਜਨਮ ਦਿਨ ਇੰਝ ਲੋਕੀਂ ਮਨਾਉਣ ਲੱਗ ਪਏ।

ਸੰਗਤੀ ਰੂਪ ਵਿਚ ਗੁਰੂ ਕੋਲ ਬੈਠਣੇ ਦਾ
ਜਨਮ ਦਿਨ ਤਾਂ ਕੇਵਲ ਬਹਾਨਾ ਹੁੰਦੈ।
ਮੱਤਿ ਗੁਰੂ ਦੀ ਰਲ ਵਿਚਾਰਨ ਦੇ ਲਈ
ਸਾਰੀ ਸੰਗਤ ਇਕੱਠੇ ਬਹਿ ਜਾਣਾ ਹੁੰਦੈ।
ਕੀਰਤ ਕਰ ਜਗਤ ਤੇ ਮਾਲਿਕ ਅੱਗੇ
ਮਿਲੇ ਹੁਕਮ ਤੇ ਫੁੱਲ ਚੜ੍ਹਾਣਾ ਹੁੰਦੈ।
ਉਸਾਰੂ ਬਿਰਤੀ ਨੂੰ ਇੰਝ ਅਪਣਾਅ ਕੇ ਤੇ
ਸਬੰਧਤ ਦਿਨ ਨੂੰ ਸਾਰਥਿਕ ਬਨਾਣਾ ਹੁੰਦੈ।

ਐਪਰ ਅਸੀਂ ਤਾਂ ਪੱਛਮੀ ਰੀਸ ਕਾਰਣ
ਆਪਣੇ ਵਿਰਸੇ ਨੂੰ ਦਿਲੋਂ ਭੁਲਾਅ ਦਿੱਤਾ।
ਗੁਰੂਆਂ, ਭਗਤਾਂ ਤੇ ਸਿੰਘਾਂ ਸ਼ਹੀਦਾਂ ਦੇ ਨਾਲ
ਸਬੰਧਤ ਦਿਨਾਂ ਨੂੰ ਅਸੀਂ ਠੁਕਰਾਅ ਦਿੱਤਾ।
ਉਲਟਾ ਆਪਦੇ ਹੀ ਜਨਮ ਦਿਨਾਂ ਦੇ ਨਾਲ
ਜੱਫਾ ਬੱਚਿਆਂ ਵਾਲਾ ਮਰਵਾ ਦਿੱਤਾ।
ਇੰਝ ਗੁਰੂ ਦੇ ਵਲ ਨੂੰ ਪਿੱਠ ਕਰਕੇ
ਮਨਮੁਖਾਂ 'ਚ ਨਾਮ ਲਿਖਵਾ ਦਿੱਤਾ।

ਲੋਕਾਈ ਵਾਸਤੇ ਕਿਸੇ ਦੀ ਦੇਣ ਤੱਕ ਕੇ
ਦਿਨ ਦੂਜੇ ਦਾ ਲੋਕੀਂ ਮਨਾਂਵਦੇ ਨੇ।
ਲੇਕਿਨ ਹਉਮੈ ਵਿਚ ਫਸੇ ਹੋਏ ਲੋਕ ਅੱਜ ਕੱਲ੍ਹ
ਮੀਆਂ ਮਿੱਠੂ ਤਾਂ ਆਪੇ ਅਖਵਾਂਵਦੇ ਨੇ।
ਏਸ ਧਰਤੀ ਤੇ ਬਣਦੇ ਨੇ ਭਾਰ ਜਿਹੜੇ
ਘਟ ਆਪ ਨੂੰ ਨਹੀਂ ਗਣਾਂਵਦੇ ਨੇ।
ਪਰਉਪਕਾਰ ਨੂੰ ਨਫ਼ਰਤ ਜੋ ਲੋਕ ਕਰਦੇ
ਵਾਰੇ ਆਪਤੋਂ ਆਪੇ ਉਹ ਜਾਂਵਦੇ ਨੇ।

ਮਾਣ ਵਿਰਸੇ ਦਾ ਲੋਕ ਜੋ ਨਹੀਂ ਕਰਦੇ
ਹੀਣ ਸਮਝਦੇ ਆਪਣੇ ਆਪ ਨੂੰ ਇਹ।
ਯੋਰਪ ਪੱਛਮ ਦੀ ਰੀਸ ਇਹ ਚਾਹੁਣ ਕਰਨੀ
ਗੋਬਿੰਦ ਸਿੰਘ ਜਿਹੇ ਭੁਲ ਕੇ ਬਾਪ ਨੂੰ ਇਹ।
ਵਿਰਸਾ ਦਸਦੇ ਨਾ ਜੋ ਬੱਚਿਆਂ ਨੂੰ
ਆਖਿਰ ਭੋਗਦੇ ਬੈਠ ਸੰਤਾਪ ਨੂੰ ਇਹ।
ਗਿੱਦੜਾਂ ਵਾਂਗ ਨੇ ਟੋਇਆਂ 'ਚ ਡਿਗ ਕੇ ਤੇ
ਪੁੰਨ ਦਸਦੇ ਹੋ ਰਹੇ ਪਾਪ ਨੂੰ ਇਹ।

ਕਦੋਂ ਜਨਮ ਹੈ ਗੁਰੂਆਂ ਤੇ ਖਾਲਸੇ ਦਾ
ਅਸੀਂ ਗਏ ਹਾਂ ਸਾਰੇ ਹੀ ਭੁੱਲ ਅੱਜ ਕੱਲ੍ਹ।
ਲੇਕਿਨ ਰਿਸ਼ਤੇਦਾਰਾਂ ਤੇ ਮਿੱਤਰਾਂ ਦੇ
ਸਾਨੂੰ ਯਾਦ ਨੇ ਕੁਲ ਦੇ ਕੁਲ ਅੱਜ ਕੱਲ੍ਹ।
ਆਪਣੇ ਆਪ ਨੂੰ ਤਕ ਨਾ ਸ਼ਰਮ ਆਉਂਦੀ
ਜੋ ਖਿੜਾਉਨਿਆਂ ਹਰ ਰੋਜ਼ ਗੁਲ ਅੱਜਕੱਲ੍ਹ।
ਮੁਬਾਰਕ ਜਨਮ ਨੂੰ ਆਖੀਏ ਅਸੀਂ ਕੇਵਲ
ਭਾਵੇਂ ਅਰਥ ਤਾਂ ਗਏ ਨੇ ਰੁਲ ਅੱਜ ਕੱਲ੍ਹ।

ਜਨਮ ਦਿਨ ਦਾ ਮਕ਼ਸਦ ਤਾਂ ਦਾਅਵਤ ਬਣਿਆ
ਸ਼ਰਾਬ ਵਾਲੀ ਨਾ ਜਿਥੇ ਪਾਬੰਦੀ ਹੋਵੇ।
ਉਥੇ ਨੱਚਣ ਨਚਾਉਣ ਦੀ ਖੁਲ੍ਹ ਹੋਵੇ
ਦਿਨ ਰਾਤ ਦੀ ਨਾ ਹਦਬੰਦੀ ਹੋਵੇ।
ਰਸਮੀ ਤੌਰ ਤੇ ਅਸੀਂ ਤਾਂ ਵੱਡੇ ਬਣਦੇ
ਹਾਲਤ ਇਖਲਾਕ ਦੀ ਕਿੰਨੀ ਹੀ ਮੰਦੀ ਹੋਵੇ।
ਆਪਣੇ ਵਰਗੇ ਹੀ ਉਦੋਂ ਮਹਿਮਾਨ ਹੁੰਦੇ
ਜ਼ਮੀਰ ਆਪਦੀ ਜਦੋਂ ਬਹੁਤ ਗੰਦੀ ਹੋਵੇ।

ਭਵਿੱਖ ਬੱਚਿਆਂ ਦਾ ਅਸੀਂ ਜਾਣਦੇ ਨਾ
ਕਿਸ ਨੇ ਇੱਜ਼ਤ ਤੇ ਕਿਸ ਨੇ ਬਦਨਾਮੀ ਦੇਣੀ।
ਕਿਸ ਦੀ ਖੁਸ਼ੀ ਮਨਾਈ ਨੇ ਰਾਸ ਆਉਣਾ
ਕਿਸ ਨੇ ਮਾਪਿਆਂ ਪ੍ਰਤੀ ਨਾਕਾਮੀ ਦੇਣੀ।
ਸਭ ਕੁਝ ਨੂੰ ਜਾਣਦੇ ਬੁਝਦੇ ਫਿਰ
ਪਾਖੰਡਬਾਜੀ ਨੂੰ ਕਾਸਤੋਂ ਹਾਮੀ ਦੇਣੀ।
ਜਨਮ ਦਿਨ ਦੇ ਅਰਥ ਵਿਗਾੜ ਕੇ ਤੇ
ਕਾਹਤੋਂ ਬਚਪਨ ਦੇ ਵਿਚ ਸਲਾਮੀ ਦੇਣੀ।

ਪਹਿਲਾਂ ਯੋਗ ਉਸਨੂੰ ਉਸਦੇ ਕਰੀਦਾ ਹੈ
ਜਨਮ ਦਿਨ ਤਾਂ ਜਿਸਦਾ ਮਨਾਈਦਾ ਹੈ।
ਆਪਣੇ ਵਿਰਸੇ ਦੇ ਸਾਰੇ ਸੰਸਕਾਰ ਭਰ ਕੇ
ਪੈਰ ਸੱਚ ਦੇ ਵਲ ਪੁਟਾਈਦਾ ਹੈ।
ਨਹੀਂ ਤਾਂ ਸਿਰਾਂ ਦੇ ਵਿਚ ਸੁਆਹ ਪੈਣੀ
ਪਿਛੋਂ ਹਉਕੇ ਨਾ ਭਰ ਦਿਖਲਾਈਦਾ ਹੈ।
ਵੱਡਾ ਹੋਕੇ ਇੱਜਤ ਨਾ ਰੋਲ ਦੇਵੇ
ਏਸ ਗੱਲ ਨੂੰ ਸੋਚ ਡਰ ਜਾਈਦਾ ਹੈ।

ਅਰਥੋਂ ਉਲਟ ਜਾ ਕੇ ਛੋਟੇ ਬੱਚਿਆਂ ਨੂੰ
ਜਨਮ ਦਿਨ ਦੀ ਪਿਰਤ ਕਿਉਂ ਪਾਵਣੀ ਏ।
ਕੇਵਲ ਨਚਾਉਣ ਟਪਾਉਣ ਦੀ ਆੜ ਥੱਲੇ
ਰੀਤ ਸ਼ੱਕੀ ਫਿਰ ਕਿਉਂ ਚਲਾਵਣੀ ਏ।
ਛੋਟੇ ਬੱਚੇ ਨੂੰ ਤਕ ਨਹੀਂ ਦਸ ਸਕਦੇ
ਕਿਥੇ ਕਿਥੇ ਇਸ ਇੱਜ਼ਤ ਲੁਹਾਵਣੀ ਏ।
ਦਾੜ੍ਹੀ ਰੋਲਣੀ ਪਿਓ ਦੀ ਪੱਗ ਲਾਹੁਣੀ
ਜਾਂ ਫਿਰ ਮਾਂ ਦੀ ਗੁੱਤ ਪਟਵਾਵਣੀ ਏ।

ਜਨਮ ਦਿਨ ਦੇ ਉਸੇ ਪ੍ਰਭਾਵ ਥੱਲੇ
ਰੀਤ ਵੱਖਰੀ ਕਈਆਂ ਚਲਾ ਦਿੱਤੀ।
ਉਸ ਦਿਨ ਕੋਈ ਧਾਰਮਿਕ ਕਰਮ ਕਰਕੇ
ਮੋਹਰ ਧਰਮ ਦੀ ਉਪਰ ਲਗਾ ਦਿੱਤੀ।
ਮਨਮਤੀ ਜਿਹੀ ਉਸੇ ਹੀ ਰਸਮ ਦੇ ਨਾਲ
ਪ੍ਰਤੀਬੱਧਤਾ ਇੰਝ ਪ੍ਰਗਟਾਅ ਦਿੱਤੀ।
ਇੰਝ ਸਭਿਅਕ ਸਿਧਾਂਤ ਨੂੰ ਭੁੱਲ ਕੇ ਤੇ
ਉਸੇ ਨੀਤੀ ਦੀ ਚਾਦਰ ਬਦਲਾਅ ਦਿੱਤੀ।

ਆਓ ਜਨਮ ਦਿਨਾਂ ਨਾਲ ਜੁੜੇ ਲੋਕੋ
ਮਨਮਤੀਆਂ ਮਨੋਂ ਵਿਸਾਰ ਦਈਏ।
ਵਿਕਾਰੀ ਬਨਣ ਦੀ ਜੋ ਸ਼ੁਰੂਆਤ ਕਰਦੇ
ਉਹਨਾਂ ਰਸਮਾਂ ਰਿਵਾਜ਼ਾਂ ਨੂੰ ਹਾਰ ਦਈਏ।
ਪਰਮ ਸੱਚ ਨਾਲ ਜੋੜਨ ਜੋ ਬਚਿਆਂ ਨੂੰ
ਸਦਾ ਉਹਨਾਂ ਨੂੰ ਉਹੀ ਤਿਉਹਾਰ ਦਈਏ।
ਨੇਕ ਆਚਰਣ ਉਹਨਾਂ ਵਿਚ ਭਰ ਕੇ ਤੇ
ਇੰਝ ਆਪਣਾ ਸੱਚਾ ਪਿਆਰ ਦਈਏ।

ਫੋਕੇ ਰਸਮਾਂ ਰਿਵਾਜ਼ਾਂ ਨੂੰ ਸੁੱਟ ਪਾਸੇ
ਗੁਣ ਬੱਚਿਆਂ ਸਾਹਮਣੇ ਧਰ ਦਈਏ।
ਕਰ ਗੁਜ਼ਰਨ ਜੋ ਕੁਝ ਮਨੁੱਖਤਾ ਲਈ
ਸੰਸਕਾਰ ਏਦਾਂ ਦੇ ਉਹਨਾਂ ਵਿਚ ਭਰ ਦਈਏ।
ਨਾਲੇ ਵਿਰਸੇ ਨੂੰ ਯਾਦ ਕਰਾਈ ਜਾਈਏ
ਮਨੁੱਖਾ ਜੀਵਨ ਗਵਾਉਣ ਦਾ ਡਰ ਦਈਏ।
ਲੋਕੀਂ ਉਹਨਾਂ ਦੇ ਜਨਮ ਨੂੰ ਯਾਦ ਰੱਖਣ
ਏਸ ਯੋਗ ਫਿਰ ਉਹਨਾਂ ਨੂੰ ਕਰ ਦਈਏ।

# ਗੁਰਮਤੇ ਬਨਾਮ ਹੁਕਮਨਾਮੇ

ਸਿੱਖ ਕੌਮ ਦੀ ਜਦੋਂ ਤੋਂ ਹੋਂਦ ਬੱਝੀ
ਵੱਡੇ ਵੱਡੇ ਦੁਖਾਂਤ ਵੀ ਨਾਲ ਆਏ।
ਔਰੰਗਜ਼ੇਬ, ਜਹਾਂਗੀਰ, ਅਬਦਾਲੀ
ਗੋਰੇ ਦੇਸੀ ਸਭ ਬਣ ਬਣ ਕਾਲ ਆਏ।
ਯਹੀਆ, ਜ਼ਕਰੀਆ ਕੋਈ ਨਾ ਰਿਹਾ ਪਿਛੇ
ਮੁੱਲ ਸਿਰਾਂ ਦੇ ਪਾ ਪਾ ਭਾਲ ਆਏ।
ਨਿਗਾਹ ਸਿੱਖਾਂ ਤੇ ਟੇਢੀ ਦੀ ਰਹੀ ਟੇਢੀ
ਭਾਵੇਂ ਬਦਲਵੇਂ ਸ਼ਾਸਕ ਹਰ ਸਾਲ ਆਏ।

ਬਾਬੇ ਨਾਨਕ ਜੋ ਬੀਹਾਂ ਨਾਲ ਸ਼ੁਰੂ ਕੀਤਾ
ਉਸ ਲੰਗਰ ਦੀ ਕੋਈ ਕਰਾਮਾਤ ਸੀ ਇਹ।
ਕਰਤਾਰਪੁਰੋਂ ਜੋ ਖੇਤੀ ਨਾਲ ਸ਼ੁਰੂ ਹੋਈ
ਕਿਰਤ ਕਰਨ ਦੀ ਪਿਰਤ ਦੀ ਬਾਤ ਸੀ ਇਹ।
ਇਹ ਤਾਂ ਬਰਕਤ ਦਸਮੇਸ਼ ਦੀ ਖੜਗ ਦੀ ਸੀ
ਗੁਰੂ ਅਰਜਨ ਦੇ ਸਿਦਕ ਦੀ ਦਾਤ ਸੀ ਇਹ।
ਆਈਆਂ ਲੱਖ ਮੁਸੀਬਤਾਂ ਖਾਲਸੇ ਤੇ
ਤਾਹੀਓਂ ਹੱਸਦਾ ਹੋ ਗਿਆ ਪਾਸ ਸੀ ਇਹ।

ਇਮਤਿਹਾਨ ਆਇਆ ਜਦੋਂ ਖਾਲਸੇ ਦਾ
ਸਮਾਂ ਜੰਗਲਾਂ ਵਿਚ ਕਟਣਾ ਪਿਆ ਹੈਸੀ।
ਦੁਨਿਆਵੀ ਦੁੱਖਾਂ ਨੇ ਕੀਤਾ ਪ੍ਰੇਸ਼ਾਨ ਬੇਸ਼ਕ
ਚੜ੍ਹਦੀਆਂ ਕਲਾਂ ਵਿਚ ਖਾਲਸਾ ਰਿਹਾ ਹੈ ਸੀ।
ਰੱਬੀ ਹੁਕਮ ਦੀ ਜਦੋਂ ਵੀ ਲੋੜ ਜਾਪੀ
ਮਿਲ ਕੇ ਗੁਰੂ ਗ੍ਰੰਥ 'ਚੋਂ ਲਿਆ ਹੈ ਸੀ।
ਕਰਕੇ ਗੁਰਮਤਾ ਹੁੰਦਾ ਜੋ ਹੁਕਮਨਾਮਾ

ਜਾਂਦਾ ਪਰਵਾਨਗੀ ਵਾਸਤੇ ਕਿਹਾ ਹੈ ਸੀ।
ਬੰਦੇ ਬਹਾਦਰ ਦੀ ਆਖ਼ਰੀ ਜੰਗ ਤਿੱਕਰ
ਵਿਚਾਰ ਸਿੰਘਾਂ ਦੀ ਫ਼ੌਜ ਵਿਚ ਦੋ ਬਣ ਗਏ।
ਤਤ ਖਾਲਸੇ ਅਤੇ ਬੰਦਈ ਹੋ ਗਏ
ਦਾਅਵੇ ਪੰਥ ਦੇ ਵਾਰਿਸ ਦੇ ਜੋ ਬਣ ਗਏ।
ਜਥੇਦਾਰ ਸਨ ਬੰਦੇ ਦੀ ਫ਼ੌਜ ਜਿਹੜੇ
ਆਪੋ ਆਪਣੇ ਧੜੇ ਦੇ ਉਹ ਬਣ ਗਏ।
ਪੰਜ ਪਿਆਰੇ ਤੇ ਤੀਰਾਂ ਦੀ ਰਮਜ਼ ਭੁੱਲੀ
ਛੱਡ ਪੰਜਾਂ ਨੂੰ ਪੰਥ ਧਰੋਹ ਬਣ ਗਏ।

ਮਹਾਰਾਜੇ ਰਣਜੀਤ ਸਿੰਘ ਰਾਜ ਕੀਤਾ
ਪੰਥਕ ਝੰਡੇ ਦੇ ਮਿਸਲਾਂ ਅਧੀਨ ਕਰਕੇ।
ਸਾਂਝੀਵਾਲਤਾ ਵਾਲਾ ਵਿਹਾਰ ਕੀਤਾ
ਸਭੇ ਕੌਮਾਂ ਨੂੰ ਬਰਾਬਰ ਤਕਸੀਮ ਕਰਕੇ।
ਰਾਜ ਖਾਲਸੇ ਦਾ ਫਿਰ ਵੀ ਰਿਹਾ ਨਾਹੀਂ
ਲੱਭੇ ਕਾਰਨ ਵਿਦਵਾਨਾਂ ਤਾਲੀਮ ਕਰਕੇ।
ਗੱਲ ਪੰਜਾਂ ਦੀ ਕਦੇ ਨਾ ਹੋਈ ਲਾਗੂ
ਖ਼ੁਸਿਆ ਰਾਜ ਸੀ ਇਕੋ ਅਧੀਨ ਕਰਕੇ।

ਉਦਾਹਰਣ ਪੰਜਾਂ ਦੇ ਮਾਣ ਦੀ ਕੀ ਹੋਣੀ
ਦਸਮੇਂ ਪਾਤਿਸ਼ਾਹ ਨਾਲੋਂ ਕੋਈ ਹੋਰ ਚੰਗੀ।
ਭੇਟਾ ਬੰਸ ਦੀ ਦੇਣ ਦਾ ਦੇ ਵਾਅਦਾ
ਅੰਮ੍ਰਿਤ ਵਾਲੀ ਜਦ ਪੰਜਾਂ ਤੋਂ ਦਾਤ ਮੰਗੀ।
ਹੁਕਮ ਪੰਜਾਂ ਦਾ ਮੰਨ ਕੇ ਤੁਰ ਜਾਣਾ
ਕਿਲ੍ਹੇ ਵਿਚ ਹੀ ਛੱਡ ਕੇ ਸਾਥ ਸੰਗੀ।
ਏਹੋ ਹੁਕਮ ਕਰਨਾ ਆਖਿਰ ਖਾਲਸੇ ਨੂੰ
ਪੰਜਾਂ ਵਿਚ ਹੀ ਜਾਨਣਾ "ਬਹੁ ਰੰਗੀ "।

ਹੁਕਮ ਕੀਤਾ ਫਿਰ ਦਸਵੇਂ ਪਾਤਿਸ਼ਾਹ ਨੇ
ਸਿੰਘੋ ਪੰਜਾਂ ਦੇ ਭੇਤ ਨੂੰ ਜਾਣ ਜਾਣਾ।
ਪੰਜ ਹੋਣ ਜੇ ਪੰਚੇ ਹੋਏ ਨਾਮ ਅੰਦਰ
ਵਰਤ ਫੇਰ ਹੈ ਕਲਾ ਨੇ ਆਣ ਜਾਣਾ।
ਚਾਹੋ ਕਰਨੀਆਂ ਗੱਲਾਂ ਜਦ ਨਾਲ ਮੇਰੇ
ਗੁਰੂ ਗਰੰਥ ਦੀ ਬਾਣੀ ਫਿਰ ਗਾਣ ਜਾਣਾ।
ਮਿਲਣਾ ਚਾਹੋ ਜੇ ਕਦੀ ਗੋਬਿੰਦ ਸਿੰਘ ਨੂੰ
ਉਹਨਾਂ ਪੰਜਾਂ ਦੇ ਵਿਚ ਹੀ ਠਾਣ ਜਾਣਾ।

ਪ੍ਰੇਮ ਭਾਵ ਨਾਲ ਜੱਗ ਤੇ ਰਹਿੰਦਿਆਂ ਤੋਂ
ਜੇਕਰ ਫਿਰ ਵੀ ਸਮੱਸਿਆ ਆ ਜਾਵੇ।
ਪੇਸ਼ ਹੋ ਸਿਖ ਪੰਥ ਕੋਲ ਪੱਖ ਦੱਸੇ
ਹੁਕਮ ਅੱਗੇ ਫਿਰ ਸੀਸ ਝੁਕਾਅ ਜਾਵੇ।
ਸਜ਼ਾ ਦੇਂਵਦੇ ਪੰਚ ਜੋ ਠਾਣ ਦੋਸ਼ੀ
ਗੁਰੂ ਪੰਥ ਦੀ ਸੇਵਾ ਅਖਵਾ ਜਾਵੇ।
ਖਿੜੇ ਮੱਥੇ ਜੋ ਸੇਵਾ ਨੂੰ ਸਮਝ ਕਰਦਾ
ਉਹੋ ਸਿਖ ਤਾਂ ਗੁਰੂ ਨੂੰ ਭਾਅ ਜਾਵੇ।

ਇੰਝ ਉਪਜੇ ਸਨ ਹੁਕਮ ਤੇ ਹੁਕਮਨਾਮੇ
ਸਰਬੱਤ ਖਾਲਸਾ ਵੀ ਇੰਝ ਹੋਂਵਦਾ ਸੀ।
ਹਾਜ਼ਰ ਸੰਗਤਾਂ ਦੇ ਦਰਬਾਰ ਅੰਦਰ
ਲੰਗਰ ਬਾਣੀ ਵਾਲਾ ਪਹਿਲਾਂ ਸੋਂਹਵਦਾ ਸੀ।
ਫਿਰ ਸਮੱਸਿਆ ਉਤੇ ਵਿਚਾਰ ਹੁੰਦੀ
ਹੱਕ ਪੰਜਾਂ ਦਾ ਇਕੱਲਾ ਨਾ ਖੋਂਵਦਾ ਸੀ।
ਹੁਕਮਨਾਮਾ ਇੰਝ ਸੰਗਤ ਵਿਚ ਜਦੋਂ ਆਉਂਦਾ
ਲੱਗਦਾ ਹੁਕਮ ਇਲਾਹੀ ਹੀ ਚੋਂਵਦਾ ਸੀ।

ਕਿਸੇ ਇਕ ਲਈ ਜਾਂ ਸਮੂਹ ਖਾਤਿਰ
ਹੁਕਮਨਾਮਾ ਸੀ ਜਦੋਂ ਸੁਣਾਇਆ ਜਾਂਦਾ।
ਸੁਣਨ ਵਾਲੇ ਨੂੰ ਕਦੇ ਨਾ ਇੰਝ ਲੱਗਦਾ
ਕਿ ਹੁਕਮ ਧੱਕੇ ਦੇ ਨਾਲ ਸਾਥੋਂ ਮਨਾਇਆ ਜਾਂਦਾ।
ਸੁਣਨ ਵਾਲਿਆਂ ਦੀ ਇੰਝ ਸੋਚ ਹੁੰਦੀ
ਕਿ ਭਲਾ ਸਰਬੱਤ ਦਾ ਸਾਥੋਂ ਮੰਗਾਇਆ ਜਾਂਦਾ।
ਕਿਸੇ ਸਾਂਚੇ ਜਾਂ ਰਹਿਤ ਵਿਚ ਢਾਲ ਕੇ ਤੇ
ਜੀਵਨ ਸਾਡਾ ਸੁਚੱਜਾ ਬਣਾਇਆ ਜਾਂਦਾ।

ਸਰਬ ਖੇਤਰੀ ਦੇਣ ਅਗਵਾਈ ਦੇ ਲਈ
ਛੇਵੇਂ ਪਾਤਸ਼ਾਹ ਤਖਤ ਉਸਾਰ ਦਿੱਤਾ।
ਉੱਚਾ ਆਖਿਆ ਪੂਰੇ ਬ੍ਰਹਿਮੰਡ ਨਾਲੋਂ
ਅਕਾਲ ਤਖ਼ਤ ਨੂੰ ਏਨਾ ਸਤਿਕਾਰ ਦਿੱਤਾ।
ਪੰਥਕ ਹੁਕਮ ਤੇ ਫੁਲ ਚੜ੍ਹਾਏ ਜਿਹੜਾ
ਸਿੱਖ ਹੋਣ ਦਾ ਉਹਨੂੰ ਅਧਿਕਾਰ ਦਿੱਤਾ।
ਰਾਜਨੀਤਕ ਨੂੰ ਧਰਮੀ ਬਨਾਉਣ ਖਾਤਿਰ
ਮੀਰੀ ਪੀਰੀ ਦਾ ਸਾਂਝਾ ਵਿਚਾਰ ਦਿੱਤਾ।

ਏਸ ਤਖਤ ਨੂੰ ਏਦਾਂ ਉਸਾਰਿਆ ਸੀ
ਕਿ ਸਦਾ ਪ੍ਰਭੂ ਦੀ ਓਟ ਦੇ ਰਵੇ ਛਾਂਵੇਂ।
ਨੀਤੀ ਸੇਧ ਧਰਮ ਦੀ ਨਾਲ ਚੱਲੇ
ਭਾਵੇਂ ਰਖੀਏ ਦੋਵਾਂ ਨੂੰ ਇਕ ਥਾਵੇਂ।
ਬੈਠੇ ਹੋਏ ਦੀ ਹਰਿਮੰਦਰ ਸਾਹਿਬ ਅੰਦਰ
ਅਕਾਲ ਤਖ਼ਤ ਤੇ ਨਜ਼ਰ ਨਾ ਪਵੇ ਭਾਵੇਂ।
ਐਪਰ ਤਖਤ ਤੇ ਫੈਸਲੇ ਕਰਨ ਵੇਲੇ
ਮੰਦਿਰ ਹਰੀ ਦਾ ਅੱਖਾਂ ਦੇ ਰਵੇ ਸਾਹਵੇਂ।

ਕਿਰਪਾਨਾਂ ਪਹਿਨ ਕੇ ਦੋ ਸੀ ਗੁਰੂ ਛੇਵੇਂ
ਮੀਰੀ ਪੀਰੀ ਦਾ ਸੰਗਮ ਕਰਵਾ ਦਿੱਤਾ।
ਪੀਰੀ ਨਾਲ ਜੇ ਜ਼ਾਲਮ ਨਾ ਜੀਣ ਦੇਵੇ
ਮੀਰੀ ਵਰਤਣਾ ਜਾਇਜ਼ ਠਹਿਰਾਅ ਦਿੱਤਾ।
ਨਿਸ਼ਾਨ ਸਾਹਿਬ ਅਕਾਲ ਤਖ਼ਤ ਤੇ ਦੋ
ਫ਼ਰਕ ਕੇਵਲ ਉੱਚਾਈ ਵਿਚ ਪਾ ਦਿੱਤਾ।
ਉੱਚਾ ਰਖਿਆ ਸੂਚਕ ਜੋ ਧਰਮ ਦਾ ਸੀ
ਨੀਤੀ ਵਾਲਾ ਸੀ ਜ਼ਰਾ ਨਿਵਾ ਦਿੱਤਾ।

ਭਾਵੇਂ ਸਮੇਂ ਵਿਚ ਬੜਾ ਹੀ ਫ਼ਰਕ ਆਇਆ
ਐਪਰ ਸਿੱਖੀ ਸਿਧਾਂਤ ਨੇ ਮੂਲ ਓਹੀ।
ਜਥੇਬੰਦੀ ਇਕ ਸਿੱਖਾਂ ਬਣਾਈ ਐਸੀ
ਅੱਜ ਪੰਥ ਵਿਚ ਹੋਈ ਮਕਬੂਲ ਓਹੀ।
ਹਲਕੇ ਵਾਰ ਨੇ ਚੋਣਵੇਂ ਸਿੰਘ ਜਾਂਦੇ
ਪੰਥਕ ਸੋਚ ਦਾ ਬਣਿਆ ਸਕੂਲ ਓਹੀ।
ਪੰਥ ਪਰਵਾਨਿਤ ਕਰਵਾਈ ਜਿਸ ਰਹਿਤ ਮਰਿਆਦਾ
ਵਿਗਿਆਨਕ ਯੁੱਗ ਦੇ ਕੇਵਲ ਅਨੁਕੂਲ ਓਹੀ।

ਨਵੇਂ ਯੁੱਗ ਦੇ ਨਵੇਂ ਇਸ ਦੌਰ ਅੰਦਰ
ਸ਼੍ਰੋਮਣੀ ਕਮੇਟੀ ਜਦ ਸਿੰਘਾਂ ਤਿਆਰ ਕਰ ਲਈ।
ਰਖਣਾ ਧਰਮ ਨੂੰ ਨੀਤੀ ਤੇ ਸਦਾ ਭਾਰੂ
ਇਸ ਸਿਧਾਂਤ ਤੇ ਉਹਨਾਂ ਵਿਚਾਰ ਕਰ ਲਈ।
ਏਸ ਕਮੇਟੀ ਦੇ ਲਿਖੇ ਸੰਵਿਧਾਨ ਅੰਦਰ
ਧਾਰਾ ਦਰਜ ਕਰ ਨੀਤੀ ਅਖਤਿਆਰ ਕਰ ਲਈ।
ਹਰਿਮੰਦਰ ਸਾਹਿਬ ਦੇ ਮੁੱਖ ਗਰੰਥੀ ਵਾਲੀ
ਸਰਬ ਉੱਚ ਪਦਵੀ ਸਵੀਕਾਰ ਕਰ ਲਈ।

ਧਰਮ ਕਰਮ ਦੀ ਕਿਸੇ ਵੀ ਗੱਲ ਖਾਤਿਰ
ਜਥੇਦਾਰ ਜਦ ਨੀਤੀ ਬਣਾਂਵਦੇ ਨੇ।
ਕਰਨ ਗੁਰਮਤਾ ਪੜ੍ਹਨ ਕੋਈ ਹੁਕਮਨਾਮਾ
ਗੁਰੂ ਗ੍ਰੰਥ ਤੇ ਪੰਥ ਕੋਲ ਜਾਂਵਦੇ ਨੇ।
ਹਰਿਮੰਦਰ ਸਾਹਿਬ ਦੇ ਮੁੱਖ ਗਰੰਥੀ ਜੀ ਨੂੰ
ਨਾਲ ਆਪਦੇ ਸਦਾ ਬਠਾਂਵਦੇ ਨੇ।
ਅਕਾਲ ਤਖ਼ਤ ਦੇ ਜਥੇਦਾਰ ਜੀ ਫਿਰ
ਹੁਕਮ ਸੰਗਤ ਦੇ ਅਗੇ ਸੁਣਾਂਵਦੇ ਨੇ।

ਹੁਕਮਨਾਮੇ ਦੇ ਸੋਹਣੇ ਇਤਿਹਾਸ ਵਿਚੋਂ
ਆਓ ਆਪਾਂ ਵੀ ਪੱਲੇ ਕੁਝ ਪਾ ਲਈਏ।
ਰਾਜ ਧਰਮ ਬਿਨਾਂ ਨਹੀਂ ਚਲ ਸਕਦਾ
ਬਾਣੀ ਗੁਰੂ ਦੀ ਸਮਝ ਸਮਝਾ ਲਈਏ।
ਪੰਥਕ ਸੋਚ ਨਾਲ ਹੁਕਮ ਜਦ ਹੋਏ ਜਾਰੀ
ਸਦਾ ਆਪਣਾ ਸੀਸ ਨਿਵਾ ਲਈਏ।
ਗੁਰੂ ਪੰਥ ਦੇ ਆਪਾਂ ਇਕ ਅੰਗ ਬਣ ਕੇ
ਸਿੱਖ ਮਾਰਗ ਨੂੰ ਹੋਰ ਰੁਸ਼ਨਾਅ ਲਈਏ।
ਅਕਾਲ ਤਖ਼ਤ ਤਾਂ ਤਖਤ ਅਕਾਲ ਦਾ ਹੈ।
ਉਸ ਦੀਆਂ ਨੀਹਾਂ ਵਿਚ ਆਪਾ ਵਿਛਾ ਲਈਏ।

# ਲੋਕ ਰਾਜ ਬਨਾਮ ਸਿੱਖ ਰਾਜ

ਲੋਕ ਰਾਜ ਦੀ ਜਦੋਂ ਤੋਂ ਗੱਲ ਚੱਲੀ
ਧੱਕੇਸ਼ਾਹੀ ਦੇ ਏਸ ਸੰਸਾਰ ਅੰਦਰ।
ਲੋਕਾਂ ਵਾਸਤੇ ਲੋਕਾਂ ਦਾ ਰਾਜ ਹੋਵੇ
ਗੱਲ ਲੋਕਾਂ ਨੇ ਲਿਆਂਦੀ ਵਿਚਾਰ ਅੰਦਰ।
ਜ਼ੁਲਮ ਨਾਲ ਨਜਿੱਠਣ ਲਈ ਰਾਹ ਹੋਵੇ
ਨੀਤੀ ਇਦਾਂ ਦੀ ਲਿਆਈਏ ਵਿਹਾਰ ਅੰਦਰ।
ਫਰਕ ਰਾਜਾ ਤੇ ਪਰਜਾ ਦਾ ਰਹੇ ਇਤਨਾ
ਪਰਜਾ ਝਾਕਦੀ ਦਿਸੇ ਸਰਕਾਰ ਅੰਦਰ।

ਬਸ ਏਹੋ ਹੀ ਸੋਚ ਨੇ ਲੋਕ ਠਾਲੇ
ਅੰਧਕਾਰ ਦੀ ਲੰਬੜੀ ਰਾਤ ਵਿਚੋਂ।
ਮਨੁੱਖੀ ਹੱਕਾਂ ਦੀ ਕਰਨ ਜੋ ਤਰਜ਼ਮਾਨੀ
ਲਗੇ ਚੁਣਨ ਮਨੁੱਖੀ ਜਮਾਤ ਵਿਚੋਂ।
ਆਪੋ ਧਾਪੀ ਦੀ ਨੀਤੀ ਆਲੋਪ ਹੋਈ
ਮਨੁੱਖੀ ਹੱਕਾਂ ਦੀ ਤੁਰੀ ਹੋਈ ਬਾਤ ਵਿਚੋਂ।
ਐਪਰ ਕਈ ਮੁਸੀਬਤਾਂ ਹੋਰ ਗਿਰੀਆਂ
ਲੋਕਤੰਤਰ ਦੀ ਹੋਈ ਬਰਸਾਤ ਵਿਚੋਂ।

ਨੀਤੀ ਘਾੜਿਆਂ ਨੀਤੀ ਨੂੰ ਇੰਝ ਘੜਿਆ
ਸਵਾਰਥੀ ਢੰਗ ਨਾਲ ਜਿਥੇ ਤਰਮੀਮ ਹੋਵੇ।
ਖਲਕਤ ਕਦੇ ਇਕੱਠੀ ਨਾ ਬੈਠ ਸਕੇ
ਜਾਤਾਂ ਫਿਰਕਿਆਂ ਵਿਚ ਤਕਸੀਮ ਹੋਵੇ।
ਲੜਾਉਣ ਵਾਲੇ ਦੇ ਹੱਥ ਵਿਚ ਰਾਜ ਹੋਵੇ
ਭਾਵੇਂ ਚਲਾਉਣ ਦੀ ਨਾ ਤਾਲੀਮ ਹੋਵੇ।
ਝੂਠ ਸਭ ਤੋਂ ਵੱਡਾ ਨੀਤੀਵਾਨ ਹੋਵੇ
ਸੱਚ ਨੀਤੀ ਦੇ ਲਈ ਅਫ਼ੀਮ ਹੋਵੇ।

ਸੱਚ ਬੋਲਣ ਤੇ ਧਰਮ ਤੇ ਚਲਣ ਵਾਲਾ
ਰਾਜਨੀਤੀ ਤੋਂ ਕਿਸ ਤਰਾਂ ਦੂਰ ਹੋਵੇ।
ਲੂੰਬੜਚਾਲ ਵਾਲਾ, ਝੂਠਾ ਅਤੇ ਕਪਟੀ
ਲੀਡਰ ਲੋਕਾਂ ਦਾ ਕਿਂਝ ਮਸ਼ਹੂਰ ਹੋਵੇ।
ਇਹੋ ਜਿਹੇ ਵਿਚਾਰਾਂ ਦੇ ਨਾਲ ਬੱਧੀ
'ਨੀਤੀ ਚਾਣਕਿਆ' ਕਿਸ ਤਰ੍ਹਾਂ ਚੂਰ ਹੋਵੇ।
ਤਾਹੀਓਂ ਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ
ਨੀਤੀ ਧਰਮ ਦੇ ਥੱਲੇ ਜ਼ਰੂਰ ਹੋਵੇ।

ਜਦੋਂ ਦੇਸ਼ ਗੁਲਾਮੀ ਦੇ ਵਿਚ ਬੱਝਾ
ਆਪੋ ਧਾਪੀ ਤੇ ਫੁਟ ਵਿਚ ਆ ਕੇ ਤੇ।
ਨੀਤੀ ਪਾੜਨ ਤੇ ਰਾਜ ਕਰਨ ਵਾਲੀ
ਲੋਕਾਂ ਸਮਝੀ ਸੀ ਸਮਾਂ ਲੰਘਾ ਕੇ ਤੇ।
ਜਥੇਬੰਦ ਜਦ ਕੌਮਾਂ ਦੇ ਲੋਕ ਹੋਏ
ਆਪੋ ਆਪਣੇ ਝੰਡੇ ਉਠਾ ਕੇ ਤੇ।
ਅਕਾਲੀ ਦਲ ਨੇ ਉਦੋਂ ਸੀ ਜਨਮ ਲਿਤਾ
ਅਕਾਲ ਤਖ਼ਤ ਤੇ ਸੀਸ ਝੁਕਾ ਕੇ ਤੇ

ਇਕੱਠੇ ਬੈਠ ਕੇ ਸਿੰਘਾਂ ਵਿਚਾਰ ਕੀਤੀ
ਜਥੇਬੰਦੀ ਦਾ ਹੋਰ ਵਿਸਥਾਰ ਕਰੀਏ।
'ਅਕਾਲੀ' ਉਹ ਜੋ ਅਕਾਲ ਦੀ ਕਰੇ ਪੂਜਾ
ਗੁਰੂ ਪੰਥ ਦਾ ਰਿਸ਼ਤਾ ਸਵੀਕਾਰ ਕਰੀਏ।
ਆਸ਼ਾ ਰਖ ਸਰਬੱਤ ਦੇ ਭਲੇ ਵਾਲਾ
ਸਭ ਧਰਮਾਂ ਨੂੰ ਬਰਾਬਰ ਸਤਿਕਾਰ ਕਰੀਏ।
ਗੁਰੂ ਗਰੰਥ ਤੇ ਪੰਥ ਨੂੰ ਰੱਖ ਸਾਂਹਵੇ
ਅਕਾਲ ਤਖ਼ਤ ਤੋਂ ਨੀਤੀ ਤਿਆਰ ਕਰੀਏ।

ਉਸ ਵੇਲੇ ਵੀ ਵਾਂਗ ਅੱਜ ਦੇ ਹੀ
ਚਾਤੁਰ ਸ਼ਰੇਣੀ ਨੇ ਨੀਤੀ ਹਥਿਆਈ ਹੋਈ ਸੀ।
ਬੜੀ ਚੁਸਤੀ ਨਾਲ ਵੰਡ ਪੰਥ ਅੰਦਰ
ਦੇਹਧਾਰੀਆਂ ਰਾਹੀਂ ਕਰਵਾਈ ਹੋਈ ਸੀ।
ਸਾਧਾਂ, ਸੰਤਾਂ, ਮਹੰਤਾਂ ਤੇ ਡੇਰੇਦਾਰਾਂ
ਆਪੋ ਆਪਣੀ ਮਰਿਆਦਾ ਚਲਾਈ ਹੋਈ ਸੀ।
ਆਪਣੇ ਆਪ ਨੂੰ ਵੱਡਾ ਦਰਸਾਉਣ ਖਾਤਿਰ
ਸੰਪਰਦਾਵਾਂ ਮੁਹਿੰਮ ਭਜਾਈ ਹੋਈ ਸੀ।

ਖਿੰਡੇ ਪੰਥ ਨੂੰ ਇਕ ਥਾਂ ਲਿਆਉਣ ਖਾਤਿਰ
ਪੰਥਕ ਆਗੂਆਂ ਬੈਠ ਵਿਚਾਰ ਕੀਤੀ।
ਮਸਲੇ ਸਿੱਖਾਂ ਦੇ ਕੌਮੀ ਸੁਲਝਾਉਣ ਖਾਤਿਰ
ਅਕਾਲੀ ਦਲ ਦੀ ਹੋਂਦ ਸਵੀਕਾਰ ਕੀਤੀ।
ਗੁਰਦੁਆਰਿਆਂ ਦੇ ਪ੍ਰਬੰਧ ਖਾਤਿਰ
ਸ਼੍ਰੋਮਣੀ ਕਮੇਟੀ ਵੀ ਬਰਕਰਾਰ ਕੀਤੀ।
ਸਮੁੱਚੇ ਪੰਥ ਵਿਚ ਜੋ ਪਰਵਾਨ ਹੋਵੇ
ਪੰਥਕ ਰਹਿਤ ਮਰਿਆਦਾ ਤਿਆਰ ਕੀਤੀ।

ਨਵੀਂ ਰੂਹ ਆਈ ਫੇਰ ਪੰਥ ਅੰਦਰ
ਨਵਾਂ ਜੋਸ਼ ਫਿਰ ਕੌਮ ਵਿਚ ਆਣ ਲੱਗਾ।
ਗੁਰੂ ਘਰਾਂ ਦੀ ਸਿੰਘਾਂ ਕਮਾਨ ਸਾਂਭੀ
ਕਬਜ਼ਾ ਉਥੋਂ ਮਹੰਤਾਂ ਦਾ ਜਾਣ ਲੱਗਾ।
ਸੁਧਾਰ ਲਹਿਰਾਂ ਤੇ ਸਿੰਘ ਸਭਾਵਾਂ ਸਭ ਦਾ
ਪੰਥ ਵਾਸਤੇ ਬੜਾ ਹੀ ਤਾਣ ਲੱਗਾ।
ਪੰਥ ਦੋਖੀਆਂ ਨੂੰ ਪੰਥ ਜੁੜਨ ਕਾਰਨ
ਡਰ ਅੰਦਰੋ ਅੰਦਰੀ ਖਾਣ ਲੱਗਾ।

ਸਰਬ ਸਾਂਝੀ ਜਿਹੀ ਗੱਲ ਉਹ ਕਿੰਝ ਮੰਨੇ
ਜਿਸ ਵਖਰੀ ਦੁਕਾਨ ਚਲਾਉਣੀ ਹੋਵੇ।
ਅਕਾਲ ਤਖ਼ਤ ਦੀ ਸਿਫ਼ਤ ਉਸ ਕੀ ਕਰਨੀ
ਜਿਸ ਆਪਦੀ ਸਿਫ਼ਤ ਕਰਵਾਉਣੀ ਹੋਵੇ।
ਬਾਬੇ ਕਿਆਂ ਨਾਲ ਉਸਨੇ ਕੀ ਰਹਿਣਾ
ਬਾਬਰ ਕਿਆਂ ਨਾਲ ਜਿਸ ਨਿਭਾਉਣੀ ਹੋਵੇ।
ਭਲਾ ਸਰਬੱਤ ਦਾ ਉਸ ਨੇ ਮੰਗਣਾ ਕੀ
ਭਾਈ ਭਾਈ ਵਿਚ ਜਿਸ ਖੜਕਾਉਣੀ ਹੋਵੇ।

ਸਿੱਖ ਪੰਥ ਦੀ ਚੜ੍ਹਦੀ ਕਲਾ ਤੱਕ ਕੇ
ਨੀਤੀਵਾਨ ਫਿਰ ਚਾਲਾਂ ਚਲਾਉਣ ਲੱਗੇ।
ਅਕਾਲ ਤਖ਼ਤ ਦੀ ਬਰਾਬਰੀ ਕਰਨ ਖਾਤਿਰ
ਸੰਪਰਦਾਵਾਂ ਤੇ ਡੇਰੇ ਵਧਾਉਣ ਲੱਗੇ।
ਸਾਧਾਂ ਸੰਤਾਂ ਨੂੰ ਜੋੜ ਕੇ ਨਾਲ ਆਪਣੇ
ਹੀਰੋ ਸੰਗਤਾਂ ਵਿਚ ਬਨਾਉਣ ਲੱਗੇ।
ਪਰਵਾਸੀ ਸਿੱਖਾਂ ਦੀ ਹਰ ਤਰ੍ਹਾਂ ਲੁਟ ਖਾਤਿਰ
ਵਿਦੇਸ਼ਾਂ ਵਿਚ ਵੀ ਗੇੜੇ ਮਰਵਾਉਣ ਲੱਗੇ।

ਭੋਲੇ ਲੋਕਾਂ ਨੂੰ ਲਿਆ ਜਜ਼ਬਾਤ ਅੰਦਰ
ਅੰਮ੍ਰਿਤ ਰਿਉੜੀਆਂ ਵਾਂਗ ਵਰਤਾਉਣ ਲੱਗੇ।
'ਸੰਤਾਂ ਬੜਾ ਹੀ ਅੰਮ੍ਰਿਤ ਸੰਚਾਰ ਕੀਤਾ'
ਨਿਤ ਅਖਬਾਰ ਦੀ ਸੁਰਖੀ ਬਨਾਉਣ ਲੱਗੇ।
ਪਹਿਲਾਂ ਭਾਂਡੇ ਨੂੰ ਸਾਫ਼ ਕਰਨ ਦੀ ਥਾਂ
ਸਿੱਧਾ ਉਸ ਵਿਚ ਦੁੱਧ ਟਿਕਾਉਣ ਲੱਗੇ।
ਸਿਰ ਦੇਣ ਦੇ ਪ੍ਰਣ ਨਾਲ ਜੋ ਮਿਲਦਾ
ਉਸ ਅੰਮ੍ਰਿਤ ਦੀ ਕੀਮਤ ਘਟਾਉਣ ਲੱਗੇ।

ਚਿੰਤਕ ਲੋਗਾਂ ਫਿਰ ਸੋਚਿਆ ਬੈਠ ਕਰਕੇ
ਆਓ ਸਮੱਸਿਆ ਵਾਲੀ ਵਿਚਾਰ ਕਰੀਏ।
ਪੰਥਕ ਸੋਚ ਫੈਲ ਜਾਏ ਜੱਗ ਅੰਦਰ
ਅਕਾਲੀ ਦਲ ਦਾ ਇੰਝ ਵਿਸਥਾਰ ਕਰੀਏ।
ਅਕਾਲ ਤਖ਼ਤ ਤੇ ਪੰਥਕ ਰਹਿਤ ਮਰਿਆਦਾ
ਹਰ ਦਿਲ ਦੇ ਵਿਚ ਸ਼ੰਗਾਰ ਕਰੀਏ।
ਦਈਏ ਭਾਜ ਫਿਰ ਪੰਥ ਵਿਰੋਧੀਆਂ ਨੂੰ
ਸਾਂਝੀਵਾਲਤਾ ਵਾਲਾ ਪਰਚਾਰ ਕਰੀਏ।

ਸਮਾਂ ਫੇਰ ਆਇਆ ਮੁੜ ਕੇ ਖਾਲਸਾ ਜੀ
ਬਿਖਰਿਆ ਪੰਥ ਅੱਜ ਜਥੇਬੰਦ ਹੋਵੇ।
ਪੂਜਾ ਅਕਾਲ ਦੀ ਪਰਚਾ ਸ਼ਬਦ ਵਾਲਾ
ਦੀਦਾਰ ਖਾਲਸੇ ਦਾ ਪ੍ਰਚੰਡ ਹੋਵੇ।
ਸਤ, ਸੰਤੋਖ, ਦਿਆ, ਧਰਮ, ਵਿਚਾਰ ਦੇ ਨਾਲ
ਸੇਵਾ ਸਿਮਰਨ ਵੀ ਮੁੜ ਪਾਬੰਦ ਹੋਵੇ।
ਆਕੀ ਰਹਿਣਾ ਨਹੀਂ ਫੇਰ ਕੋਈ ਖਾਲਸਾ ਜੀ
ਕੰਧ ਨਫ਼ਰਤ ਦੀ ਉਸਰਨੀ ਬੰਦ ਹੋਵੇ।
ਕੰਧ ਹਉਮੈ ਦੀ ਉਸਰਨੀ ਬੰਦ ਹੋਵੇ।

# ਸਤਿਕਾਰ

ਖਿਆਲ ਰੱਖ ਸਰਬੱਤ ਦੇ ਭਲੇ ਵਾਲਾ
ਸਹਿਣਸ਼ੀਲ ਤੇ ਮਿੱਠਾ ਵਿਹਾਰ ਹੁੰਦਾ।
ਨੀਵਾਂ ਸਮਝਣਾ ਆਪ ਨੂੰ ਸਭ ਕੋਲੋਂ
ਇਸੇ ਸਮਝ ਦਾ ਨਾਂ ਸਤਿਕਾਰ ਹੁੰਦਾ।

ਹਰ ਬੰਦੇ ਨਾਲ ਇੰਝ ਵਿਹਾਰ ਕਰਨਾ
ਕਰਾਉਣਾ ਆਪ ਲਈ ਜਿਸ ਤਰ੍ਹਾਂ ਆਪ ਚਾਹਵੇ।
ਚੰਗਾ ਵਿਹਾਰ ਹੀ ਸਮਝੋ ਸਤਿਕਾਰ ਹੁੰਦਾ
ਪਹਿਲਾਂ ਜੀ ਆਖੋ ਫਿਰ ਜੀ ਕਹਾਵੋ।

ਭਾਵੇਂ ਸਭੇ ਸਤਿਕਾਰ ਦੇ ਕਰਨ ਦਾਅਵੇ
ਇੱਜ਼ਤ ਮਾਣ ਨਹੀਂ ਹਉਮੈ ਦੇ ਸੰਗ ਹੁੰਦੇ।
ਵਖਰੀ ਸੂਝ, ਅਵਸਥਾ ਵਖਰੀ ਨਾਲ
ਸਤਿਕਾਰ ਕਰਨ ਦੇ ਵਖਰੇ ਢੰਗ ਹੁੰਦੇ।

ਵੱਡਾ ਭਾਵੇਂ ਉਮਰੋਂ ਜਾਂ ਅਵਸਥਾ ਕਾਰਣ
ਆਪੋਂ ਵੱਡੇ ਦਾ ਲੋਕੀਂ ਸਤਿਕਾਰ ਕਰਦੇ।
ਹੁੰਦਾ ਇਕ ਸਤਿਕਾਰ ਦਾ ਰੂਪ ਇਹ ਵੀ
ਸਭ ਨਾਲ ਜੋ ਇਕੋ ਵਿਹਾਰ ਕਰਦੇ।

ਕੋਈ ਬਾਪ ਨੂੰ ਅਦਬ ਦਿਖਾਉਣ ਖਾਤਿਰ
ਘੜੀ ਮੁੜੀ ਜੋ ਫਤਹਿ ਬੁਲਾਵਾ ਕਰਦਾ।
ਕਿਹਾ ਉਸਦਾ ਕਦੇ ਨਾ ਇਕ ਮੰਨੇ
ਅਦਬ ਨਹੀਂ ਉਹ ਸਗੋਂ ਦਿਖਾਵਾ ਕਰਦਾ।

ਕਿਸੇ ਬਾਪ ਨੇ ਕਿਤੇ ਬਿਮਾਰੀ ਕਾਰਣ
ਦੂਰ ਨੌਕਰ ਪੁੱਤੀਂ ਇਤਲਾਹ ਕੀਤੀ।
ਬਿਮਾਰੀ ਆਪਣੀ ਛੋਟੀ ਜਿਹੀ ਦਸ ਕੇ ਤੇ
ਉਲਟਾ ਉਹਨਾਂ ਦੀ ਸਿਹਤ ਲਈ ਦੁਆ ਕੀਤੀ।

ਇਕ ਪੁੱਤ ਨੇ ਬੜੇ ਸਤਿਕਾਰ ਦੇ ਨਾਲ
ਚੁੰਮ ਚਿੱਠੀ ਨੂੰ ਹਿੱਕ ਦੇ ਨਾਲ ਲਾਇਆ।
ਮੱਥਾ ਟੇਕੇ ਤੇ ਸਾਂਭੇ ਨਿਤ ਧੂਫ ਦੇਵੇ
ਇੰਝ ਉਸ ਸਤਿਕਾਰ ਦਾ ਭਰਮ ਪਾਇਆ।

ਦੂਜੇ ਪੁੱਤ ਨੇ ਪੜ੍ਹਦੇ ਸਾਰ ਚਿੱਠੀ
ਛੁੱਟੀ ਲਈ ਸੀ ਜਾਣ ਕੇ ਹਾਲ ਉਸਨੇ।
ਬਿਮਾਰ ਬਾਪ ਦਾ ਇਲਾਜ ਕਰਵਾ ਕੇ ਤੇ
ਮੁੜ ਨੌਂਕਰੀ ਲਈ ਸੰਭਾਲ ਉਸਨੇ।

ਕਰਮ-ਧਰਮ ਦਾ ਇਕ ਨੂੰ ਸੰਦੇਸ਼ ਬਣ ਗਈ
ਇਕ ਚਿੱਠੀ ਨੂੰ ਧੂਫਾਂ ਹੀ ਦਈ ਜਾਵੇ।
ਦਿਲੋਂ ਬਾਪ ਦਾ ਕਿਹੜਾ ਸਤਿਕਾਰ ਕਰਦਾ
ਸੁੱਤੇ-ਸਿਧ ਹੀ ਸਮਝ ਵਿਚ ਪਈ ਜਾਵੇ।

ਕਈ ਬੰਦੇ ਤਾਂ ਦਿਲੋਂ ਸਤਿਕਾਰ ਕਰਦੇ
ਕਈ ਸਤਿਕਾਰ ਦਾ ਢੋਂਗ ਰਚਾਂਵਦੇ ਨੇ।
ਕਈ ਦਿਲ ਵਿਚ ਭਾਵਨਾ ਰਖ ਵਿਚਰਨ
ਕਈ ਉਤੋਂ ਹੀ ਸੀਸ ਨਿਵਾਂਵਦੇ ਨੇ।

ਕਈ ਸਤਿਕਾਰ ਦੇ ਏਸੇ ਖਿਆਲ ਅੰਦਰ
ਗੁਰੂ ਗਰੰਥ ਜੀ ਨੂੰ ਮੱਥਾ ਟੇਕਦੇ ਨੇ।
ਗੁਰੂ ਗ੍ਰੰਥ ਜੀ ਸਾਨੂੰ ਨੇ ਕੀ ਕਹਿੰਦੇ
ਏਸ ਗੱਲ ਨੂੰ ਰਤਾ ਨਾ ਦੇਖਦੇ ਨੇ।

ਮਤਿ ਗੁਰੂ ਦੀ ਅਸੀਂ ਜੇ ਮੰਨੀਏ ਨਾ
ਮਨ ਦੀ ਮਤਿ ਨੂੰ ਐਵੇਂ ਅਪਣਾਈ ਜਾਈਏ।
ਮੱਥਾ ਗੁਰੂ ਨੂੰ ਨਿਰਾ ਪਖੰਡ ਲੱਗਦਾ
ਭਾਵੇਂ ਨੱਕ ਨੂੰ ਰਗੜੇ ਲਵਾਈ ਜਾਈਏ।

ਮੱਥਾ ਸਤਿਕਾਰ ਦੇ ਨਾਲ ਸਮਰਪਣ ਵੀ ਏ
ਆਪਣੀ ਮੱਤ ਦਾ ਗੁਰੂ ਦੀ ਮੱਤ ਅਗੇ।
ਮੱਥਾ ਗੁਰੂ ਦੇ ਅਗੇ ਪ੍ਰਣ ਵੀ ਏ
ਫੁਲ ਚਾੜਨ ਲਈ ਹੁਕਮ ਤੇ ਸਤਿ ਅੱਗੇ।।

ਬੰਦੇ ਬਹਾਦਰ ਤੋਂ ਬਾਅਦ ਸਿਖ ਕੌਮ ਉਤੇ
ਅਣਮਨੁੱਖੀ ਅਤਿਆਚਾਰਾਂ ਦੀ ਹੱਦ ਮੁੱਕੀ।
ਮੁੱਲ ਸਿਰਾਂ ਦੇ ਪਾ ਸ਼ਹੀਦ ਕੀਤੇ
ਜ਼ਾਲਮ ਰਾਜ ਨੇ ਜ਼ੁਲਮ ਦੀ ਅੱਤ ਚੁੱਕੀ।

ਜ਼ੁਲਮ ਹਕੂਮਤੀ ਨਾਲ ਟਕਰਾਉਣ ਖਾਤਿਰ
ਸ਼ਰਣ ਜੰਗਲਾਂ ਵਿਚ ਲਈ ਆ ਸਿੰਘਾਂ।
ਸੌਣ ਲਈ ਜਦ ਮੰਜੇ ਦੀ ਲੋੜ ਜਾਪੀ
ਕਾਠੀ ਘੋੜੇ ਦੀ ਲਈ ਬਣਾ ਸਿੰਘਾਂ।

ਗੁਰੂ ਗ੍ਰੰਥ ਦਾ ਸਿੰਘਾਂ ਨਾ ਸਾਥ ਛੱਡਿਆ
ਦੌਰ ਭੈੜੇ ਵੀ ਸਮੇਂ ਦੇ ਆਂਵਦੇ ਸਨ।
ਸਮਾਂ ਮਿਲਣ ਤੇ ਗ੍ਰੰਥ ਪ੍ਰਕਾਸ਼ ਕਰਕੇ
ਬਾਣੀ ਵਾਲਾ ਪ੍ਰਵਾਹ ਉਹ ਚਲਾਂਵਦੇ ਸਨ।

ਦੌੜ ਭੱਜ ਦੇ ਐਸੇ ਮਾਹੌਲ ਵਿਚ ਵੀ
ਗੁਰੂ ਵਾਲੀ ਬੇਅਦਬੀ ਨਾ ਹੋਣ ਦਿੱਤੀ।
ਇਕੋ ਵਾਰ ਹੀ ਬਾਣੀ ਸੰਪੂਰਨ ਕਰਕੇ
ਅਖੰਡ ਪਾਠ ਦੀ ਰੀਤ ਸੀ ਤੋਰ ਦਿੱਤੀ।

ਅੱਧਾ ਪਾਠ ਇਕ ਥਾਂ, ਅੱਧਾ ਕਿਸੇ ਪਾਸੇ
ਹੱਲੇ-ਗੁੱਲੇ ਨਿਰਵਿਘਨਤਾ ਭੰਗ ਕੀਤੀ।
ਇਹੋ ਜਿਹੇ ਹਾਲਾਤਾਂ ਦੀ ਹੋਂਦ ਕਾਰਣ
ਮੱਧ ਵਿਚ ਅਰਦਾਸ ਆਰੰਭ ਕੀਤੀ।

ਉਦੋਂ ਪਾਣੀ ਦੀ ਬੜੀ ਸੀ ਥੋੜ ਹੁੰਦੀ
ਦੂਰੋਂ ਦੂਰੋਂ ਸੀ ਏਸ ਨੂੰ ਟੋਲ ਰੱਖਦੇ।
ਤਨ ਸ਼ੁੱਧੀ ਲਈ ਸਾਫ਼ ਸਵੱਛ ਜਲ ਦਾ
ਤਾਹੀਓਂ ਭਰ ਕੇ ਘੜਾ ਸੀ ਕੋਲ ਰੱਖਦੇ।

ਮਨ ਵਿਚ ਜੋ ਕਰ ਗਏ ਘਰ ਸਾਡੇ
ਕਰਮ-ਕਾਂਡੀ ਖਿਆਲ ਨਾ ਕੱਢ ਹੋਏ।
ਭਾਵੇਂ ਪਾਣੀ ਦੀ ਕਿੰਨੀ ਬਹੁਤਾਤ ਹੋ ਗਈ
ਅਜੇ ਤੱਕ ਵੀ ਕੁੰਭ ਨਾ ਛੱਡ ਹੋਏ।

ਸੰਗਤ ਵਿਚ ਦੁਰਗੰਧ ਦੇ ਫੈਲਣ ਵਾਲੀ
ਨਹੀਂ ਸੰਭਾਵਨਾ ਠੁਕਰਾਈ ਜਾ ਸਕਦੀ।
ਸਿਰਫ਼ ਏਸੇ ਮਾਹੌਲ ਤੋਂ ਬਚਣ ਖਾਤਿਰ
ਕੋਈ ਧੂਫ ਧੁਖਾਈ ਜਾ ਸਕਦੀ।

ਧੂਫ ਨਾਲ ਅੱਜਕੱਲ੍ਹ ਅਸੀਂ ਜੁੜੇ ਏਨੇ
ਧੂਫ ਧਰਮ-ਕਰਮ ਦਾ ਅੰਗ ਲੱਗੇ
ਚਲਦੇ ਪਾਠ ਵਿਚ ਬੁਝ ਗਈ ਧੂਫ ਜੇਕਰ
ਅਖੰਡ ਪਾਠ ਤਾਂ ਹੋ ਗਿਆ ਭੰਗ ਲੱਗੇ।

ਬਾਣੀ ਸੁਨਣ ਵਿਚ ਨਹੀਂ ਧਿਆਨ ਕੋਈ
ਲੇਕਿਨ ਧੂਫ ਵਿਚ ਸਦਾ ਧਿਆਨ ਰਹਿੰਦਾ।
ਅਖੰਡ ਪਾਠ ਦਾ ਚਾਹੁੰਦੇ ਹਾਂ ਭੋਗ ਪਾਉਣਾ
ਭੋਗ ਸਾਡੀ ਹੀ ਮੱਤ ਦਾ ਆਣ ਪੈਂਦਾ।

ਸੱਚੇ ਮਨ ਨਾਲ ਬਾਣੀ ਨੂੰ ਸੁਣੇ ਜਿਹੜਾ
ਮਹਿਕ ਉਸ ਨੂੰ ਬਾਣੀ 'ਚੋਂ ਆਉਣ ਲੱਗੇ।
ਅਤਰ ਫੁੱਲਾਂ ਦੀ ਵਰਖਾ ਪਾਖੰਡ ਲੱਗੇ
ਅੰਮ੍ਰਿਤ ਬਾਣੀ ਦੀ ਵਰਖਾ ਮਨਭਾਉਣ ਲੱਗੇ।

ਰਾਤ ਵੇਲੇ ਗੁਰਬਾਣੀ ਨੂੰ ਪੜ੍ਹਨ ਖਾਤਿਰ
ਦੀਵੇ-ਬੱਤੀ ਦੀ ਜਦੋਂ ਵੀ ਥੋੜ੍ਹ ਜਾਪੀ।
ਧਾਂਸ ਨੱਕ ਤੇ ਅੱਖਾਂ ਵਿਚ ਚੜ੍ਹੇ ਨਾਹੀਂ
ਤਾਹੀਓਂ ਘਿਓ ਦੀ ਜੋਤ ਦੀ ਲੋੜ ਜਾਪੀ।

ਭਾਵੇਂ ਜੋਤਿ ਦਾ ਮਤਲਬ ਪ੍ਰਕਾਸ਼ ਹੀ ਏ
ਉਨਤ ਸਾਧਨ ਕਈ ਏਸਦੇ ਆਈ ਜਾਂਦੇ।
ਦਿਨ ਵੇਲੇ ਹੀ ਬਣਾ ਪਾਖੰਡ ਐਪਰ
ਅਸੀਂ ਘਿਓ ਦੀਆਂ ਜੋਤਾਂ ਜਗਾਈ ਜਾਂਦੇ।

ਸਮਾਂ ਗੁਜ਼ਰਿਆ ਕਹਿਰ ਦਾ ਵਕਤ ਮੁੱਕਾ
ਪਿੰਡ ਵਸਗੇ ਸਿੰਘਾਂ ਨੇ ਰਾਹਤ ਪਾਈ।
ਲੇਕਿਨ ਬਾਣੀ ਅਰਾਮ ਨਾਲ ਪੜ੍ਹਨ ਦੀ ਥਾਂ
ਉਹੀ ਛੇਤੀ ਨਬੇੜਨ ਦੀ ਚਾਹਤ ਪਾਈ।

ਕਾਹਲੀ ਵਿਚ ਹੀ ਭਾਵੇਂ ਸਨ ਸਿੱਖ ਹੁੰਦੇ
ਲੇਕਿਨ ਬਾਣੀ ਨਾ ਸਨ ਅਧੂਰੀ ਸੁਣਦੇ।
ਘਰਾਂ ਵਿਚ ਬੇਫਿਕਰ ਨੇ ਅੱਜ ਭਾਵੇਂ
ਲਾਇਨ ਇਕ ਵੀ ਕਦੇ ਨਾ ਪੂਰੀ ਸੁਣਦੇ।

ਅੰਨ ਦੇਵਤਾ ਦੀ ਯਾਦ ਨਾਰੀਅਲ ਏ
ਪੌਣ ਦੇਵਤਾ ਦਾ ਕੰਮ ਧੂਫ ਕਰਦੀ।
ਜਲ ਦੇਵਤਾ ਵਜੋਂ ਹੈ ਕੁੰਭ ਰਖਿਆ
ਅਗਨ ਦੇਵਤਾ ਦੀ ਹਾਮੀ ਜੋਤਿ ਭਰਦੀ।

ਦੇਵੀ ਦੇਵਤਿਆਂ ਤੇ ਨਹੀਂ ਗੱਲ ਮੁਕਦੀ
ਸਿੱਖ ਸਿੱਧਾ ਅਕਾਲ ਨੂੰ ਧਿਆਂਵਦਾ ਹੈ।
ਚਿੰਨ੍ਹ ਰਖੇ ਜੋ ਇਹਨਾਂ ਦੀ ਯਾਦ ਅੰਦਰ
ਸਿਰਫ ਬ੍ਰਾਹਮਣਵਾਦ ਕਹਾਂਵਦਾ ਹੈ।

ਜੋਤਾਂ ਧੂਫਾਂ ਨਾਰੀਅਲ ਕੁੰਭ ਰਖਣੇ
ਇਹ ਤਾਂ ਬ੍ਰਾਹਮਣਾਂ ਵਾਲਾ ਵਿਹਾਰ ਹੁੰਦਾ।
ਬਾਣੀ ਪੜਨਾ ਸਮਝਣਾ ਅਮਲ ਕਰਨਾ
ਗੁਰੂ ਗ੍ਰੰਥ ਦਾ ਏਹੀ ਸਤਿਕਾਰ ਹੁੰਦਾ।

ਸ਼ਬਦ ਗੁਰੂ ਨੂੰ ਸਮਝ ਕੇ ਦੇਹਧਾਰੀ
ਪੱਖੇ ਝੱਲੀਏ, ਕੂਲਰ ਵੀ ਲਾਈ ਜਾਈਏ।
ਸਰਦੀ ਵਿਚ ਸਤਿਕਾਰ ਦਾ ਭਰਮ ਪਾ ਕੇ
ਉਤੇ ਰਜਾਈ ਗਦੈਲੇ ਵੀ ਪਾਈ ਜਾਈਏ।

ਗਰਮੀ ਸਰਦੀ ਜੋ ਦਿਲਾਂ ਵਿਚ ਵਸੀ ਸਾਡੇ
ਸਿਰਫ ਗੁਰੂ ਦੇ ਕਾਰਣ ਹੀ ਰੁਕ ਸਕਦੀ।
ਸ਼ਬਦ ਗੁਰੂ ਵਸਾ ਲਈਏ ਜੇ ਦਿਲ ਵਿਚ
ਵਸੀ ਜੁੱਗਾਂ ਦੀ ਠੰਡ ਵੀ ਮੁਕ ਸਕਦੀ।

ਸਹਿਜ ਪਾਠ ਦੇ ਯੋਗ ਨਾ ਅਸੀਂ ਹਾਲੇ
ਅਖੰਡ ਪਾਠ ਤਾਂ ਲੇਕਿਨ ਕਰਾਈ ਜਾਈਏ।
ਪਾਠ ਹੋਈ ਜਾਂਦਾ ਰਤਾ ਨਾ ਸੁਣੀਏ
ਆਏ ਗਏ ਦੀ ਸੇਵਾ ਨਿਭਾਈ ਜਾਈਏ।

ਕਿਹੜਾ ਮਹਿਮਾਨ ਆਇਆ, ਕਿਹੜਾ ਰੁਸਿਆ ਏ
ਕਿਹੜੇ ਪਰਾਹੁਣੇ ਨੂੰ ਕਿੱਦਾਂ ਮਨਾਵਣਾ ਏ।
ਪਾਠੀ ਸਿੰਘਾਂ ਨੂੰ ਕਿਸ ਤਰ੍ਹਾਂ ਰੋਟੀ ਦੇਣੀ
ਸੜੇ-ਸ਼ਰੀਕੇ ਨੂੰ ਕਿੰਝ ਟਰਕਾਵਣਾ ਏ।

ਚੰਗੀ ਗੱਲ ਸੁਣਾਉਣ ਲਈ ਜੇ ਕਿਧਰੇ
ਸਾਡੇ ਸਾਹਮਣੇ ਕੋਈ ਬਰਾਜਮਾਨ ਹੋਵੇ।
ਰੌਲਾ ਪਾਈ ਜਾਈਏ, ਨਾ ਗੱਲ ਸੁਣੀਏ
ਇਸ ਤੋਂ ਵੱਧ ਕੀ ਉਹਦਾ ਅਪਮਾਨ ਹੋਵੇ।

ਇਹ ਗੱਲ ਇਨਸਾਨੀ ਅਪਮਾਨ ਦੀ ਏ
ਅਸੀਂ ਗੁਰੂ ਦਾ ਵੀ ਅਪਮਾਨ ਕਰਦੇ।
ਰੱਬੀ ਬਾਣੀ ਦਾ ਰਹੇ ਪ੍ਰਵਾਹ ਚਲਦਾ
ਟਾਇਮ ਪਾਸ ਦਾ ਅਸੀਂ ਇੰਤਜ਼ਾਮ ਕਰਦੇ।

ਅਖੰਡ ਪਾਠ ਤਾਂ ਸਾਡੇ ਲਈ ਰਸਮ ਬਣ ਗਈ
ਆਪਣੇ ਆਪ ਨੂੰ ਧਰਮੀ ਦਰਸਾਉਣ ਵਾਲੀ।
ਸੁੱਖ ਪਿੱਛੋਂ ਜਾਂ ਖੁਸ਼ੀ ਦੇ ਕਰਨ ਵਾਲੀ
ਭਾਈਚਾਰੇ 'ਚੋਂ ਸਾਨੂੰ ਵਡਿਆਉਣ ਵਾਲੀ।

ਅਖੰਡ ਪਾਠ ਨੂੰ ਸਮਝਣਾ ਦੂਰ ਦੀ ਗੱਲ
ਅਸੀਂ ਪਾਠਾਂ ਦੀਆਂ ਲੜੀਆਂ ਚਲਾਈ ਜਾਈਏ।
ਇਕ ਸ਼ਬਦ ਨਾਲ ਜੁੜਨਾ ਬਹੁਤ ਔਖਾ
ਅਸੀਂ ਇਕੋਤਰੀਆਂ ਇਕੱਠੀਆਂ ਕਰਾਈ ਜਾਈਏ।

ਸਹਿਜ ਪਾਠ ਤਾਂ ਅਸੀਂ ਨਾ ਕਰਨ ਜੋਗੇ
ਗ੍ਰੰਥੀ ਸਿੰਘ ਨੂੰ ਸੱਦ ਪੜਵਾਂਵਦੇ ਹਾਂ।
ਬਾਣੀ ਸੁਨਣ ਦਾ ਵਿਹਲ ਨਾ ਕੋਲ ਸਾਡੇ
ਟਾਇਮ ਭੋਗ ਦਾ ਫਿਕਸ ਕਰਵਾਂਵਦੇ ਹਾਂ।

ਪਾਠ ਆਪ ਕਰਨਾ ਤਾਂ ਇਕ ਪਾਸੇ
ਹੁਣ ਤਾਂ ਬਿਨਾਂ ਸੁਣੇ ਤੋਂ ਹੀ ਸਰੀ ਜਾਂਦਾ।
ਟੱਬਰ ਆਪਣੇ ਝਮੇਲਿਆਂ 'ਚ ਮਸਤ ਰਹਿੰਦਾ
ਪਾਠੀ ਆਣ ਇਕੱਲਾ ਹੀ ਕਰੀ ਜਾਂਦਾ।

ਲੋਕਾਂ ਕੋਲ ਜਦ ਧਨ ਦੀ ਬਹੁਤਾਤ ਹੋਈ
ਪਾਠ ਕੀਤੇ ਕਰਾਏ ਮੁੱਲ ਲੈਣ ਲੱਗੇ।
ਜਾ ਕੇ ਪਾਠ ਨੂੰ ਸੰਗਤ ਵਿਚ ਸੁਨਣ ਨਾਲੋਂ
ਹੁਕਮਨਾਮੇ ਹੀ ਡਾਕ ਵਿਚ ਪੈਣ ਲੱਗੇ।

ਭੋਲਾ ਸਿੱਖ ਜਦ ਮਾਡਰਨ ਪਾਠੀ ਕੋਲੇ
ਸਹਿਜ ਪਾਠ ਦੀ ਇੱਛਾ ਪ੍ਰਗਟਾ ਦਿੰਦਾ।
ਭੋਗ ਅਡਵਾਂਸ ਹੀ ਕਰੇ ਹੋਏ ਪਾਠ ਵਾਲਾ
ਉਹ ਤਾਂ ਸ਼ਰਧਾਲੂ ਦੇ ਘਰ ਵਿਚ ਪਾ ਦਿੰਦਾ।

ਪਾਠਾਂ ਵਿਚ ਵੀ ਆ ਗਈ ਸੌਦੇਬਾਜ਼ੀ
ਕੋਈ ਮਹਿੰਗਾ ਕੋਈ ਸਸਤੇ ਭਾਅ ਵਿਕਦਾ।
ਆਮ ਦਿਨਾਂ ਵਿਚ ਸਸਤੇ ਦੀ ਗੱਲ ਚਲਦੀ
ਖਾਸ ਦਿਨਾਂ ਵਿਚ ਬੋਲੀ ਪਵਾ ਵਿਕਦਾ।

ਸਹੀ ਸਮੇਂ ਤੇ ਸਹੀ ਮਹਾਤਮ ਵਾਲੀ
ਕਰਮਕਾਂਡੀ ਜਿਹੀ ਰੀਤ ਨਾਲ ਜੁੜੇ ਲੋਕੀਂ।
ਮਿਥੇ ਸਮੇਂ ਵਿਚ ਪੂਰਾ ਜੇ ਨਾ ਹੋਵੇ
ਗਿਣੇ ਜਾਂਦੇ ਮਰਿਆਦਾ ਤੋਂ ਮੁੜੇ ਲੋਕੀਂ।

ਜਪੁਜੀ ਸਾਹਿਬ ਦੇ ਪਾਠ ਨੂੰ ਕਰਨ ਵੇਲੇ
ਜਿਸ ਤਰ੍ਹਾਂ ਟਾਇਮ ਦੀ ਨਹੀਂ ਪਾਬੰਦੀ ਹੁੰਦੀ।
ਓਵੇਂ ਸਹਿਜ ਜਾਂ ਅਖੰਡ ਪਾਠ ਦੀ ਵੀ
ਸਮੇਂ ਵਾਲੀ ਨਾ ਕੋਈ ਹਦਬੰਦੀ ਹੁੰਦੀ।

ਸਿੱਖ ਧਰਮ ਤਾਂ ਸਹਿਜ ਦਾ ਮਾਰਗ ਹੀ ਏ
ਲੋਕੀਂ ਗ੍ਰਿਹਸਤ ਦੇ ਵਿਚ ਨਿਭਾਈ ਜਾਂਦੇ।
ਮਹਾਤਮ ਕਢ ਕੇ ਸ਼ਬਦ ਦਾ ਮੰਤਰ ਵਾਂਗੂ
ਸੰਪਟ ਲਾ ਕਈ ਪਾਠ ਕਰਾਈ ਜਾਂਦੇ।

ਤਪ ਕਰਨੇ ਚਲੀਹੇ ਤੇ ਸਿਲੇ ਕਢਣੇ
ਸੁੱਖਾਂ, ਸਿੱਧੀਆਂ ਤੇ ਵਿਧੀਆਂ 'ਚ ਵਸ ਕੇ ਤੇ।
ਆਪ ਕਰਨ ਤੇ ਅਗੇ ਕਰਵਾਉਣ ਮਨਮੁੱਖ
ਬ੍ਰਾਹਮਣਵਾਦੀ ਕਰਮਕਾਂਡਾਂ 'ਚ ਫਸ ਕੇ ਤੇ।

ਗੁਰੂ ਗ੍ਰੰਥ ਦਾ ਅਸੀਂ ਹਾਂ ਪਾਠ ਕਰਦੇ
ਪਾਠ ਕੀ ਕਹਿੰਦਾ ਇਹ ਜਾਣੀਏ ਨਾ।
ਮੰਤਰਾਂ ਵਾਂਗ ਹੀ ਬਾਣੀ ਉਚਾਰੀ ਜਾਈਏ
ਬਾਣੀ, ਮੰਤਰ ਵਿਚ ਫਰਕ ਪਹਿਚਾਣੀਏ ਨਾ।

ਬਾਣੀ ਆਖਦੀ ਸਹਿਜ ਦੇ ਵਿਚ ਆਓ
ਰਿਧੀ ਸਿੱਧੀ ਤਾਂ ਗੁਰਮਤਿ ਅਨੁਕੂਲ ਨਾਹੀਂ।
ਮਹਾਤਮ ਵਿਧੀਆਂ ਦੇ ਚੱਕਰ ਤੋਂ ਦੂਰ ਹੋਵੋ
ਮੰਤਰਾਂ ਵਾਂਗ ਤਾਂ ਬਾਣੀ ਕਬੂਲ ਨਾਹੀਂ।

ਪਾਠ ਨਾਲ ਜੋ ਸਿਰਫ ਉਲਾਂਭੇ ਲਾਹੁਣ
ਉਹਨਾਂ ਲੋਗਾਂ ਨੂੰ ਗੁਰੂ ਪਹਿਚਾਣ ਜਾਂਦਾ।
ਆਪ ਜਪੇ ਤੇ ਨਾਲੇ ਜਪਾਏ ਅੱਗੇ
ਉਹਨਾਂ ਸਿੱਖਾਂ ਤੇ ਉਹ ਤਾਂ ਕੁਰਬਾਨ ਜਾਂਦਾ।

ਬਾਣੀ ਸੁਣੀਏ, ਪੜ੍ਹੀਏ ਅਤੇ ਗਾਈਏ
ਬਾਣੀ ਕੀ ਕਹਿੰਦੀ ਇਹ ਵੀ ਜਾਣ ਲਈਏ।
ਬਾਣੀ ਅਨੁਸਾਰ ਹੀ ਜ਼ਿੰਦਗੀ ਢਾਲ ਆਪਣੀ
ਬਣ ਕੇ ਬਾਣੀ ਹੀ ਜ਼ਿੰਦਗੀ ਮਾਣ ਲਈਏ।

# ਸੰਤ

ਨਾਨਕਵਾਦ ਪ੍ਰਚਾਰਨ ਸੰਸਾਰ ਅੰਦਰ
ਤੀਜੇ ਨਾਨਕ ਨੇ ਕੰਮ ਅਨੇਕ ਕੀਤੇ।
ਜੋ ਜੋ ਗੁਰਸਿੱਖੀ ਲਈ ਯੋਗ ਜਾਪੇ
ਉਹ ਉਹ ਸੀ ਕੰਮ ਹਰੇਕ ਕੀਤੇ।

ਸੋਹਣੀ ਸਿੱਖੀ ਦੇ ਸੋਹਣੇ ਸੰਦੇਸ਼ ਖਾਤਿਰ
ਦੂਰ ਦੂਰ ਸੀ ਕਈ ਮਸੰਦ ਥਾਪੇ।
ਮਨਮਤ ਤੋਂ ਜੱਗ ਬਚਾਉਣ ਖਾਤਿਰ
ਸਿੱਖੀ ਵਾਸਤੇ ਕਰ ਪਾਬੰਦ ਥਾਪੇ।

ਬਾਦਸ਼ਾਹ ਦੇ ਤਖ਼ਤ ਨੂੰ ਉਸ ਵੇਲੇ
ਉਸ ਭਾਸ਼ਾ 'ਚ ਸੀ 'ਔਰੰਗ' ਕਹਿੰਦੇ।
'ਮਸਨਦ' ਨਾਮ ਵਜ਼ੀਰਾਂ ਦੇ ਤਖ਼ਤ ਦਾ ਸੀ
ਹੌਲੀ ਹੌਲੀ ਸੀ ਬਣਿਆ 'ਮਸੰਦ' ਕਹਿੰਦੇ।

ਉਚੇ ਅਹੁਦੇ ਸੀ ਬਖ਼ਸ਼ੇ ਪ੍ਰਚਾਰਕਾਂ ਨੂੰ
ਕਿੰਨਾ ਉਹਨਾਂ ਨੂੰ ਗੁਰੂ ਪਿਆਰਦਾ ਸੀ।
ਐਪਰ ਪੂਜਾ ਦੇ ਧਾਮ ਨੇ ਮਤ ਫੇਰੀ
ਮਸੰਦ ਸ਼ਬਦ ਤਾਂ ਪਾਤਿਰ ਸਤਿਕਾਰ ਦਾ ਸੀ।

ਲੇਕਿਨ ਸਮੇਂ ਦੇ ਸਦਾ ਹੀ ਫਿਰਨ ਵਾਂਗੂ
ਨੀਤ ਇਹਨਾਂ ਮਸੰਦਾਂ ਦੀ ਫਿਰਨ ਲੱਗੀ।
ਧਰਮ ਘਰ ਮਸੰਦਾਂ ਦੁਕਾਨ ਸਮਝੇ
ਹਾਲਤ ਧਰਮਸ਼ਾਲਾਵਾਂ ਦੀ ਗਿਰਨ ਲੱਗੀ।

ਇਕ ਗੁਰੂ ਨਾਲ ਸਿੱਖਾਂ ਨੂੰ ਜੋੜਨਾ ਕੀ
ਆਪੋ ਆਪਣੇ ਰਾਹ ਚਲਾਏ ਉਹਨਾਂ।
ਹੁੰਦੀ ਪੂਜਾ ਪ੍ਰਤਿਸ਼ਠਾ ਦੇਖ ਕੇ ਤੇ
ਧਰਮਘਰ ਸੀ ਕਿਤੇ ਬਣਾਏ ਉਹਨਾਂ।

ਏਸ ਪ੍ਰਥਾ ਨੂੰ ਆਖਿਰ ਫਿਰ ਖਤਮ ਕੀਤਾ
ਦਸਵੇਂ ਨਾਨਕ ਨੇ ਖੂਬ ਵਿਚਾਰ ਕੇ ਤੇ।
ਧਰਮ ਬਹਾਨੇ ਨਾ ਕਰੇ ਕੋਈ ਦੁਰਾਚਾਰੀ
ਦ੍ਰਿੜ ਕਰਵਾਇਆ ਮਸੰਦਾਂ ਨੂੰ ਸਾੜ ਕੇ ਤੇ।

ਅੰਗਰੇਜ਼ਾਂ ਵੇਲੇ ਵੀ ਸਮਾਂ ਅਨੁਕੂਲ ਤੱਕ ਕੇ
ਕਾਬਜ਼ ਹੋਏ ਮਸੰਦ ਸੀ ਫੇਰ ਆ ਕੇ।
ਦਰਸ਼ਨ ਕਰਨ ਗੁਰਧਾਮਾਂ ਦੇ ਜੋ ਆਉਂਦੇ
ਲੁਟਣ ਵਾਸਤੇ ਲੈਂਦੇ ਸੀ ਘੇਰ ਆ ਕੇ।

ਰੋਜ਼ੀ ਰੋਟੀ ਤੇ ਗੱਲ ਨਾ ਫੇਰ ਮੁੱਕੀ
ਦੁਰਾਚਾਰ ਦੇ ਅੱਡੇ ਬਣਾਏ ਉਹਨਾਂ।
ਆ ਕੇ ਡੇਰੇ ਜੋ ਸਿੱਖੀ ਦੀ ਗੱਲ ਕਰਦੇ
ਰੱਖੇ ਗੁੰਡਿਆਂ ਕੋਲੋਂ ਮਰਵਾਏ ਉਹਨਾਂ।

ਗੁਰਦਵਾਰੇ ਮਹੰਤਾਂ ਤੋਂ ਲਏ ਵਾਪਸ
ਲਾ ਕੇ ਮੋਰਚੇ ਫੇਰ ਅਕਾਲੀਆਂ ਨੇ।
ਜੰਡਾਂ ਭੱਠੀਆਂ ਨਾਲ ਉਹ ਗਏ ਸਾੜੇ
ਕੇਹੀਆਂ ਸਿੱਖਾਂ ਨੇ ਘਾਲਣਾ ਘਾਲੀਆਂ ਨੇ।

ਅੱਜ ਫੇਰ ਸਮੇਂ ਦਾ ਗੇੜ ਆਇਆ
ਨੀਤੀ ਪੁਰਾਣੀ ਮਸੰਦ ਦੁਹਰਾਉਣ ਲੱਗੇ।
ਸਮੇਂ ਨਾਲ ਇਹ ਮਾਡਰਨਾਈਜ਼ ਹੋ ਕੇ
ਆਪਣੇ ਆਪ ਨੂੰ ਸੰਤ ਕਹਾਉਣ ਲੱਗੇ।

ਸਿੱਖ ਧਰਮ ਵਿਚ ਸੰਤ ਦੇ ਅਰਥ ਕੀ ਨੇ
ਆਓ ਗੁਰੂ ਗ੍ਰੰਥ ਤੋਂ ਜਾਣ ਲਈਏ।
ਸੰਤ ਵੱਡਾ ਜਾਂ ਫਿਰ ਸਿੱਖ ਵੱਡਾ
ਆਓ ਗੁਰੂ ਦੀ ਰਮਜ਼ ਪਹਿਚਾਣ ਲਈਏ।

ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਚਾਰੇ
ਇਕੋ ਸਿੱਖ ਵਿਚ ਗੁਰਾਂ ਸਮੋ ਦਿੱਤੇ।
ਨਾਮ ਜਪਣ, ਸੂਰਬੀਰ ਬਣਨ ਦੇ ਨਾਲ
ਕਿਰਤ, ਸੇਵਾ ਵੀ ਵਿਚ ਪਰੋ ਦਿੱਤੇ।

ਚਾਰ ਵਰਨਾਂ ਤੋਂ ਇਕ ਵਰਨ ਕਰਕੇ
ਨਾਮ ਸੰਤ ਸਿਪਾਹੀ ਗੁਰੂ ਧਰਨ ਲੱਗੇ।
ਪਖੰਡੀ ਕਰਕੇ ਗੁਰਾਂ ਦੇ ਵਲ ਪਿੱਠਾਂ
ਬਾਹਰ ਸੰਤ ਨੂੰ ਸਿੱਖ 'ਚੋਂ ਕਰਨ ਲੱਗੇ।

ਇਕ ਬਚਨ ਦੇ ਤੌਰ ਤੇ 'ਸੰਤ' ਸ਼ਬਦ
ਜੇਕਰ ਦੇਖੀਏ ਅਸੀਂ ਪੜਚੋਲ ਕਰਕੇ।
ਪੰਜਵੇਂ ਨਾਨਕ ਨੇ ਚੌਥੇ ਨਾਨਕ ਨੂੰ ਹੀ
ਸੰਤ ਆਖਿਆ ਬੜਾ ਹੀ ਤੋਲ ਕਰਕੇ।

ਬਹੁਵਚਨ ਦੇ ਤੌਰ ਤੇ ਵੀ ਉਹਨਾਂ
ਏਸ ਸ਼ਬਦ ਨੂੰ ਰਖਿਆ ਧਿਆਨ ਅੰਦਰ।
'ਸੰਤਹੁ' 'ਸੰਤ ਜਨੋ' ਉਹਨਾਂ ਆਖਿਆ ਸੀ
ਗੁਰਸਿੱਖਾਂ ਦੇ ਯੋਗ ਸਨਮਾਨ ਅੰਦਰ।

ਅੱਜ ਕੱਲ੍ਹ ਦੀ ਐਪਰ ਹੈ ਗੱਲ ਵਖਰੀ
ਆਪਣੇ ਆਪ ਜੋ ਸੰਤ ਕਹਾਂਵਦੇ ਨੇ।
ਗੁਰਸਿੱਖ ਤਾਂ ਦੂਰ ਦੀ ਗੱਲ ਹੁੰਦਾ
ਆਮ ਲੋਕਾਂ ਦੇ ਇਹ ਨਾ ਹਾਣਦੇ ਨੇ।

ਸਦਾ ਦੂਰ ਵਡਿਆਈ ਤੋਂ ਵਸਦੇ ਨੇ
ਸੱਚੇ ਸਿੱਖਾਂ ਦੀ ਇਹੀ ਪਹਿਚਾਣ ਹੁੰਦੀ।
ਆਪਣੇ ਆਪ ਨੂੰ ਸੰਤ ਅਖਵਾਉਣ ਜਿਹੜੇ
ਉਹ ਸਿੱਖੀ ਨਹੀਂ ਸਗੋਂ ਦੁਕਾਨ ਹੁੰਦੀ।

ਜਿਹੜੇ ਪੂਜਾ ਦੇ ਧਾਮ ਤੇ ਪਲਣ ਗਿੱਝੇ
ਸੰਤ ਦੂਰ ਰਹਿ ਗਏ ਉਹ ਤਾਂ ਸਿੱਖ ਵੀ ਨਹੀਂ।
ਕਿਰਤ ਕਰਨ ਦੀ ਮੱਤਿ ਉਹ ਕਿੰਝ ਦੇਵਣ
ਕਿਰਤ ਕਰਨ ਦੀ ਜਿਹਨਾਂ ਦੀ ਪਿਰਤ ਹੀ ਨਹੀਂ।

ਸਿੱਖ ਮਤਿ ਤੇ ਸਾਧ ਮਤਿ ਰਾਹ ਵਖਰੇ
ਲੇਕਿਨ ਇਹ ਤਾਂ ਇਕੋ ਦਰਸਾਈ ਜਾਂਦੇ।
ਸਾਧ ਆਪਣੀ ਦੁਕਾਨ ਚਲਾਉਣ ਖਾਤਿਰ
ਸਿੱਖ ਮਤਿ ਨਾਲ ਧਰੋਅ ਕਮਾਈ ਜਾਂਦੇ।

ਮੱਤ ਸਾਧਾਂ ਦੀ ਸਿੱਖਾਂ ਵਿਚ ਵਾੜ ਕੇ ਤੇ
ਹਾਵੀ ਕਰਨ ਦੀ ਵਿਉਂਤ ਚਲਾਈ ਜਾਂਦੇ।
ਪੈਰ ਧਰਨ ਦੀ ਜਗ੍ਹਾ ਨੂੰ ਭਾਲ ਕੇ ਤੇ
ਲੰਮੇ ਪੈਣ ਦੀ ਜਗ੍ਹਾ ਬਣਾਈ ਜਾਂਦੇ।

ਸਾਧ ਮਤ ਦਾ ਕੋਝਾ ਅਟੈਕ ਕੀਤਾ
ਉਸ ਵੇਲੇ ਸਪੱਸ਼ਟ ਹੋ ਜਾਂਵਦਾ ਹੈ।
ਸੰਤ ਰੂਪੀ ਬਹੱਤਰਾਂ ਜਾਮਿਆਂ ਵਿਚ
ਜਦੋਂ ਕਹਿੰਦੇ ਗੁਰ ਨਾਨਕ ਹੀ ਆਂਵਦਾ ਹੈ।

ਪਰਕਾਸ਼ ਕਰਕੇ ਗੁਰੂ ਗਰੰਥ ਜੀ ਦਾ
ਭੋਲੇ ਲੋਗਾਂ ਨੂੰ ਭਰਮ ਵਿਚ ਪਾ ਦਿੰਦੇ।
ਸਾਡੇ ਬਾਬੇ ਗੁਰਨਾਨਕ ਦਾ ਰੂਪ ਹੀ ਨੇ
ਗੱਲ ਚੇਲਿਆਂ ਰਾਹੀਂ ਪਹੁੰਚਾ ਦਿੰਦੇ।

ਸਿੱਖ ਧਰਮ ਦਾ ਕੇਂਦਰ ਨੇ ਗੁਰਦਵਾਰੇ
ਐਪਰ ਇਹ ਤਾਂ ਡੇਰੇ ਬਣਾਂਵਦੇ ਨੇ।
ਨਿਸ਼ਾਨ ਸਾਹਿਬ ਵੀ ਕਿਤੇ ਨਾ ਲਗਣ ਦਿੰਦੇ
ਨਾਹੀਂ ਲੰਗਰ ਦੀ ਪ੍ਰਥਾ ਚਲਾਂਵਦੇ ਨੇ।

ਐਸ਼ੋ-ਇਸ਼ਰਤ ਦਾ ਨਾਮ ਹੀ ਠਾਠ ਹੁੰਦਾ
ਭਲਾ ਸੰਤ ਤੇ ਠਾਠ ਦਾ ਮੇਲ ਕੀ ਏ।
ਸੰਸਾਰੀ ਸੁੱਖਾਂ ਤੋਂ ਸੰਤ ਤਾਂ ਦੂਰ ਰਹਿੰਦੇ
ਫਿਰ ਸੰਤ ਤੇ ਸਾਧ ਦਾ ਖੇਲ ਕੀ ਏ।

ਅੱਜ ਕੱਲ੍ਹ ਅਖਾਉਤੀ ਜੋ ਸੰਤ ਫਿਰਦੇ
ਸਦਾ ਸਿੱਖੀ ਵਿਰੁੱਧ ਪ੍ਰਚਾਰਦੇ ਨੇ।
ਮਲਕ ਭਾਗੋ ਦੀਆਂ ਗੱਡੀਆਂ ਵਿਚ ਚੜ੍ਹਦੇ
ਭਾਈ ਲਾਲੋ ਦੀ ਸੇਵਾ ਦੁਰਕਾਰਦੇ ਨੇ।

ਪੈਰੀਂ ਡਿਗੇ ਨਾ ਸ਼ਰਧਾ ਨਾਲ ਕੋਈ ਸਾਡੇ
ਦਬਵੀਂ ਜੀਭ ਨਾਲ ਚਾਲ ਦੁਹਰਾਅ ਦਿੰਦੇ।
ਮੱਥਾ ਟੇਕਣ ਦੀ ਨਾਲੇ ਸ਼ੁਰੂਆਤ ਆਪੇ
ਆਪਣੇ ਚੇਲਿਆਂ ਰਾਹੀਂ ਕਰਵਾ ਦਿੰਦੇ।

ਆਪਣੇ ਆਪ ਨੂੰ ਮੱਥੇ ਟਿਕਾਉਣ ਖਾਤਿਰ
ਗੁਰੂ ਗ੍ਰੰਥ ਬਰਾਬਰ ਸਟੇਜ ਮੱਲਣ।
ਸ਼ਮੂਲੀਅਤ ਇੰਝ ਹੁੰਦੀ ਸੰਤ ਸੰਮੇਲਨਾਂ ਵਿਚ
ਜਿਵੇਂ ਸਵੰਬਰ ਵਿਚ ਰਾਜਕੁਮਾਰ ਚੱਲਣ।

ਕੋਈ ਪੱਖਾ ਮਾਰੇ, ਕੋਈ ਚੌਰ ਕਰਦਾ
ਛਿੱਟਾ ਦਿੰਦਾ ਕੋਈ ਸੰਤ ਦੇ ਖੜਨ ਵੇਲੇ।
ਅਜੀਬੋ ਗਰੀਬ ਲੁਭਾਵਣੇ ਪਾ ਬਾਣੇ
ਹੀਰੋ ਜਾਪਣ ਪੰਡਾਲ ਵਿਚ ਵੜਨ ਵੇਲੇ।

ਸ਼ਬਦ ਗੁਰੂ ਤੋਂ ਲੋਕਾਂ ਨੂੰ ਤੋੜ ਕੇ ਤੇ
ਵਿਅਕਤੀਵਾਦ ਦਾ ਇਹੋ ਪ੍ਰਚਾਰ ਕਰਦੇ।
ਛੱਡ ਸਿਧਾਂਤ, ਅਸੂਲ, ਵਿਚਾਰਧਾਰਾ
ਸੰਤ ਬਾਬਿਆਂ ਦੀ ਜੈ ਜੈ ਕਾਰ ਕਰਦੇ।

ਦਸ ਗੁਰੂ ਜਾਂ ਗ੍ਰੰਥ ਜੀ ਕੀ ਕਹਿੰਦੇ
ਗੁਰਮਤਿ ਨਾ ਕਿਤੇ ਸੁਣਾਂਵਦੇ ਨੇ।
'ਸਾਡੇ ਬਾਬਾ ਜੀ ਇੰਝ ਹੀ ਆਖਦੇ ਸਨ'
ਵਾਰ ਵਾਰ ਇਹ ਗੱਲ ਦੁਹਰਾਂਵਦੇ ਨੇ।

ਕੋਲੋਂ ਜੋੜ ਕੇ ਧਾਰਨਾ ਪੜੀ ਜਾਂਦੇ
ਕੱਚੀ ਬਾਣੀ ਰਟਾਂਵਦੇ ਸੰਗਤਾਂ ਨੂੰ।
ਸਿੱਖ ਫਿਲਾਸਫੀ ਸਮਝ ਦੀ ਗੱਲ ਹੈ ਨਹੀਂ
ਗੱਲੀਂ ਬਾਤੀਂ ਭਰਮਾਂਵਦੇ ਸੰਗਤਾਂ ਨੂੰ।

ਕਈ ਆਖਦੇ ਅਸੀਂ ਹਾਂ ਸੰਤ ਬਾਬੇ
ਕਈ ਬ੍ਰਹਮ ਗਿਆਨੀ ਅਖਵਾਈ ਜਾਂਦੇ।
ਕਈ ਆਖਦੇ ਅਸੀਂ ਤਾਂ ਮਹਾਂਪੁਰਸ਼ ਹਾਂ
ਡਿਗਰੀਆਂ ਨਾਵਾਂ ਦੇ ਨਾਲ ਵਧਾਈ ਜਾਂਦੇ।

ਬਾਣੀ ਆਖਦੀ 'ਕੋਟਨ ਮੇਂ ਨਾਨਕ ਕੋਊ'
ਲੇਕਿਨ ਬਾਣੀ ਤਾਂ ਇਹ ਵਿਸਾਰ ਬੈਠੇ।
ਇੱਟ ਪੁੱਟ ਕੇ ਸੰਤ ਨੂੰ ਭਾਲਣਾ ਕੀ
ਉਪਰ ਇੱਟ ਦੇ ਇਹ ਤਾਂ ਚਾਰ ਬੈਠੇ।

ਧਰਮ ਖੇਤਰ 'ਚੋਂ ਮਾੜੇ ਵਿਹਾਰ ਕਾਰਨ
ਜੇਕਰ ਪਤਿਤ ਨੂੰ ਕੋਈ ਹਟਾਉਣ ਲੱਗਦਾ।
ਉਹੀ ਪਤਿਤ ਦੂਰ ਕਿਸੇ ਜਗ੍ਹਾ ਬਹਿ ਕੇ
ਆਪਣੇ ਆਪ ਨੂੰ ਸੰਤ ਕਹਾਉਣ ਲੱਗਦਾ।

ਪਾਉਣ ਧੋਤੀਆਂ ਤਰੇ ਤਰੇ ਫੁੱਟੀਆਂ ਜੋ
ਤੀਹਰੇ ਤੀਹਰੇ ਜਿਨ੍ਹਾਂ ਦੇ ਤੱਗ ਹੁੰਦੇ।
ਗੱਲਾਂ ਵਿਚ ਜਪਮਾਲੀਆਂ ਜੋ ਪਾਉਂਦੇ
ਲੋਟੇ ਜਿਨ੍ਹਾਂ ਦੇ ਹੱਥੀ ਨਿਬੱਗ ਹੁੰਦੇ।

ਦਿਖਾਵਾ ਕਰਨ ਜੋ ਧਰਮੀ ਅਖਵਾਉਣ ਖਾਤਿਰ
ਗੁਰੂ ਗਰੰਥ ਦੀ ਬਾਣੀ ਦੇ ਜੱਗ ਹੁੰਦੇ।
ਹਰਿ ਕੇ ਸੰਤ ਉਹਨਾਂ ਨੂੰ ਆਖੀਏ ਨਾ
ਗੁਰੂ ਕਹਿੰਦਾ ਬਨਾਰਸ ਦੇ ਠੱਗ ਹੁੰਦੇ।

ਝੂਠੇ ਸੰਤਾਂ ਦੀ ਸਮਝ ਕੇ ਨੀਤ ਖੋਟੀ
ਭੋਲੇ ਲੋਕੀਂ ਜਦ ਸ਼ੰਕਾ ਪ੍ਰਗਟਾ ਦਿੰਦੇ।
ਹੁੰਦੀ ਦੁਰਗਤੀ ਸੰਤਾਂ ਦੇ ਨਿੰਦਕਾਂ ਦੀ
ਅਸ਼ਟਪਦੀ 'ਸੁਖਮਨੀ' ਵਾਲੀ ਦੁਹਰਾਅ ਦਿੰਦੇ।

ਜਿਹਨਾਂ ਸੰਤਾਂ ਦੀ ਨਿੰਦਿਆ ਪਾਪ ਵੱਡਾ
ਉਹ ਨਾ ਸੰਤ ਦਿਖਾਏ ਜਾ ਸਕਦੇ।
ਪਖੰਡੀ ਸਾਧਾਂ ਦੀ ਨਿੰਦਿਆ ਪੁੰਨ ਹੁੰਦੀ
ਭੋਲੇ ਲੋਕ ਬਚਾਏ ਜਾ ਸਕਦੇ।

'ਜੇਕਰ ਚੰਗਾ ਨਾ ਕਿਸੇ ਨੂੰ ਆਖ ਹੋਵੇ
ਹੱਕ ਕੋਈ ਨਹੀਂ ਮੰਦਾ ਵੀ ਕਹਿਣ ਵਾਲਾ'।
ਬੋਲਣ ਦੇਵੇ ਨਾ ਪਖੰਡ ਵਿਰੁੱਧ ਜਿਹੜੀ
ਭੋਗ ਜਾਪੇ ਇਸ ਨੀਤੀ ਦਾ ਪੈਣ ਵਾਲਾ।

ਜ਼ੁਲਮ ਕਰਨਾ ਜਿਸ ਤਰ੍ਹਾਂ ਪਾਪ ਹੁੰਦਾ
ਮਹਾਂਪਾਪ ਏ ਇਸ ਤਰ੍ਹਾਂ ਜ਼ੁਲਮ ਸਹਿਣਾ।
ਪਖੰਡ ਕਰਦੇ ਜੋ ਧਰਮ ਦੇ ਨਾਂ ਉਤੇ
ਪਾਪ ਹੁੰਦਾ ਏ ਦੇਖ ਕੇ ਚੁੱਪ ਰਹਿਣਾ।

ਦੁੱਖ ਸੁੱਖ ਬਰਾਬਰ ਸਮਝਾਉਣ ਜਿਹੜੇ
ਡਰ ਮੌਤ ਦਾ ਲਾਹੁਣ ਦੀ ਗੱਲ ਕਰਦੇ।
ਲੇਕਿਨ ਆਪਣੀ ਮੌਤ ਤੋਂ ਡਰੀ ਜਾਂਦੇ
ਬਾਡੀਗਾਰਡਾਂ ਦਾ ਤਾਹੀਂ ਹੱਲ ਕਰਦੇ।

ਲੰਬੀ ਚੌੜੀ ਤੇ ਔਖੀ ਬਣਾ ਬਾਣੀ
ਜੰਤਰ ਮੰਤਰਾਂ ਦੀ ਕਰ ਰੀਸ ਪੜ੍ਹਦੇ।
ਆਪਣੇ ਆਪ ਨੂੰ ਸਮਝ ਬੇਸਮਝ ਲੋਕੀਂ
ਸ਼ਰਧਾਵਾਨ ਹੋ ਚਰਨਾਂ ਵਿਚ ਸੀਸ ਧਰਦੇ।

ਗੁਰਮਤਿ ਲਿਟਰੇਚਰ ਤਾਂ ਵੰਡਣਾ ਕੀ
ਉਲਟਾ ਗੁਰਮਤਿ ਅਸੂਲਾਂ ਨੂੰ ਭੰਡਦੇ ਨੇ।
ਨੱਕ ਰਗੜਨ ਜਾਂ ਧੂਫ ਧੁਖਾਉਣ ਖਾਤਿਰ
ਅਖਾਉਤੀ ਸੰਤਾਂ ਦੀਆਂ ਫੋਟੋਆਂ ਵੰਡਦੇ ਨੇ।

ਬਾਬੇ ਨਾਨਕ ਨੇ ਲੰਬਾ ਵਿਚਾਰ ਕੇ ਤੇ
ਸਿੱਧਾ ਬੰਦੇ ਨੂੰ ਰੱਬ ਨਾਲ ਜੋੜ ਦਿੱਤਾ।
ਲੇਕਿਨ ਇਹਨਾਂ ਮਸੰਦਾਂ ਏਜੰਟ ਬਣ ਕੇ
ਰਿਸ਼ਤਾ ਬੰਦੇ ਤੇ ਰੱਬ ਦਾ ਤੋੜ ਦਿੱਤਾ।

ਦਸੇ ਗੁਰੂ ਤਾਂ ਨਾਨਕ ਦੀ ਜੋਤ ਹੈ ਸਨ
ਐਪਰ ਸੰਤਾਂ ਨੂੰ ਕਿਸ ਤਰ੍ਹਾਂ ਸ਼ਰਮ ਆਏ।
ਛੇਵੇਂ ਨਾਨਕ ਦੇ ਨਾਲ ਗ਼ਦਾਰੀ ਕਰਕੇ
ਸਮੁੱਚੇ ਨਾਨਕ ਦੀ ਸੋਚ ਵਿਚ ਭਰਮ ਪਾਏ।

ਮੀਰੀ ਪੀਰੀ ਗ਼ਰੀਬਾਂ ਦੀ ਝੋਲੀ ਪਾਈ
ਛੇਵੇਂ ਨਾਨਕ ਇਕੱਠਿਆਂ ਕਰਕੇ ਤੇ
ਰਾਜਨੀਤੀ ਨੂੰ ਧਰਮ ਦੇ ਨਾਲ ਲਾਇਆ
ਅਕਾਲ ਤਖ਼ਤ ਦੀ ਸਿਰਜਨਾ ਕਰਕੇ ਤੇ।

ਸਦਾ ਉਸਦਾ ਸੰਤ ਇਹ ਸਾਥ ਦਿੰਦੇ
ਅਕਾਲ ਤਖ਼ਤ ਵਿਰੁਧ ਜੋ ਬੋਲਦਾ ਹੈ।
ਸ਼ਬਦ ਗੁਰੂ ਦੇ ਵਲ ਨੂੰ ਪਿੱਠ ਕਰਕੇ
ਦੇਹਧਾਰੀ ਦੁਕਾਨਾਂ ਜੋ ਖੋਲਦਾ ਹੈ।

ਬਾਬੇ ਨਾਨਕ ਨੇ ਬਾਬਰ ਨੂੰ ਕਹਿ ਜਾਬਰ
ਜ਼ੁਲਮ ਖਿਲਾਫ ਸੀ ਲੜਨਾ ਸਿਖਾਇਆ ਏਥੇ।
ਪਿੱਠ ਕਰਕੇ ਨਿਤਾਣਿਆਂ ਵਲ ਸੰਤਾਂ
ਯਰਾਨਾ ਬਾਬਰ ਦੇ ਨਾਲ ਲਗਾਇਆ ਏਥੇ।

ਸੱਚ ਝੂਠ ਤੇ ਜ਼ਿੰਦਗੀ ਮੌਤ ਰਲ ਕੇ
ਜਿਵੇਂ ਇਕ ਥਾਂ ਕਦੇ ਨਹੀਂ ਬਹਿ ਸਕਦੇ।
'ਬਾਬੇ ਕੇ' ਤੇ 'ਬਾਬਰ ਕੇ' ਦੋਹਵੇਂ
ਇਵੇਂ ਮਿਲ ਕੇ ਕਦੇ ਨਹੀਂ ਰਹਿ ਸਕਦੇ।

ਇਕੱਠੇ ਹੋ ਸਰਕਾਰੀ ਮੁਲਾਜ਼ਮ ਜਿੱਦਾਂ
ਪਾਪੜ ਵੇਲਦੇ ਮੰਗਾਂ ਮਨਾਉਣ ਖਾਤਿਰ।
ਤਿਵੇਂ ਯੂਨੀਅਨਾਂ ਸੰਤਾਂ ਬਣਾ ਲਈਆਂ
ਭੋਲੇ ਲੋਕਾਂ ਨੂੰ ਬੁੱਧੂ ਬਣਾਉਣ ਖਾਤਿਰ।

ਸਿੱਖ ਸਾਧ ਜੋ ਪਰਬਤ ਸੁਮੇਰ ਬੈਠੇ
ਬਾਬੇ ਨਾਨਕ ਪ੍ਰਚਾਰ ਕੇ ਘਰੀਂ ਮੋੜੇ।
ਆਪ ਜਪੇ ਤੇ ਨਾਲੇ ਜਪਾਓ ਅੱਗੇ
ਵੰਡ ਛਕਣ ਤੇ ਕਿਰਤ ਦੇ ਰਾਹ ਤੋਰੇ।

ਕਰਮ-ਕਾਂਡ ਤੇ ਅੰਧ ਵਿਸ਼ਵਾਸ ਕੱਢ ਕੇ
ਨਾਨਕ ਕੀਤੀ ਸੀ ਜੋ ਇਨਕਲਾਬ ਦੀ ਗੱਲ।
ਗੁਰਮਤਿ ਤੇ ਮਨਮਤਿ ਵਿਚ ਫ਼ਰਕ ਕੀ ਏ
ਨਾ ਇਹ ਇਹਨਾਂ ਦੇ ਕਿਸੇ ਹਿਸਾਬ ਦੀ ਗੱਲ।

ਸਿੱਖੀ ਵਿਚ ਤਾਂ ਏਦਾਂ ਦੀ ਜਗ੍ਹਾ ਕੋਈ ਨਾ
ਸੰਤਗਿਰੀ ਲਈ ਜਿਹੜੀ ਸਥਾਈ ਹੋਵੇ।
ਦਸਵੇਂ ਨਾਨਕ ਨੇ ਤਾਹੀਂ ਇਹ ਆਖਿਆ ਸੀ
ਮੇਰੀ ਕੌਮ ਹੀ ਸੰਤ ਸਿਪਾਹੀ ਹੋਵੇ।

ਕੌਮ ਧਰਮ ਦੀ ਸੇਵਾ ਨਾ ਜੋ ਕਰਦੇ
ਕਦੇ ਜਸ ਤੇ ਮਾਣ ਅਪਣਾਂਵਦੇ ਨਹੀਂ।
ਸੇਵਾ ਵਿਚ ਹੀ ਆਪਾ ਗਵਾ ਲੈਂਦੇ
ਆਪਣੇ ਆਪ ਨੂੰ ਕਦੇ ਗਣਾਂਵਦੇ ਨਹੀਂ।

ਸੰਗਤ ਨਾਲੋਂ ਨਿਖੇੜ ਦਿਖਾਏ ਵੱਡਾ
ਸ਼ਰਧਾਵਾਨ ਜੇਕਰ ਐਸਾ ਨਾਮ ਰੱਖਦਾ।
ਸਿੱਖ ਗੁਰੂ ਦਾ ਇੱਜ਼ਤ ਤੇ ਮਾਣ ਛੱਡ ਕੇ
ਦੂਰ ਸੇਵਾ ਵਿਚ ਜਾ ਸੇਵਾਦਾਰ ਲੱਗਦਾ।

ਗੋਲ ਪੱਗ ਨਾਲ ਕਦੇ ਨਾ ਸੰਤ ਬਣਦੇ
ਚੋਲਾ ਮਾਲਾ ਤੇ ਭਾਵੇਂ ਖੜਾਮ ਹੋਵੇ।
ਉਸ ਅਵਸਥਾ 'ਚ ਵਿਰਲੇ ਹੀ ਪੁਜਦੇ ਨੇ
ਸੰਤ ਜਿਹੜੀ ਅਵਸਥਾ ਦਾ ਨਾਮ ਹੋਵੇ।

ਇਕੱਲਾ ਸੰਤ ਤਾਂ ਸਿੱਖੀ ਅਨੁਕੂਲ ਨਾਹੀਂ
ਇਹ ਗੱਲ ਤਾਂ ਬੜੀ ਹੀ ਰਮਜ਼ ਦੀ ਹੈ।
ਅਵਸਥਾ ਜ਼ਰੂਰ ਸੰਤਮਈ ਹੋ ਸਕਦੀ
ਗੱਲ ਕੇਵਲ ਅਵਸਥਾ ਤੇ ਸਮਝ ਦੀ ਹੈ।

ਸਵਾਸ ਸਵਾਸ ਜੋ ਸਿਮਰਦਾ ਵਾਹਿਗੁਰੂ ਨੂੰ
ਕੇਵਲ ਉਹੀ ਸੰਤ ਅਖਵਾ ਸਕਦਾ।
ਨਾਮ ਜਪਣ ਤੇ ਵੰਡ ਕੇ ਛਕਣ ਵਾਲਾ
ਕਿਰਤੀ ਏਸ ਅਵਸਥਾ ਵਿਚ ਆ ਸਕਦਾ।

ਕਹਿ ਕਹਾਵੇ ਜਾਂ ਫਿਰ ਸਹੇ ਉਪਮਾ
ਉਹ ਤਾਂ ਸੰਤ ਦੇ ਨਾਮ ਤੇ ਦਾਗ਼ ਹੁੰਦਾ।
ਵਿਸ਼ੇ ਵਿਕਾਰਾਂ ਤੋਂ ਮਨ ਨੂੰ ਸਾਧਿਆ ਜਿਸ
ਉਹੀ ਸੰਤ ਤੇ ਉਹੀ ਹੀ ਸਾਧ ਹੁੰਦਾ।

ਕਈ ਧਰਮਾਂ 'ਚ ਉਸਤਾਦ ਨੂੰ ਗੁਰੂ ਕਹਿੰਦੇ
ਲੇਕਿਨ ਸਿੱਖ ਦਾ ਵੱਖ ਵਿਹਾਰ ਹੋਇਆ।
ਅਧਿਆਤਮਕ ਪੱਖ ਤੋਂ ਦਵੇ ਗਿਆਨ ਜਿਹੜਾ
ਕੇਵਲ ਉਹੋ ਹੀ ਗੁਰੂ ਸਵੀਕਾਰ ਹੋਇਆ।

ਦੂਜੇ ਧਰਮਾਂ ਦੇ ਪਏ ਪ੍ਰਭਾਵ ਕਾਰਣ
ਰਲਗਡ 'ਚੋਂ ਕਰ ਵਿਚਾਰਦੇ ਨੇ।
ਸਿੱਖ ਧਰਮ ਜਿਹਨਾਂ ਨੂੰ ਭਗਤ ਆਖੇ
ਗੁਰੂ ਆਖ ਉਹ ਲੋਗ ਪ੍ਰਚਾਰਦੇ ਨੇ।

ਦੂਜੇ ਧਰਮਾਂ ਦੇ ਲੋਗ ਤਾਂ ਉਸੇ ਕਾਰਣ
ਰੱਬ ਦੇ ਭਗਤਾਂ ਨੂੰ ਸੰਤ ਬਣਾਈ ਜਾਂਦੇ।
ਉਸੇ ਪ੍ਰਭਾਵ ਥੱਲੇ ਭੋਲੇ ਸਿੱਖ ਜਿਹੜੇ
ਸੁਤੇ ਸਿਧ ਹੀ ਗੱਲਾਂ ਅਪਣਾਈ ਜਾਂਦੇ।

ਸਿੱਖ ਸ਼ਬਦ ਹੈ ਆਪ ਵਿਚ ਬਹੁਤ ਵੱਡਾ
ਕਹਿਣੀ ਕਰਨੀ ਦਾ ਪੂਰਾ ਜੋ ਸਿੱਖ ਹੋਵੇ।
ਦੁਨਿਆਵੀ ਮਾਣ ਤੋਂ ਸਦਾ ਹੀ ਦੂਰ ਰਹਿੰਦਾ
ਇਹ ਨਹੀਂ ਚਾਹੁੰਦਾ ਕਿ ਵਖਰੀ ਦਿੱਖ ਹੋਵੇ।

ਘਰ ਛੱਡ ਕੇ ਭਜਣ ਦੀ ਲੋੜ ਨਾਹੀਂ
ਸਿੱਖ ਸਦਾ ਸੰਸਾਰ ਦੇ ਨਾਲ ਵਿਚਰੇ।
ਅੰਜਨ ਵਿਚ ਨਿਰੰਜਨ ਦੇ ਵਾਂਗ ਰਹਿ ਕੇ
ਰਾਜ ਯੋਗੀ ਵਾਂਗ ਕਰ ਵਿਹਾਰ ਵਿਚਰੇ।

'ਭਾਗ ਹੋਆ ਗੁਰ ਸੰਤ ਮਲਾਇਆ' ਵਾਲੀ
ਸ਼ਬਦ ਹਜਾਰਿਆਂ ਵਿਚ ਗੱਲ ਆਂਵਦੀ ਹੈ।
ਸਿੱਖਾਂ ਵਾਸਤੇ ਗੁਰੂ ਹੀ ਸੰਤ ਹੁੰਦਾ
ਗੱਲ ਇਹੋ ਹੀ ਮਨਾਂ ਨੂੰ ਭਾਂਵਦੀ ਹੈ।

ਸਾਧ, ਸੰਤ, ਗੁਰਮੁਖ, ਗੁਰੂ, ਬ੍ਰਹਮ ਗਿਆਨੀ
ਸੁਖਮਨੀ ਸਾਹਿਬ ਵਿਚ ਜਦੋਂ ਵਿਚਾਰਦੇ ਹਾਂ।
ਇਹਨਾਂ ਵਿਚ ਤੇ ਰੱਬ ਵਿਚ ਭੇਦ ਕੋਈ ਨਾ
ਦੁਬਿਧਾ ਕਾਸਤੋਂ ਫੇਰ ਚਿਤਾਰਦੇ ਹਾਂ।

ਸਿੱਖ ਧਰਮ ਵਿਚ ਸੰਤ ਨੇ ਦਸ ਹੋਏ
ਅੱਜ ਕੱਲ੍ਹ ਹੈ ਗੁਰੂ ਗਰੰਥ ਸਾਡਾ।
ਉਹਨਾਂ ਸੰਤਾਂ ਦੀ ਆਤਮਿਕ ਜੋਤਿ ਵਾਲਾ
ਇਹੋ ਸਾਧ ਤੇ ਇਹੋ ਹੀ ਸੰਤ ਸਾਡਾ।

# ਹਮਲਾ ਜਾਰੀ ਹੈ

ਅਕਾਲ ਤਖ਼ਤ ਦਾ ਜਦੋਂ ਵੀ ਨਾਮ ਸੁਣੀਏ
ਸੀਸ ਸ਼ਰਧਾ ਦੇ ਨਾਲ ਹੈ ਝੁਕ ਜਾਂਦਾ।
ਏਸ ਤਖਤ ਦੇ ਬੁਲੰਦ ਸੰਵਿਧਾਨ ਪਿੱਛੇ
ਇਤਿਹਾਸ ਜਗਤ ਦੇ ਤਖਤਾਂ ਦਾ ਲੁਕ ਜਾਂਦਾ।
ਨੀਤੀ ਏਸ ਦੀ ਭਲਾ ਸਰਬੱਤ ਦਾ ਹੀ
ਸੁਣ ਕੇ ਸਾਹ ਹੀ ਦੁਸ਼ਮਣ ਦਾ ਸੁਕ ਜਾਂਦਾ।
ਜਦੋਂ ਜਦੋਂ ਵੀ ਇਹਦੇ ਤੇ ਹੋਇਆ ਹਮਲਾ
ਮਕਸਦ ਕੇਵਲ ਇਮਾਰਤ ਤੇ ਰੁਕ ਜਾਂਦਾ।

ਖੁਰਾ-ਖੋਜ ਮਿਟਾਵਣਾ ਸਿੰਘਾਂ ਵਾਲਾ
ਡੀਂਗਾਂ ਮਾਰ ਕੇ ਦੁਸ਼ਮਣ ਜਦ ਅਕਿਆ ਸੀ।
ਐਪਰ ਸਿੰਘਾਂ ਦਾ ਰਾਖਾ ਨਿਰੰਕਾਰ ਹੀ ਸੀ
ਉਹ ਤਾਂ ਮੁੱਲ ਪਾ ਸਿਰਾਂ ਦੇ ਥਕਿਆ ਸੀ।
ਸਾਰੇ ਹੀਲੇ ਵਸੀਲੇ ਉਹ ਵਰਤ ਕੇ ਤੇ
ਕਾਰਣ ਸਿਦਕ ਦਾ ਭਾਲ ਨਾ ਸਕਿਆ ਸੀ।
ਹਾਰ ਹੰਭ ਕੇ ਸ਼ਾਸਕਾਂ ਧਾੜਵੀਆਂ ਨੇ
ਸਿਆਣੇ ਲੋਕਾਂ ਦਾ ਆਸਰਾ ਤੱਕਿਆ ਸੀ।

ਬੁੱਧੀਮਾਨਾਂ ਨੇ ਕਿਹਾ ਵਿਚਾਰ ਕਰਕੇ
ਦਰਖਤ ਜਦੋਂ ਵੀ ਕੋਈ ਸੁਕਾਈਦਾ ਹੈ।
ਪੱਤੇ ਟਹਿਣੀਆਂ ਦਾ ਖਹਿੜਾ ਛੱਡ ਕੇ ਤੇ
ਪੁੱਟ ਉਸ ਨੂੰ ਜੜ੍ਹੋਂ ਮੁਕਾਈਦਾ ਹੈ।
ਜੜ੍ਹ ਸਿੱਖੀ ਦੀ ਜਾਪੇ ਹਰਿਮੰਦਰ ਸਾਹਿਬ
ਅੰਮ੍ਰਿਤ-ਸ਼ਕਤੀ ਦਾ ਘਰ ਸਦਾਈਦਾ ਹੈ।
ਰੇਤੇ ਨਾਲ ਸਰੋਵਰ ਵੀ ਪੂਰ ਦੇਈਏ
ਪਾਣੀ ਜੜ੍ਹਾਂ 'ਚੋਂ ਖੜਨੋਂ ਹਟਾਈਦਾ ਹੈ।

ਏਸੇ ਵਿਉਂਤ ਨੂੰ ਅਮਲ ਦੇ ਵਿਚ ਲਿਆਂਦਾ
ਮੱਸੇ ਰੰਘੜ ਅਬਦਾਲੀ ਤੇ ਹੋਰ ਕਈਆਂ।
ਢਾਹ ਹਰਿਮੰਦਰ ਸਰੋਵਰ ਵੀ ਪੂਰ ਦਿੱਤਾ
ਲਾ ਕੇ ਇੰਝ ਵੀ ਦੇਖਿਆ ਜ਼ੋਰ ਕਈਆਂ।
"ਸਿੰਘ ਮੁਕਗੇ ਸਾਰੇ ਸੰਸਾਰ ਵਿਚੋਂ"
ਕਦੇ ਇੰਝ ਵੀ ਪਾਇਆ ਸੀ ਸ਼ੋਰ ਕਈਆਂ।
ਸਦਾ ਗੁਰੂ ਸੀ ਸਿੰਘਾਂ ਦਾ ਰਿਹਾ ਰਾਖਾ
ਕੀਤੇ ਜ਼ੁਲਮ ਸੀ ਸਿੰਘਾਂ ਤੇ ਘੋਰ ਕਈਆਂ।

ਨਜ਼ਰ ਪਿਆ ਨਹੀਂ ਕਿਸੇ ਵੀ ਧਾੜਵੀ ਦੇ
ਸੋਮਾ ਜੋ ਏ ਸਿੱਖ-ਸਰਦਾਰੀ ਵਾਲਾ।
ਆਖਿਰ ਸਿੰਘਾਂ ਨੇ ਦੁਸ਼ਟ ਝਟਕਾ ਦਿੱਤੇ
ਕੰਮ ਕੀਤਾ ਸੀ ਜਿਹਨਾਂ ਮਕਾਰੀ ਵਾਲਾ।
ਸਦਾ ਸਿੰਘਾਂ ਨੇ ਇੱਕੀ ਦੀ ਪਾਈ ਕੱਤੀ
ਨਿਉਂਦਾ ਪਾਇਆ ਜਿਨ੍ਹਾਂ ਭਾਜੀ ਭਾਰੀ ਵਾਲਾ।
ਦਿਨ ਤਰਵੰਜਵਾਂ ਕਦੇ ਨਾ ਚੜ੍ਹਨ ਦਿੱਤਾ
ਇਤਿਹਾਸ ਦੇਖ ਲਉ ਸਿੱਖੀ ਨਿਆਰੀ ਵਾਲਾ।

ਸਮਾਂ ਬੀਤਿਆਂ ਸ਼ਾਸਕ ਕਈ ਨਵੇਂ ਆਏ
ਸਿੱਖਾਂ ਪ੍ਰਤੀ ਨਾ ਨੀਤੀ ਵਿਚ ਫਰਕ ਆਇਆ।
ਨੀਤੀਵਾਨਾਂ ਨੂੰ ਜਾਪਿਆ ਰੋੜਾ ਉਹ ਤਾਂ
ਏਥੇ ਭਲਾ ਸਰਬਤ ਦਾ ਜਿਸ ਚਾਹਿਆ।
ਛੇਵੇਂ ਨਾਨਕ ਦੀ ਮੀਰੀ ਤੇ ਪੀਰੀ ਵਾਲੀ
ਰਮਜ਼ ਵਾਲਾ ਨਾ ਕਿਸੇ ਨੇ ਭੇਤ ਪਾਇਆ।
ਨੀਤੀ ਸਦਾ ਹੀ ਧਰਮ ਦੇ ਹੇਠ ਹੋਵੇ
ਅਧਰਮੀ ਲੋਕਾਂ ਨੂੰ ਕਦੇ ਨਾ ਇਹ ਭਾਇਆ।

ਏਸੇ ਕਾਰਣ ਅਕਾਲ ਦਾ ਤਖ਼ਤ ਜਿਹੜਾ
ਭਗਤੀ ਸ਼ਕਤੀ ਇਕੱਠਿਆਂ ਕਰਨ ਵਾਲਾ।
ਸੋਮਾ ਜਾਪਿਆ ਸਿੱਖੀ ਦਾ ਸ਼ਾਸਕਾਂ ਨੂੰ
ਲਾੜੀ ਮੌਤ ਨਾਲ ਸਿੱਖਾਂ ਨੂੰ ਵਰਨ ਵਾਲਾ।
ਕਈ ਸਾਲਾਂ ਦੀ ਯੋਜਨਾ ਕਰ ਪੱਕੀ
ਮਹੌਲ ਸਿਰਜਿਆ ਫ਼ੌਜ ਲੈ ਚੜ੍ਹਨ ਵਾਲਾ।
ਕਾਮਯਾਬ ਹੋ ਗਏ ਆਖਿਰ ਢਾਹੁਣ ਦੇ ਵਿਚ
ਦੇ ਕੇ ਸਦਮਾ, ਨਾ ਕਦੇ ਵੀ ਜਰਨ ਵਾਲਾ।

ਮੱਤ ਦਿੱਤੀ ਜਿਨ੍ਹਾਂ ਰਾਜਨੀਤਕਾਂ ਨੂੰ
ਸਿੱਖ ਫਿਲਾਸਫੀ ਤੋਂ ਅਨਜਾਣ ਇਹ ਤਾਂ
ਅਕਾਲ ਤਖ਼ਤ ਤਾਂ ਨਾਂ ਮਰਿਆਦਾ ਦਾ ਹੈ
ਉਹਨਾਂ ਸਮਝਿਆ ਕੇਵਲ ਮਕਾਨ ਇਹ ਤਾਂ।
ਸਿੱਖ ਜਗਤ ਤਾਂ ਬੱਝਾ ਮਰਿਆਦਾ ਅੰਦਰ
ਸੱਚੇ ਸਿੱਖਾਂ ਦੀ ਜਿੰਦ ਤੇ ਜਾਨ ਇਹ ਤਾਂ।
ਇੱਟਾਂ, ਸੀਮਿੰਟ ਤੇ ਸੋਨਾ ਤਾਂ ਤਖ਼ਤ ਨਾਹੀਂ
ਵਿਚਾਰਧਾਰਾ ਸਿਧਾਂਤਾਂ ਦਾ ਨਾਮ ਇਹ ਤਾਂ।

ਭੇਤ ਸਿੱਖੀ ਦੇ ਦੁਸ਼ਮਣਾਂ ਸਮਝ ਕੇ ਤੇ
ਹਮਲੇ ਤੇਜ਼ ਮਰਿਆਦਾ ਨੂੰ ਠਾਣ ਕੀਤੇ।
ਜਿਹੜੇ ਪਹਿਲੋਂ ਹੀ ਸ਼ੁਰੂ ਸੀ ਹੋ ਚੁੱਕੇ
ਭੇਸ ਬਦਲ, ਆ ਵਿਚ, ਲਾ ਤਾਣ ਕੀਤੇ।
ਸ਼ਬਦ ਗੁਰੂ ਮੁਕਾਬਲੇ ਦੇਹਧਾਰੀ
ਸਾਰੇ ਕਰ ਉਤਸ਼ਾਹਿਤ ਫਿਰ ਆਣ ਕੀਤੇ।
ਇੰਝ ਸਿੱਖੀ ਦੇ ਟੁਕੜੇ ਵਧਾਉਣ ਖਾਤਿਰ
ਡੇਰੇਦਾਰਾਂ ਦੇ ਬੜੇ ਸਨਮਾਨ ਕੀਤੇ।

ਟੁਕੜੇ ਛੋਟੇ ਕਈ ਸਿੱਖੀ ਦੇ ਹੋਣ ਤੇ ਵੀ
ਨੀਤੀਵਾਨਾਂ ਦੀ ਰਾਜ਼ੀ ਨਾ ਨੀਤ ਹੋਈ।
ਡੇਰੇਦਾਰਾਂ ਨੂੰ ਜਦੋਂ ਉਤਸ਼ਾਹ ਦਿੱਤੇ
ਨਵੀਆਂ ਗੱਦੀਆਂ ਦੀ ਨਵੀਂ ਰੀਤ ਹੋਈ।
ਸੰਪਰਦਾਵਾਂ ਵੀ ਇਸ ਤਰ੍ਹਾਂ ਜੋ ਵਧੀਆਂ
ਕਦੇ ਪੰਥ ਦੀ ਕੋਈ ਨਾ ਮੀਤ ਹੋਈ।
ਟੋਟੇ ਸਿੱਖੀ ਦੇ ਇੰਝ ਬੇਅੰਤ ਕਰਕੇ
ਫਿਰ ਵੀ ਅੱਗ ਨਾ ਜਿਗਰ ਦੀ ਸੀਤ ਹੋਈ।

ਬਚੇ ਸਿੱਖ ਜੋ ਇੰਨਾ ਕੁਝ ਹੋਣ ਤੇ ਵੀ
ਚੋਲੇ ਵਾਲਿਆਂ ਪਿਛੇ ਸੀ ਲਾ ਦਿੱਤੇ।
ਸਾਧ-ਸੰਤ ਜੋ ਵਖਰੇ ਮਤ ਦੇ ਨੇ
ਬਚੇ ਸਿੱਖਾਂ ਦੇ ਆਗੂ ਬਣਾ ਦਿੱਤੇ।
ਹਜ਼ਾਰਾਂ ਸੰਤਾਂ ਨੇ ਸੰਗਤਾਂ ਵੰਡ ਕੇ ਤੇ
ਵਖੋ ਵੱਖ ਮਰਿਆਦਾ ਦੇ ਰਾਹ ਦਿੱਤੇ।
ਬੰਦ ਬੰਦ ਇੰਝ ਪੰਥ ਦੇ ਕਟਣੇ ਲਈ
ਵਖੋ ਵਖਰੀ ਲੀਹੇ ਸਭ ਪਾ ਦਿੱਤੇ।

ਸਾਧ ਜਿੰਨੇ ਵੀ ਸਿੱਖੀ 'ਚ ਵਾੜੇ ਉਹਨਾਂ
ਟੁਕੜੇ ਓਨੇ ਹੀ ਸਿੱਖੀ ਦੇ ਜਾਪਦੇ ਨੇ।
ਰਲ ਕੇ ਪੰਥ ਮਰਿਆਦਾ ਬਣਾਈ ਸੀ ਜੋ
ਕਿਉਂਕਿ ਉਸੇ ਵਿਰੁੱਧ ਅਲ਼ਾਪਦੇ ਨੇ।
ਕਰਮਕਾਂਡਾਂ ਦਾ ਚਾਹੁਣ ਪਸਾਰਾ ਕਰਨਾ
ਨਾਲ ਮਨਮੱਤ ਦੇ ਗੁਰਮਤਿ ਨੂੰ ਨਾਪਦੇ ਨੇ।
ਸਦਾ ਵਾਸਤੇ ਪੰਥਕ ਦੁਫੇੜ ਦੇ ਲਈ
ਵਾਰਿਸ ਗੱਦੀ ਦਾ ਅਗੋਂ ਇਹ ਥਾਪਦੇ ਨੇ।

ਇੰਝ ਪੰਥ ਦੇ ਟੁਕੜੇ ਅਨੇਕ ਕਰਕੇ
ਉਹਦੀ ਤਾਕਤ ਘਟਾਉਣੀ ਚਾਹੁਣ ਇਹ ਤਾਂ।
ਆਪਣੀ ਮਰਿਆਦਾ ਤੇ ਸੰਪਰਦਾ ਦਸ ਉੱਚੀ
ਹਾਵੀ ਪੰਥ ਤੇ ਕਰਾਉਣੀ ਚਾਹੁਣ ਇਹ ਤਾਂ।
ਮਰਿਆਦਾ ਨਿੱਜੀ ਜੋ ਸਾਧ ਜਾਂ ਸੰਪਰਦਾ ਦੀ
ਸਮੁੱਚੇ ਪੰਥ ਗੱਲ ਪਾਉਣੀ ਚਾਹੁਣ ਇਹ ਤਾਂ
ਨਿਆਰਾਪਣ ਭੁਲਾ ਕੇ ਖਾਲਸੇ ਦਾ
ਰੀਤ ਬਿਪਰਨ ਦੀ ਚਲਾਉਣੀ ਚਾਹੁਣ ਇਹ ਤਾਂ।

ਇਕੱਠਾ ਹੋ ਜੇ ਖਾਲਸਾ ਪੰਥ ਫਿਰ ਤੋਂ
ਨੀਤੀ ਬੈਠ ਵਿਚਾਰਨੀ ਜੇ ਚਾਹੇ।
ਰਹਿਤ ਸਾਰਿਆਂ ਲਈ ਇਕ ਕਰਨ ਦੇ ਲਈ
ਮਰਿਆਦਾ ਇਕ ਪਰਚਾਰਨੀ ਜੇ ਚਾਹੇ।
ਖਿੰਡੇ ਟੁਕੜਿਆਂ ਨੂੰ ਕਰਕੇ ਫੇਰ 'ਕੱਠੇ
ਇਮਾਰਤ ਸਾਂਝੀ ਉਸਾਰਨੀ ਜੇ ਚਾਹੇ।
ਪਹਿਲਾਂ ਵਾਂਗੂ ਹੀ ਲੋਕ ਕਈ ਬਾਹਰ ਰਹਿਣੇ
ਬੇਸ਼ਕ ਸਿੱਖੀ ਸਤਿਕਾਰਨੀ ਜੇ ਚਾਹੇ।

ਵਿਚਾਰ ਗੁਰਮਤਿ ਦੀ ਜਿਨ੍ਹਾਂ ਲਈ ਕੰਮ ਔਖਾ
ਰਹਿਣੇ ਦੂਰ ਉਹ ਢੁੱਚਰਾਂ ਘੜਨ ਦੇ ਲਈ।
ਕੱਚੀ ਬਾਣੀ ਤੇ ਧਾਰਨਾ ਜਪਣ ਵਾਲੇ
ਕਿੱਦਾਂ ਆਉਣੇ ਵਿਚਾਰ ਤੇ ਖੜਨ ਦੇ ਲਈ।
ਸਰਬ-ਉੱਚ ਸ਼੍ਰੋਮਣੀ ਸਾਧ ਜਿਹੜੇ
ਦੂਰ ਰਹਿਣੇ ਉਹ ਹਉਮੈ ਵਿਚ ਸੜਨ ਦੇ ਲਈ।
ਆਪਣੀ ਨਿੱਜੀ ਮਰਿਆਦਾ ਨੂੰ ਵਾਂਗ ਪਹਿਲਾਂ
ਭਾਉਂਦੇ ਫਿਰਨੇ ਫਿਰ ਪੰਥ ਸਿਰ ਮੜ੍ਹਨ ਦੇ ਲਈ।

ਇਹ ਗੱਲ ਤਾਂ ਸਾਰਾ ਸੰਸਾਰ ਜਾਣੇ
ਸਦਾ ਅਨੁਸ਼ਾਸਨ ਹੀ ਹਰ ਥਾਂ ਸੋਂਹਵਦਾ ਹੈ।
ਕਾਨੂੰਨ ਵਿਚ ਤਰਮੀਮ ਨਾ ਹੋਵੇ ਜਦ ਤੱਕ
ਲਾਗੂ ਪਿਛਲਾ ਕਾਨੂੰਨ ਹੀ ਹੋਂਵਦਾ ਹੈ।
ਅਕਾਲ ਤਖ਼ਤ ਦਾ ਜੋ ਵੀ ਸਤਿਕਾਰ ਕਰਦਾ
ਮਰਿਆਦਾ ਮੰਨਦਾ ਉਸਦੀ ਨਾ ਰੋਂਵਦਾ ਹੈ।
ਹੁਕਮਨਾਮਾ ਸਰਬੋਤਮ ਹੈ ਇਹ ਸਾਡਾ
ਪੰਦਰਾਂ ਸਾਲਾਂ ਦੀ ਮਿਹਨਤ ਪਰੋਂਵਦਾ ਹੈ।

ਲਗਾਤਾਰ ਜੋ ਹਮਲਾ ਇਹ ਹੋ ਰਿਹਾ ਏ
ਨੀਤੀ ਖਾਲਸਾ ਜੀ ਹੁਣ ਤਾਂ ਠਾਣ ਲਈਏ।
ਦੁਸ਼ਮਣ ਪਿਆ ਮਰਿਆਦਾ ਦੇ ਜੋ ਪਿਛੇ
ਚਾਲ ਉਸਦੀ ਅੱਜ ਪਹਿਚਾਣ ਲਈਏ।
ਸਰਬ ਉੱਚ ਹੈ ਪੰਥਕ ਮਰਿਆਦਾ ਸਾਡੀ
ਮਹਾਨ ਪੰਥ ਦਾ ਫੈਸਲਾ ਜਾਣ ਲਈਏ।
ਸਮੁੱਚੇ ਸਿੱਖ ਭਾਈਚਾਰੇ ਨੂੰ ਵੰਡਣ ਦੀ ਥਾਂ
ਅਕਾਲ ਤਖ਼ਤ ਦੇ ਛੱਤਰ ਨੂੰ ਤਾਣ ਲਈਏ।

◆◆◆◆◆

# ਅਕਲੀ ਸਾਹਿਬੁ ਸੇਵੀਐ

ਪਹਿਲੇ ਨਾਨਕ ਨੇ ਚਿੱਤਰ ਜੋ ਸ਼ੁਰੂ ਕੀਤਾ
ਦਸਵੇਂ ਨਾਨਕ ਸੰਪੂਰਨ ਸੀ ਕਰ ਦਿੱਤਾ।
ਚਿੱਤਰ ਵਿਚ ਜੋ ਰੰਗ ਦੀ ਕਮੀ ਜਾਪੀ
ਖੰਡੇ ਬਾਟੇ ਦੇ ਅੰਮ੍ਰਿਤ ਨਾਲ ਭਰ ਦਿੱਤਾ।

ਸ਼ਬਦ ਵਾਲਾ ਸੰਕਲਪ ਜਦ ਪੂਰਾ ਹੋਇਆ
ਉਦੋਂ ਦੇਹੀ ਨੂੰ ਵਿਚੋਂ ਹਟਾ ਦਿੱਤਾ।
ਸਮੁੱਚੇ ਜਗਤ ਦੇ ਸਿਰਜਕ 'ਸ਼ਬਦ' ਦੇ ਨਾਲ
ਗੁਰੂ ਚੇਲੇ ਦਾ ਰਿਸ਼ਤਾ ਬਣਾ ਦਿੱਤਾ।

ਪੜ੍ਹਨ ਵਾਲਿਆਂ ਅੱਗੇ ਸਕੂਲ ਅੰਦਰ
ਵਰਦੀ ਪੰਜ ਕਕਾਰੀ ਸੀ ਧਰ ਦਿੱਤੀ।
ਸਿੱਖੀ ਅੰਦਰ ਅਨੁਸ਼ਾਸਨ ਦੀ ਲੋੜ ਕਾਰਣ
ਲਾਗੂ ਰਹਿਤ ਮਰਿਆਦਾ ਸੀ ਕਰ ਦਿੱਤੀ।

ਭੈੜੀ ਹਉਮੈ ਤੋਂ ਸਿੱਖੀ ਦੀ ਰੱਖਿਆ ਲਈ
ਪੰਜਾਂ ਵਾਲਾ ਸੰਵਿਧਾਨ ਬਣਾ ਦਿੱਤਾ।
ਆਪ ਸਿੱਖਾਂ ਦੇ ਲਈ ਮਿਸਾਲ ਬਣ ਕੇ
ਪੰਜਾਂ ਸਾਹਵੇਂ ਸੀ ਸੀਸ ਨਿਵਾ ਦਿੱਤਾ।

ਗੁਰੂ ਗ੍ਰੰਥ ਤੇ ਪੰਥ ਦੇ ਕਰ ਸਨਮੁਖ
ਬਾਣੀ ਬਾਣੇ ਨੂੰ ਬਹੁਤ ਸਤਿਕਾਰਿਆ ਸੀ।
ਰਹਿਣੀ ਆਤਮਾ ਗੁਰੂ ਗਰੰਥ ਅੰਦਰ
ਸਰੀਰ ਪੰਥ ਦੇ ਵਿਚ ਚਿਤਾਰਿਆ ਸੀ।

ਰੂਪ ਆਪਦਾ ਬਖਸ਼ ਕੇ ਖਾਲਸੇ ਨੂੰ
ਗੁਰਾਂ ਤਨ, ਮਨ, ਧਨ ਸਭ ਵਾਰ ਦਿੱਤੇ।
ਮਹਿਲ ਸਿੱਖੀ ਦਾ ਪਕਿਆਂ ਕਰਨ ਖਾਤਿਰ
ਸੇਵਾ ਸਿਮਰਨ ਦੇ ਥੰਮ੍ਹ ਉਸਾਰ ਦਿੱਤੇ।

ਸਿੱਖੀ ਹੁੰਦੀ ਏ ਜੀਵਨ ਦੀ ਜਾਚ ਐਸੀ
ਪੜ੍ਹ ਸੁਣ ਕੇ ਬਾਣੀ ਵਿਚਾਰਦੀ ਏ।
ਕਰਮ-ਕਾਂਡ ਲਈ ਇਥੇ ਤਾਂ ਥਾਂ ਹੀ ਨਹੀਂ
ਬਾਣੀ ਅਨੁਸਾਰ ਹੀ ਜ਼ਿੰਦਗੀ ਗੁਜ਼ਾਰੀਦੀ ਏ।

ਆਪੇ ਬੀਜ ਕੇ ਤੇ ਆਪੇ ਲੋਕ ਖਾਂਦੇ
ਫਲ ਕਿਸੇ ਦਾ ਕੋਈ ਨਹੀਂ ਪਾ ਸਕਦਾ।
ਤੀਰਥ, ਤਪ, ਦਇਆ ਤੇ ਦਾਨ ਦੇ ਨਾਲ
ਕੀਤੇ ਕਰਮ ਨਾ ਕੋਈ ਬਦਲਾ ਸਕਦਾ।

ਕਹਿਣੀ ਕਰਨੀ ਇਕ ਬਣਾਉਣ ਖਾਤਿਰ
ਨਵਾਂ ਸਿਲਸਿਲਾ ਗੁਰਾਂ ਚਲਾ ਦਿੱਤਾ।
ਆਪ ਕਰਕੇ ਪਹਿਲਾਂ ਦਿਖਲਾਕੇ ਤੇ
ਪਿਛੋਂ ਕਰਨ ਲਈ ਸਭ ਨੂੰ ਫੁਰਮਾਅ ਦਿੱਤਾ।

ਅਜਿਹੀ ਕੋਈ ਵੀ ਗੱਲ ਨਹੀਂ ਜਗਤ ਅੰਦਰ
ਜਿਸ ਨੂੰ ਆਪ ਕਰ ਕੇ ਸਾਨੂੰ ਰੋਕਿਆ ਏ।
ਆਪਣੇ ਜੀਵਨ ਦੇ ਉਲਟ ਨਾ ਜਾ ਉਹਨਾਂ
ਬਚਨ ਸਿੱਖਾਂ ਤੇ ਨਵਾਂ ਨਾ ਥੋਪਿਆ ਏ।

ਪਹਿਲੇ ਨਾਨਕ ਦੇ ਰਸਮੀਂ ਰਿਵਾਜ਼ ਅੰਦਰ
ਪੰਡਿਤ ਜਦੋਂ ਜਨੇਊ ਸੀ ਪਾਣ ਲੱਗਾ।
ਜਿਹਨੂੰ ਮੈਲ ਨਾ ਲਗੇ ਨਾ ਟੁੱਟ ਸਕਦਾ
ਬਾਬਾ ਅਜਿਹਾ ਜਨੇਊ ਮੰਗਵਾਣ ਲੱਗਾ।

ਜਤ, ਸਤ, ਦਿਆ, ਸੰਤੋਖ ਵਾਲਾ
ਨਾ ਜਲੇ ਜਨੇਊ ਨਾ ਜਾਂਵਦਾ ਏ।
ਗਲੇ ਏਸਨੂੰ ਜਿਸ ਵੀ ਕਿਸੇ ਪਾਇਆ
ਉਹ ਮਨੁੱਖ ਤਾਂ ਧੰਨ ਕਹਾਂਵਦਾ ਏ।

ਕਰਮ-ਕਾਂਡੀ ਜਨੇਊ ਦਾ ਕਰ ਖੰਡਨ
ਗੁਰਾਂ ਸਤ ਨਾਲ ਲੋਕਾਂ ਨੂੰ ਜੋੜ ਦਿੱਤਾ।
ਬਿਨਾਂ ਕਰਮ ਤੋਂ ਧਰਮੀ ਅਖਵਾਉਣ ਵਾਲਾ।
ਭਰਮਗੜ ਇੰਝ ਲੋਕਾਂ ਦਾ ਤੋੜ ਦਿੱਤਾ।

ਹਰਦੁਆਰ ਦੇ ਵਿਚ ਜਦ ਪੰਡਤਾਂ ਨੇ
ਪਿਆਸੇ ਪਿਤਰ ਮਨਾਉਣ ਦੀ ਗੱਲ ਕੀਤੀ।
ਮੂੰਹ ਸੂਰਜ ਦੇ ਵਲ ਨੂੰ ਕਰ ਕੇ ਤੇ
ਪਾਣੀ ਉਪਰ ਚੜ੍ਹਾਉਣ ਦੀ ਗੱਲ ਕੀਤੀ।

ਬਾਬੇ ਆਖਿਆ ਪੱਛੋਂ ਵਲ ਸੁਟ ਪਾਣੀ
ਤੁਹਾਡੇ ਇੰਝ ਹੀ ਸਮਝ ਵਿਚ ਆ ਸਕਦਾ।
ਨੇੜੇ ਖੇਤਾਂ ਨੂੰ ਜੇਕਰ ਇਹ ਜਾਂਵਦਾ ਨਹੀਂ
ਕਰੋੜਾਂ ਮੀਲਾਂ ਤੇ ਕਿਸ ਤਰ੍ਹਾਂ ਜਾ ਸਕਦਾ।

ਜਗਨਨਾਥ ਪੁਰੀ ਦੇ ਵਿਚ ਪਾਂਡੇ
ਇਕੱਠੇ ਹੋ ਜਦ ਆਰਤੀ ਕਰਨ ਲੱਗੇ।
ਧੂਫਾਂ, ਬੱਤੀਆਂ, ਫੁੱਲਾਂ, ਸੁਗੰਧੀਆਂ ਤੇ
ਦੀਵੇ ਮੋਤੀਆਂ ਨਾਲ ਥਾਲ ਭਰਨ ਲੱਗੇ।

ਮਾਰ ਟੱਲੀਆਂ, ਥਾਲ ਘੁਮਾਅ ਕੇ ਤੇ
ਚੜ੍ਹੀ ਆਰਤੀ ਹੇਠਾਂ ਲਿਆਉਣ ਲੱਗੇ।
ਪਖੰਡ ਦੇਖ ਕੇ ਰੱਬ ਦੇ ਨਾਲ ਹੁੰਦਾ
ਗੁਰੂ ਨਾਨਕ ਫਿਰ ਬਾਣੀ ਫੁਰਮਾਉਣ ਲੱਗੇ।

ਕਰਮਕਾਂਡ ਜੇਹੀ ਛੱਡ ਆਰਤੀ ਨੂੰ
ਗੁਰਾਂ ਸਹਿਜ ਨਾਲ ਕੀਰਤ ਦੀ ਗੱਲ ਕੀਤੀ।
ਕਿੱਦਾਂ ਕਰੇ ਮਨੁੱਖ ਉਹ ਗੱਲ ਜਿਹੜੀ
ਕੁਦਰਤ ਸਾਰੀ ਨੇ ਆਪੇ ਹੀ ਰਲ ਕੀਤੀ।

ਕਰਮਕਾਂਡ ਫੈਲਾਏ ਜੋ ਬ੍ਰਾਹਮਣਾਂ ਦੇ
ਮਕਸਦ ਉਸਤੋਂ ਸੀ ਛੁਟਕਾਰਾ ਪਾਉਣਾ।
ਹਰ ਬਿਪਰਨ ਦੀ ਨੀਤੀ ਤਿਆਗ ਕੇ ਤੇ
ਕੇਵਲ ਸੱਚ ਦੇ ਮਾਰਗ ਦੁਆਰਾ ਪਾਉਣਾ।

ਬ੍ਰਾਹਮਣਵਾਦ ਜੋ ਸਿੱਖਾਂ ਵਿਚ ਧੱਸ ਗਿਆ ਏ
ਮਾਰ ਟੱਲੀਆਂ ਆਰਤੀਆਂ ਕਰੀ ਜਾਂਦਾ।
ਜਿਸ ਸ਼ਬਦ ਨਾਲ ਗੁਰਾਂ ਨੇ ਖੰਡਨ ਕੀਤਾ
ਉਹੀ ਬ੍ਰਾਹਮਣੀ ਤਰਜ਼ ਤੇ ਪੜ੍ਹੀ ਜਾਂਦਾ।

ਚਾਹੁਣ ਸਿੱਖੀ ਨੂੰ ਜੋ ਰਲਗੱਡ ਕਰਨਾ
ਭੋਲੇ ਸਿੱਖਾਂ ਨੂੰ ਉਹ ਤਾਂ ਭਰਮਾਅ ਜਾਂਦੇ।
ਬਾਬੇ ਆਪੇ ਉਚਾਰੀ ਇਹ ਆਰਤੀ ਸੀ
ਏਹਨਾਂ ਆਖ ਕੇ ਖਹਿੜਾ ਛੁਡਾ ਜਾਂਦੇ।

ਜਿਸ ਸ਼ਬਦ ਵਿਚ ਖੰਡਨ ਜਨੇਊ ਵਾਲਾ
ਇਹਨਾਂ ਵਾਂਗ ਜੇ ਜਾਵੇ ਵਿਚਾਰਿਆ ਏ।
ਫਿਰ ਤਾਂ ਇਹਨਾਂ ਲੋਕਾਂ ਨੇ ਆਖਣਾ ਏ
ਗੁਰੂ ਨਾਨਕ ਜਨੇਊ ਉਚਾਰਿਆ ਏ।

ਗੱਲ ਸਿਧਾਂਤ ਦੀ ਇਹਨਾਂ ਨੇ ਜਾਨਣੀ ਨਾ
ਇਕੱਠੇ ਹੋ ਇਹ ਸ਼ਬਦ ਵੀ ਗਾਈ ਜਾਣਾ।
ਵਾਂਗ ਬ੍ਰਾਹਮਣਾਂ ਚੌਂਕੇ ਤੇ ਬੈਠ ਕੇ ਤੇ
ਨਾਲੇ ਗਲ ਵਿਚ ਜਨੇਊ ਵੀ ਪਾਈ ਜਾਣਾ।

ਖੰਡਨ-ਮੰਡਨ ਦਾ ਅਰਥ ਜੋ ਜਾਣਦੇ ਨਾ
ਕੇਵਲ ਪੜ੍ਹਨਾ ਹੀ ਧਾਰਮਿਕ ਕਰਮ ਸਮਝਣ।
ਜਿਸ ਢਾਂਚੇ ਨੂੰ ਗੁਰਾਂ ਨੇ ਰੱਦ ਕੀਤਾ।
ਉਹ ਤਾਂ ਉਹੀ ਪਰਚਾਰਨਾ ਧਰਮ ਸਮਝਣ।

ਦੋਹਾਂ ਸ਼ਬਦਾਂ ਦੇ ਵਿਚ ਤਾਂ ਖੰਡਨ ਹੀ ਏ
ਜੇਕਰ ਦੇਖਿਆ ਜਾਵੇ ਵਿਚਾਰ ਕੇ ਤੇ।
ਇਕ ਜਨੇਊ ਤੇ ਦੂਸਰਾ ਆਰਤੀ ਦਾ
ਗੱਲ ਆਂਵਦੀ ਸਾਹਵੇਂ ਨਿਹਾਰਕੇ ਤੇ।

ਰਜ਼ਾ, ਭਾਣੇ ਤੇ ਹੁਕਮ ਦੀ ਖੇਡ ਖਾਤਿਰ
ਕੇਵਲ ਸਾਨੂੰ ਨਾਗੁਰਾਂ ਪਰਚਾਰਿਆ ਸੀ।
ਪੰਜਵੇਂ ਨਾਨਕ ਨੇ ਤਵੀ ਤੇ ਬੈਠ ਪਹਿਲਾਂ
ਉਹਦੇ ਕੀਤੇ ਨੂੰ ਮਿੱਠਾ ਉਚਾਰਿਆ ਸੀ।

ਗ੍ਰਹਿਸਤ ਅੰਦਰ ਹੀ ਸਿੱਖੀ ਨਿਭਾਉਣ ਵਾਲੀ
ਪਹਿਲੇ ਨਾਨਕ ਨੇ ਰੀਤ ਚਲਾ ਦਿੱਤੀ।
ਇਕੋ ਨਾਰੀ ਨਾਲ ਜਤੀ ਮਨੁੱਖ ਹੁੰਦਾ
ਗੁਰਾਂ ਪੱਕੀ ਹੀ ਮੋਹਰ ਸੀ ਲਾ ਦਿੱਤੀ।

ਹੁਕਮ ਕੇਵਲ ਇਹ ਸਿੱਖਾਂ ਦੇ ਲਈ ਨਹੀਂ ਸੀ
ਸਗੋਂ ਗੁਰਾਂ ਵੀ ਮੰਨ ਸਤਿਕਾਰਿਆ ਸੀ।
ਇਕ ਪਤਨੀ ਬਾਝ ਬਾਕੀ ਸਾਰੀਆਂ ਨੂੰ
ਮਾਵਾਂ, ਭੈਣਾਂ ਤੇ ਧੀਆਂ ਸਵੀਕਾਰਿਆ ਸੀ।

ਹੁਕਮ ਗੁਰੂ ਤੇ ਸਿੱਖ ਨੂੰ ਵੱਖ ਨਾਹੀਂ
ਦਸਵੇਂ ਨਾਨਕ ਨੇ ਇਹ ਦਰਸਾ ਦਿੱਤਾ।
ਸਿਧਾਂਤ ਇਹੋ ਹੀ ਸਪੱਸ਼ਟ ਕਰਨ ਖਾਤਿਰ
ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ।

ਉਸ ਵੇਲੇ ਦੇ ਰਾਜੇ ਮਹਾਰਾਜਿਆਂ ਵਿਚ
ਬਹੁ ਵਿਆਹ ਨੂੰ ਸੀ ਸਲਾਹਿਆ ਜਾਂਦਾ ।
ਵਿਆਹ ਕਰਾਉਂਦਾ ਸੀ ਇਕ ਤੋਂ ਜੋ ਜ਼ਿਆਦਾ
ਸੀ ਸਮਾਜ ਦੇ ਅੰਦਰ ਵਡਿਆਇਆ ਜਾਂਦਾ।

ਸ਼ਾਨੋ-ਸ਼ੌਕਤ ਦਰਸਾਉਣ ਲਈ ਗੁਰਾਂ ਵਾਲੀ
ਅੰਨੀ ਸ਼ਰਧਾ ਵਿਚ ਕਈਆਂ ਨੇ ਫਸਾ ਕੇ ਤੇ।
ਬਹੁ ਵਿਆਹ ਹੀ ਗੁਰੂਆਂ ਦੇ ਆਖ ਦਿੱਤੇ
ਸਿੱਖ ਫਿਲਾਸਫੀ ਤੋਂ ਦੂਰ ਨਸ ਕੇ ਤੇ।

ਸੀ ਨਾਨਕ ਦਾ ਹੁਕਮ ਜੋ ਸਾਰਿਆਂ ਲਈ
ਬਾਕੀ ਨਾਨਕਾਂ ਕੀ ਠੁਕਰਾਅ ਦਿੱਤਾ ?
ਪੋਥੀ ਰੂਪ 'ਚ ਗੁਰਾਂ ਜੋ ਬਖਸ਼ਿਆ ਸੀ
ਉਸੇ ਜੋਤ ਕੀ ਅਗੋਂ ਭੁਲਾ ਦਿੱਤਾ ?

ਛੋਟੀ ਉਮਰ ਦੇ ਵਿਚ ਵਿਆਹ ਕਾਰਣ
ਕਈ ਆਖਦੇ ਅਕਸਰ ਹੋ ਜਾਂਵਦਾ ਸੀ।
ਵੱਡੇ ਆਪਦੀ ਮੱਤ ਹੀ ਵਰਤਦੇ ਸਨ
ਨਾ ਕੋਈ ਬੱਚੇ ਦੀ ਅੜੀ ਪੁਗਾਂਵਦਾ ਸੀ।

ਜਾਪਣ ਇਹ ਵਿਚਾਰ ਵੀ ਠੀਕ ਨਾਹੀਂ
ਫਰਕ ਜੋਤ ਦੀ ਉਮਰ ਜੋ ਪਾ ਦਿੱਤੇ।
ਛੋਟੀ ਉਮਰਾਂ 'ਚ ਗੁਰਾਂ ਕਰਤਵ ਕਰਕੇ
ਵੱਡੇ ਵਡਿਆਂ ਦੇ ਸਿਰ ਘੁਮਾ ਦਿੱਤੇ।

ਦਸਵੇਂ ਨਾਨਕ ਨੇ ਕਰੀ ਆਪਾਰ ਕਿਰਪਾ
ਕਕਾਰ ਦਿਖਣ ਜੋ ਤਨ ਤੇ ਪਾਏ ਅੱਜਕੱਲ੍ਹ।
ਰਮਜ਼ ਭੁਲ ਕੇ ਸਿੱਖੀ ਸਿਧਾਂਤਾਂ ਵਾਲੀ
ਰਵਾਇਤੀ ਚਿੰਨ੍ਹ ਹੀ ਲੋਕਾਂ ਬਣਾਏ ਅੱਜਕੱਲ੍ਹ।

ਜੀਵਨ ਵਿਚ ਕਕਾਰ ਨਾ ਜਿਨ੍ਹਾਂ ਧਾਰੇ
ਕੇਵਲ ਤਨ ਦੇ ਉਪਰ ਸਜਾਈ ਫਿਰਦੇ।
ਉਹ ਲੋਕੀਂ ਤਾਂ ਨਿਰੇ ਪਖੰਡੀ ਹੁੰਦੇ।
ਧਰਮੀ ਹੋਣ ਦਾ ਭੇਖ ਬਣਾਈ ਫਿਰਦੇ।

ਸਦਾ ਦੁਖੀ ਮਜ਼ਲੂਮਾਂ ਨੂੰ ਤਕ ਕੇ ਤੇ
ਪਾਸਾ ਵਟਕੇ ਜੋ ਲੰਘ ਜਾਂਵਦੇ ਨੇ।
ਲੋੜਵੰਦ ਦੀ ਮਦਦ ਜੋ ਨਹੀਂ ਕਰਦੇ
ਕਿਰਪਾਨ ਨਹੀਂ ਜਨੇਊ ਉਹ ਪਾਂਵਦੇ ਨੇ।

ਬੁਰੇ ਕੰਮਾਂ ਲਈ ਜਿਨ੍ਹਾਂ ਦਾ ਹੱਥ ਉਠੇ
ਤਨ ਮਨ ਨੂੰ ਦਰਦ ਪੁਚਾਂਵਦੇ ਨੇ।
ਕੜੀ ਗੁਰਾਂ ਦੀ ਗੁਟ ਤੇ ਭੁਲ ਕੇ ਉਹ
ਕੜੇ ਵਾਲਾਂ ਪਾਖੰਡ ਰਚਾਂਵਦੇ ਨੇ।

ਦਸਤਾਰ ਬੰਨ੍ਹ ਕੇ ਬਖਸ਼ੀ ਦਸਮੇਸ਼ ਦੀ ਜੋ
ਜਣੇ ਖਣੇ ਨੂੰ ਸੀਸ ਝੁਕਾਂਵਦੇ ਨੇ।
ਸਿਰ ਉਹਨਾਂ ਦੇ ਤਾਂ ਸਦਾ ਨੰਗੇ ਰਹਿੰਦੇ
ਭਾਵੇਂ ਦੂਹਰੀਆਂ ਪੱਗਾਂ ਟਕਾਂਵਦੇ ਨੇ।

ਜਤ ਸਤ ਤੇ ਜੋ ਨਾ ਕਾਇਮ ਰਹਿੰਦੇ
ਉਚ ਆਚਰਣ ਨਾ ਅੰਪਣਾਂਵਦੇ ਨੇ।
ਵੱਡੇ ਵੱਡੇ ਕਛਿਹਰੇ ਉਹ ਭਾਵੇਂ ਪਹਿਨਣ
ਤਾਂ ਵੀ ਨੰਗੇ ਹੀ ਨਜ਼ਰ ਉਹ ਆਂਵਦੇ ਨੇ।

ਕੇਸ ਜਿਹੜੇ ਗੁਰੂ ਦੀ ਮੋਹਰ ਕਹਿੰਦੇ
ਕੰਘਾ ਕੇਸਾਂ ਦੇ ਵਿਚ ਸਜਾਂਵਦੇ ਨੇ।
ਲੇਕਿਨ ਬਿਪਰਨ ਦੀ ਰੀਤ ਨੂੰ ਧਾਰੀ ਫਿਰਦੇ
ਮੋਹਰ ਵਾਲੇ ਨੂੰ ਰਤਾ ਨਾ ਭਾਂਵਦੇ ਨੇ।

ਜਨਮ ਜਿਨ੍ਹਾਂ ਨੇ ਸਿੱਖਾਂ ਦੇ ਘਰੇ ਲਿੱਤਾ
ਐਪਰ ਜੀਵਨ ਤਾਂ ਸਿੱਖੀ ਅਨਕੂਲ ਨਾਹੀਂ।
ਹਉਮੈਂ ਵਸ ਉਹ ਸਿੱਖ ਅਖਵਾਈ ਜਾਂਦੇ
ਸਿਧਾਂਤ ਇਹ ਤਾਂ ਸਿੱਖੀ ਦੇ ਮੂਲ ਨਾਹੀਂ।

ਕਰਮ ਕਾਂਡ ਤੇ ਅੰਧ ਵਿਸ਼ਵਾਸ ਕਾਰਣ
ਧਰਮ ਜਿਨ੍ਹਾਂ ਦੀ ਸਮਝ ਵਿਚ ਨਾ ਆਇਆ।
ਸਾਰੀ ਧਰਤੀ ਨੂੰ ਨਰਕ ਬਣਾ ਉਹਨਾਂ
ਕਲਪਿਤ ਸਵਰਗ ਅਸਮਾਨਾਂ ਦੇ ਵਿਚ ਚਾਹਿਆ।

ਜ਼ਰੇ ਜ਼ਰੇ ਵਿਚ ਖਾਲਕ ਦੇ ਵਸਣ ਵਾਲੀ
ਕਰਮ ਕਾਂਡੀਆਂ ਨੂੰ ਗੱਲ ਨਾ ਭਾਈ।
ਪੂਜਾ ਗਿੱਝੇ ਆਕਾਰ ਦੀ ਜੋ ਕਰਨੀ
ਨਿਰਾਕਾਰ ਦੀ ਸਮਝ ਕੋਈ ਨਾ ਆਈ।

ਮੂੰਹ ਨੂੰ ਲਾ ਪਦਾਰਥ ਜੋ ਮੂਰਤਾਂ ਦੇ
ਰੀਤ ਭੋਗ ਦੀ ਬਿਪਰ ਚਲਾ ਦਿੱਤੀ।
ਸਦੀਆਂ ਵਾਲੇ ਪਏ ਪ੍ਰਭਾਵ ਕਾਰਣ
ਕਈਆਂ ਸਿੱਖਾਂ ਨੇ ਮੁੜ ਦੁਹਰਾਅ ਦਿੱਤੀ।

ਦੁਨੀਆਂ ਵਾਲੇ ਪਦਾਰਥਕ ਭੋਗ ਜਿਹੜੇ
ਗਿਆਨ ਇੰਦਰੀਆਂ ਵਾਲਾ ਤਨ ਖਾਂਵਦਾ ਏ।
ਐਪਰ ਨਿਰਾਕਾਰ ਪਰਮਾਤਮਾ ਜੋ
ਆਤਮਕ ਭੋਜਨ ਦਾ ਭੋਗ ਉਹ ਲਾਂਵਦਾ ਏ।

ਦਸਵੇਂ ਨਾਨਕ ਸਪੱਸ਼ਟ ਉਚਾਰਿਆ ਸੀ
ਰੂਹ ਨਾਨਕ ਦੀ ਰਹਿਣੀ ਗ੍ਰੰਥ ਅੰਦਰ।
ਐਪਰ ਤਨ ਦੀ ਜਦੋਂ ਕੋਈ ਗੱਲ ਕਰਨੀ
ਉਹ ਤਾਂ ਜਾਨਣਾ ਖਾਲਸੇ ਪੰਥ ਅੰਦਰ।

ਨਿਰੰਕਾਰ ਦੇ ਜਾਪਣ ਜੋ ਰੂਪ ਦੋਵੇਂ
ਨਿਰਗੁਣ ਸਰਗੁਣ ਸਪੱਸ਼ਟ ਹੋ ਜਾਂਵਦੇ ਨੇ।
ਐਪਰ ਜੁੜੇ ਅਕਾਰ ਨਾਲ ਜੋ ਲੋਕੀਂ
ਕਦੇ ਉਹਨਾਂ ਦੀ ਸਮਝ ਨਾ ਆਂਵਦੇ ਨੇ।

ਨਿਰਗੁਣ ਸਰਗੁਣ ਸਰੂਪ ਦੇ ਬੈਠ ਸਾਹਵੇਂ
ਸੰਗਤ ਜਦੋਂ ਪਰਸ਼ਾਦ ਵਰਤਾਂਵਦੀ ਹੈ।
ਕਿੰਝ ਪ੍ਰਭੂ ਦੇ ਦਰ ਪਰਵਾਨ ਹੁੰਦਾ
ਨਹੀਂ ਬਿਪਰ ਦੇ ਸਮਝ ਵਿਚ ਆਂਵਦੀ ਹੈ।

ਬਾਣੀ ਵਾਲੇ ਚਲਾਏ ਪ੍ਰਵਾਹ ਦੇ ਬਾਅਦ
ਸੰਗਤ ਬਣ ਅਰਦਾਸ ਜਦ ਹੋ ਜਾਂਦੀ।
ਨਿਰਗੁਣ ਰੂਪ ਪਰਵਾਨਗੀ ਦੇ ਦਿੰਦਾ
ਸਰਗੁਣ ਰੂਪ ਦੇ ਸਾਹਵੇਂ ਫਿਰ ਉਹ ਜਾਂਦੀ।

ਦੇਗ ਸੰਗਤ ਦੇ ਵਿਚ ਜਦ ਵਰਤਦੀ ਹੈ
ਰੂਪ ਸਰਗੁਣ ਹੀ ਜਾਪਦਾ ਖਾਂਵਦਾ ਏ।
ਗੁਰੂ, ਵਾਹਿਗੁਰੂ ਇੰਝ ਪ੍ਰਤਖ ਹੋ ਕੇ
ਸੰਗਤ ਵਿਚ ਹੀ ਭੋਗ ਲਗਾਂਵਦਾ ਏ।

ਪ੍ਰਤਖ ਪ੍ਰਭੂ ਨੂੰ ਇਸ ਤਰ੍ਹਾਂ ਦੇਖਦੇ ਜੋ
ਲੁਕੇ ਹੋਣ ਦੀ ਕਦੇ ਨਾ ਗੱਲ ਕਰਦੇ।
ਸਦਾ ਪ੍ਰਭੂ ਨੂੰ ਉਹ ਅੰਗ ਸੰਗ ਸਮਝਣ
ਅਖਾਉਤੀ ਦਰਸ਼ਨਾਂ ਵਾਲਾ ਨਾ ਛਲ ਕਰਦੇ।

ਦੋਏ ਵੇਲੇ ਅਸੀਂ ਅਰਦਾਸ ਅੰਦਰ
ਅੱਠਾਂ ਦਾਨਾਂ ਦੀ ਮੰਗ ਦੁਹਰਾਂਵਦੇ ਹਾਂ।
ਵਿਵੇਕ ਦਾਨ ਨੂੰ ਮੰਗ ਕੇ ਗੁਰੂ ਕੋਲੋਂ
ਐਪਰ ਨੇੜੇ ਨਾ ਬੁੱਧ ਦੇ ਜਾਂਵਦੇ ਹਾਂ।

ਗੁਰੂ ਅਕਲ ਨਾਲ ਸਿਮਰਨ ਲਈ ਆਖਦਾ ਹੈ
ਮਾਨ ਅਕਲ ਦੇ ਨਾਲ ਹੀ ਪਾਈਦਾ ਹੈ।
ਦਾਨ ਅਕਲ ਦੇ ਨਾਲ ਹੀ ਕਰੀਦਾ ਹੈ
ਅਕਲ ਨਾਲ ਹੀ ਪੜ੍ਹ ਬੁਝ ਜਾਈਦਾ ਹੈ।

ਪੜ੍ਹ ਪੜ੍ਹ ਕੇ ਗੱਡੀਆਂ ਲੱਦਣ ਜਿਹੜੇ
ਲੇਕਿਨ ਬਾਣੀ ਨਾ ਕਦੇ ਵਿਚਾਰਦੇ ਨੇ।
ਹੁਕਮ ਬਾਣੀ ਦਾ ਤਾਹੀਉਂ ਉਹ ਸਮਝਦੇ ਨਾ
ਜੀਵਨ ਵਿਚੋਂ ਉਹ ਅਮਲ ਵਿਸਾਰਦੇ ਨੇ।

ਸਿੱਖ, ਗੁਰੂ ਤੇ ਰੱਬ 'ਚੋਂ ਫਰਕ ਕੱਢ ਕੇ
ਇਕੋ ਰੂਪ ਜੋ ਹੋਣਾ ਵਿਚਾਰਦਾ ਏ।
ਅਖਾਉਤੀ ਸਿੱਖ ਤਾਂ ਉਸਨੂੰ ਭਾਂਵਦੇ ਨਹੀਂ
ਰਹਿਤ ਸਿੱਖ ਦੀ ਉਹ ਤਾਂ ਪਿਆਰ ਦਾ ਏ।

ਪਤੇ ਪਤੇ ਦੇ ਵਿਚ ਪ੍ਰਤੱਖ ਉਹ ਤਾਂ
ਹਉਮੈ ਛੱਡ ਜੇ ਤਕੋ ਸੰਸਾਰ ਅੰਦਰ।
ਉਸਨੂੰ ਤਕਣ ਲਈ ਤਨ ਦੀ ਅੱਖ ਨਾਲੋਂ
ਅੱਖ ਮਨ ਦੀ ਰੱਖੋ ਵਿਚਾਰ ਅੰਦਰ।

ਪਰਮ ਆਤਮਾ ਹੁੰਦੀ ਹੈ ਇਕ ਸ਼ਕਤੀ
ਵਿਅਕਤੀ ਸਮਝ ਹੀ ਲੋਕੀਂ ਕਈ ਜਾਣਦੇ ਨੇ।
ਰੰਗ ਰੂਪ ਅਤੇ ਰੇਖ ਭੇਖ ਵਾਲਾ
ਚਕਰ ਚਿਹਨ ਤੋਂ ਬਾਝ ਨਾ ਠਾਣਦੇ ਨੇ।

ਅਖਾਉਤੀ ਸਵਰਗ ਤੇ ਨਰਕ ਪੁਚਾ ਲੋਕੀ
ਛਾਣ ਆਤਮਾ ਉਥੇ ਪਰੋਸਦੇ ਨੇ।
ਪੁੰਨਾਂ ਪਾਪਾਂ ਅਨੁਸਾਰ ਫਿਰ ਵੱਖ ਕਰਕੇ
ਸਰੀਰਾਂ ਵਾਂਗ ਦੁੱਖ ਸੁੱਖ ਨੂੰ ਠੋਸਦੇ ਨੇ।

ਸ਼ਕਲ ਆਤਮਾ ਦੀ ਜਦੋਂ ਨਹੀਂ ਕੋਈ
ਪਰਮ ਆਤਮਾ ਦੀ ਕਿੰਝ ਹੋ ਸਕਦੀ।
ਲੁਕਦੀ ਆਤਮਾ ਸਰੀਰ ਦੇ ਵਿਚ ਜਿੱਦਾਂ
ਸ੍ਰਿਸ਼ਟੀ ਰੱਬ ਨੂੰ ਅੰਦਰ ਲਕੋ ਸਕਦੀ।

ਪਰਮ-ਸ਼ਕਤੀ ਦੀ ਜਦੋਂ ਵੀ ਗੱਲ ਕਰੀਏ
ਜ਼ਰੇ ਜ਼ਰੇ ਤੇ ਸਮੁੱਚੇ ਬ੍ਰਹਿਮੰਡ ਇੱਕੋ।
ਜ਼ਰੇ ਜੋੜਕੇ ਤੱਤ ਵੀ ਉਹ ਘੜਦੀ
ਪੰਜਾਂ ਤੱਤਾਂ ਨੂੰ ਪਾਉਂਦੀ ਫਿਰ ਗੰਢ ਇੱਕੋ।

ਚੰਦਾਂ ਸੂਰਜਾਂ ਤਾਰਿਆਂ ਧਰਤੀਆਂ ਨੂੰ
ਇਕ ਦੂਜੇ ਦੁਆਲੇ ਘੁਮਾਈ ਜਾਂਦੀ
ਉਹੀ ਸ਼ਕਤੀ ਹੀ ਅਣੂਆਂ ਪਰਮਾਣੂਆਂ ਵਿਚ
ਟੁੱਟਣ-ਜੁੜਨ ਦੇ ਕੰਮ ਕਰਾਈ ਜਾਂਦੀ।

ਜੋ ਬ੍ਰਹਿਮੰਡ ਵਿਚ ਉਹੀ ਹੈ ਪਿੰਡ ਅੰਦਰ
ਸਾਡੇ ਗੁਰੂਆਂ ਨੇ ਇੰਝ ਫੁਰਮਾਅ ਦਿੱਤਾ
ਇਕ ਸਾਰ ਇੰਝ ਉਸੇ ਦੇ ਵਿਚਰਨੇ ਦਾ
ਨਿਸ਼ਚਾ ਜੱਗ ਨੂੰ ਦ੍ਰਿੜ੍ਹ ਕਰਵਾ ਦਿੱਤਾ।

ਪੰਜਾਂ ਤੱਤਾਂ ਨਾਲ ਇਹ ਸੰਸਾਰ ਬਣਿਆ
ਫ਼ਰਕ ਕੇਵਲ ਅਨੁਪਾਤ ਵਿਚ ਹੈ ਹੁੰਦਾ
ਸ਼ਕਤੀ ਉਹੀ ਹੀ ਤੱਤਾਂ ਨੂੰ ਜੋੜਦੀ ਹੈ
ਉਹਤੋਂ ਬਾਝ ਨਾ ਜੱਗ ਤੇ ਰਹਿ ਹੁੰਦਾ।

ਧਰਮ ਅਤੇ ਵਿਗਿਆਨ ਵਿਚ ਫਰਕ ਕੇਵਲ
ਅੰਦਰ ਵਲ ਤੇ ਬਾਹਰ ਨੂੰ ਜਾਣਦਾ ਏ
ਅੰਦਰ ਮੁਖੀ ਬਣਾਉਂਦਾ ਏ ਧਰਮ ਸਾਨੂੰ
ਪਦਾਰਥ ਨੂੰ ਤਾਂ ਵਿਗਿਆਨ ਸਿਆਣਦਾ ਏ।

ਗੁਣ ਪ੍ਰਭੂ ਦੇ ਗੁਰੂਆਂ ਸਾਡਿਆਂ ਨੇ,
ਮੂਲ ਮੰਤਰ ਦੇ ਵਿਚ ਦਰਸਾਅ ਦਿੱਤੇ
ਉਸ ਪ੍ਰਭੂ ਨੂੰ ਗੁਣਾਂ ਦੀ ਖਾਣ ਕਹਿ ਕੇ
ਗੁਣ ਉਸਤੋਂ ਆਉਂਦੇ ਫੁਰਮਾਅ ਦਿੱਤੇ।

ਓਹੋ ਗੁਣ ਹੀ ਗੁਰਾਂ ਨੇ ਧਾਰ ਆਪੇ
ਮਨੁੱਖ ਪ੍ਰਭੂ ਦਾ ਫਰਕ ਮਿਟਾ ਦਿੱਤਾ
ਇੰਝ ਗੁਰਾਂ ਨੇ ਪ੍ਰਭੂ ਦਾ ਰੂਪ ਹੋਕੇ
ਇਕਮਿਕਤਾ ਨੂੰ ਦਰਸਾਅ ਦਿੱਤਾ।

ਅੰਸ਼ ਮੰਨ ਕੇ ਖੁਦ ਨੂੰ ਪਰਮਾਤਮਾ ਦਾ
ਇਕੋ ਰੂਪ ਅਪਣਾਉਣ ਦੀ ਗੱਲ ਕੀਤੀ
ਇਸੇ ਗੱਲ ਨੂੰ ਭੱਟਾਂ ਪ੍ਰਗਟਾਉਣ ਖਾਤਿਰ
'ਕਲਾ ਧਾਰ ਜਗ ਆਉਣ' ਦੀ ਗੱਲ ਕੀਤੀ।

ਸਾਰੀ ਸਰਿਸ਼ਟੀ ਨੂੰ ਆਖ ਸਰੂਪ ਉਸਦਾ
ਸਭ ਕੁਝ ਓਸੇ ਦਾ ਅੰਗ ਉਚਾਰਿਆ ਸੀ
ਗੁਰੂ ਚੇਲੇ ਤੇ ਕਰਤੇ ਜਗਤ ਦੇ ਨੂੰ
ਇਕੋ ਰੂਪ ਇੰਝ ਗੁਰਾਂ ਚਿਤਾਰਿਆ ਸੀ।

ਜਿਹੜੇ ਗੁਣਾਂ ਨੂੰ ਗੁਰੂ ਸ਼ੁਭ ਜਾਣ ਕੇ ਤੇ
ਵਸਾਅ ਦੇਣਾ ਮਨੁੱਖਾਂ ਵਿਚ ਧਾਰਿਆ ਸੀ
ਪਸੰਦ ਆਖ ਕੇ ਪ੍ਰਭੂ ਦੀ ਗੁਣ ਉਹੀ
ਖਜ਼ਾਨਾ ਉਹਨਾਂ ਦਾ ਪ੍ਰਭੂ ਪਰਚਾਰਿਆ ਸੀ।

ਦੋ ਸੋ ਤੀਹਾਂ ਕੁ ਸਾਲਾਂ ਦੀ ਘਾਲਣਾ ਨਾਲ
ਤਨ ਮਨ ਬੰਦੇ ਦਾ ਗੁਰਾਂ ਜੋ ਠਾਣਿਆ ਸੀ
ਇੱਛਾ ਰਖ ਸੰਪੂਰਨ ਮਨੁੱਖ ਵਾਲੀ
ਸਾਬਤ ਸੂਰਤ ਹੀ ਪ੍ਰਭੂ ਪਹਿਚਾਣਿਆ ਸੀ।

ਅਸੀਂ ਬੂੰਦ ਹਾਂ ਪਾਣੀ ਦੀ ਇਕ ਕੇਵਲ
ਥਾਹ ਸਮੁੰਦਰ ਦੀ ਕਿਸ ਤਰ੍ਹਾਂ ਪਾ ਸਕਦੇ
ਕਿਰਣ ਬਨ ਕੇ ਸੂਰਜ ਦੀ ਅਸੀਂ ਕੇਵਲ
ਪੂਰੇ ਸੂਰਜ ਨੂੰ ਕਿੰਝ ਪਰਗਟਾਅ ਸਕਦੇ।

ਸਾਰੇ ਜਗਤ ਦੀਆਂ ਅੱਖਾਂ ਦੇ ਵਿਚ ਵਸਦਾ
ਫਿਰ ਵੀ ਕਿਸੇ ਨੂੰ ਨਜ਼ਰ ਉਹ ਆਂਵਦਾ ਨਹੀਂ
ਜ਼ਰੇ ਜ਼ਰੇ ਦੇ ਵਿਚ ਉਹ ਰਾਮ ਰਮਿਆ
ਉਹਦੀ ਹੋਂਦ ਤੋਂ ਬਾਹਰ ਕੁਝ ਜਾਂਵਦਾ ਨਹੀਂ।

ਪੱਟੀ ਹਉਮੈ ਦੀ ਲਾਹ ਕੇ ਦੇਖੀਏ ਜੇ
ਕਿੰਝ ਕਿਥੇ ਉਹ ਕਾਦਰ ਵਿਆਪਦਾ ਹੈ।
ਆਪਣੀ ਕਿਰਤ ਦੇ ਨਾਲ ਤਦ ਉਹ ਕਰਤਾ
ਇਕਮਿਕ ਹੀ ਹੋਇਆ ਫਿਰ ਜਾਪਦਾ ਹੈ।

# ਜੀ ਆਇਆਂ ਨੂੰ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਵਿਦਿਆਰਥੀ ਨਵੇਂ ਜਿਹੇ
ਪਿੰਡਾਂ ਜਾਂ ਸ਼ਹਿਰਾਂ ਦੇ,
ਛੱਡ ਪਿੱਛੇ ਸਕੂਲਾਂ ਨੂੰ
ਜਦ ਕਾਲਜ ਵੜਦੇ ਨੇ।
ਚੰਗੇਰੇ ਜੀਵਨ ਲਈ
ਰੁਜ਼ਗਾਰ ਟਰੇਨਿੰਗ ਲਈ,
ਜਾਂ ਕਿਸੇ ਆਦਾਰੇ ਦੇ
ਜਦ ਧੱਕੇ ਚੜ੍ਹਦੇ ਨੇ।

ਉਸ ਵੇਲੇ ਉਹਨਾਂ ਦਾ
ਮਨ ਕੋਰਾ ਹੁੰਦਾ ਏ,
ਜੋ ਫਰਕ ਜਾਣਦਾ ਨਾ
ਝੂਠੇ ਤੇ ਸੱਚੇ ਦਾ
ਜਿੱਦਾਂ ਦਾ ਰਾਤ ਵੇਲੇ
ਅਣਡਿੱਠੀਆਂ ਪਰੀਆਂ ਦੀਆਂ,
ਬਾਤਾਂ ਜਿਹੀਆਂ ਸੁਨਣ ਵੇਲੇ
ਹੁੰਦਾ ਏ ਬੱਚੇ ਦਾ।

ਉਹ ਬਿਲਕੁਲ ਜਾਨਣ ਨਾ
ਜਿਥੇ ਉਹ ਆਏ ਨੇ,
ਰੋਜ਼ੀ ਦੇ ਸਾਧਨ ਲਈ
ਜਾਂ ਸਿੱਖਣ ਪੜ੍ਹਨ ਲਈ।
ਚੰਗੇ ਅਨੁਸ਼ਾਸਨ ਨੂੰ
ਸਿੱਖ, ਧਾਰਨ ਕਰਨ ਲਈ,
ਜੀਵਨ ਵਿਚ ਵਧਣ ਲਈ
ਜਾਂ ਉਪਰ ਚੜ੍ਹਨ ਲਈ।

ਉਥੇ ਤਾਂ ਨੀਤੀ ਏ
ਕੁਝ ਨੀਤੀਵਾਨਾਂ ਦੀ,
ਜੋ ਸਮਾਂ ਤਕਾਉਂਦੇ ਨੇ
ਜਦ ਰੰਗਤ ਦੇਣੀ ਏ।
ਨਵਿਆਂ ਚੇਹਰਿਆਂ ਨੂੰ
ਨਵੀਂ ਹੀ ਦੁਨੀਆਂ ਵਿਚ,
ਆਪਣੇ ਹੀ ਵਿਚਾਰਾਂ ਦੀ
ਕਿੰਝ ਸੰਗਤ ਦੇਣੀ ਏ।

ਕਈ ਨਵਿਆਂ ਆਇਆਂ ਨੂੰ
ਪੁਠੀਆਂ-ਸਿੱਧੀਆਂ ਜਿਹੀਆਂ,
ਗੱਲਾਂ ਪੁੱਛ ਪੁੱਛ ਕੇ
ਬੇਸ਼ਰਮ ਬਣਾ ਛਡਦੇ।
ਇਖਲਾਕੋਂ ਗਿਰਨ ਦੀਆਂ
ਸਿਖਲਾਈਆਂ ਦੇਕੇ ਤੇ,
ਜੋ ਥੋੜੀ ਸ਼ਰਮ ਬਚੀ
ਉਹ ਵੀ ਮੁਕਾ ਛਡਦੇ।

ਇਹਨੂੰ "ਰੈਗਿੰਗ" ਕਹਿੰਦੇ ਨੇ
ਇਹ ਵੀ ਇਕ ਨੀਤੀ ਏ,
ਕਿ ਇਕ ਹਮਾਮ ਅੰਦਰ
ਸਭ ਨੰਗੇ ਹੋ ਜਾਵਣ।
ਅਹਿਸਾਸ ਬੇਸ਼ਰਮੀ ਦਾ
ਸਾਨੂੰ ਕਰਵਾਉਣ ਲਈ,
ਕੋਈ ਬਚ ਜਾਵੇ ਨਾ
ਇਕ ਰੰਗੇ ਹੋ ਜਾਵਣ।
ਕਈ ਥੋੜ੍ਹਾ ਚਿਰ ਰੁਕ ਕੇ

ਬੜ ਨਵਿਆਂ ਆਇਆਂ ਵਿਚ,
ਫਿਰ ਖੋਟੀ ਨੀਤੀ ਨਾਲ
ਇਕ ਜੁਗਤ ਚਲਾਂਦੇ ਨੇ।
ਵਿਦਿਆਰਥੀ ਏਕਤਾ ਦੇ
ਵੱਖ-ਵੱਖ ਸੰਸਥਾਵਾਂ ਦੇ,
ਇਹ ਨਾਅਰੇ ਲਾ ਲਾ ਕੇ
ਝੰਡੇ ਚੁਕ ਲਿਆਂਦੇ ਨੇ।

ਇਹ ਗੱਲਾਂ ਕਰ ਕਰ ਕੇ
ਵਿਦਿਆਰਥੀ ਹੱਕਾਂ ਦੀਆਂ,
ਨਵਿਆਂ ਆਇਆਂ ਨੂੰ
ਆਪਣੇ 'ਚ ਰਲਾਂਦੇ ਨੇ।
ਵਿਦਿਆ 'ਚ ਰੁਕਾਵਟ ਲਈ
ਬਹਾਨੇ ਘੜ ਘੜ ਕੇ,
ਨਿਤ ਨਵਿਆਂ ਮੁੱਦਿਆਂ ਤੇ
ਹੜਤਾਲਾਂ ਕਰਾਂਦੇ ਨੇ।

ਪਰ ਮਕਸਦ ਏਹਨਾਂ ਦਾ
ਤਾਂ ਸਿਆਸਤ ਟੇਢੀ ਏ,
ਕਿਸੇ ਟੇਢੇ ਲੀਡਰ ਦੀ
ਉਂਗਲ ਨਾਲ ਚੱਲਦੇ ਨੇ।
ਇਹਨਾਂ ਨਾਲ ਚੱਲਣ ਲਈ
ਨਵਿਆਂ ਆਇਆਂ 'ਚੋਂ
ਜਜ਼ਬਾਤੀ ਹੋਏ ਕਈ
ਅਕਸਰ ਹੀ ਮਿਲਦੇ ਨੇ।

ਨਵੀਂ ਜਵਾਨੀ ਵਿਚ
ਇਕ ਇੱਛਾ ਹੁੰਦੀ ਏ,
ਬੜਾ ਜੋਸ਼ ਵੀ ਹੁੰਦਾ ਏ
ਕੁਝ ਕਰ ਦਿਖਲਾਵਣ ਦਾ।
ਬਿਵੇਕਹੀਣ ਹੋਕੇ
ਕੁਝ ਕਰਕੇ ਵਖਰਾ ਜਿਹਾ
ਆਪਣੇ ਤੋਂ ਵੱਡਿਆਂ ਵਿਚ
ਸਨਮਾਨੇ ਜਾਵਣ ਦਾ।

ਇਸੇ ਲਈ ਜਿਹੜਾ ਵੀ
ਹਮਦਰਦੀ ਝੂਠੀ ਦਾ,
ਦਿਖਲਾਵਾ ਕਰ ਜਾਂਦਾ
ਉਸੇ ਨਾਲ ਰਲ ਜਾਂਦੇ।
ਤੁਰ ਰਸਤੇ ਉਸੇ ਤੇ
ਅੱਗੇ ਵੀ ਵਧ ਜਾਂਦੇ,
ਜੀਵਨ ਦੇ ਮਨੋਰਥ ਤੋਂ
ਹੋ ਪਾਸੇ ਵਲ ਜਾਂਦੇ।

ਸਭ ਤੋਂ ਵੱਧ ਚੜ੍ਹਕੇ
ਨਵਿਆਂ ਆਇਆਂ ਨੂੰ,
ਉਹ ਲੋਕੀਂ ਖਿੱਚ ਲੈਂਦੇ
ਜਿਨ੍ਹਾਂ ਧੱਕੇ ਖਾ-ਖਾ ਕੇ।
ਲਭਿਆ ਹੁੰਦਾ ਏ
ਹਮਖਿਆਲੀ ਸਾਥੀ ਨੂੰ,
ਧੂੜਾਂ ਫੱਕ ਫੱਕ ਕੇ
ਰਾਹ ਟੇਢੇ ਜਾ ਜਾ ਕੇ।

ਜੋ ਅਕਸਰ ਬਹਿੰਦੇ ਨੇ
ਹੀਰਾਂ ਤੇ ਰਾਂਝੇ ਬਣ,
ਕਾਲਜ ਕਨਟੀਨਾਂ ਵਿਚ
ਬੱਚ ਧੁੱਪਾਂ ਛਾਵਾਂ ਤੇ।
ਆਪਣੇ ਇਖਲਾਕਾਂ ਦੇ
ਹੋ ਕੇ ਅਨੁਕੂਲ ਜਿਹੇ,
ਕਦੇ ਸਾਹਮਣੇ ਦੁਨੀਆਂ ਦੇ
ਕਦੇ ਲੁਕਵੀਆਂ ਥਾਵਾਂ ਤੇ।

ਨਵਿਆਂ ਆਇਆਂ ਵਿਚ
ਇੰਝ ਇੱਛਾ ਵਧ ਜਾਂਦੀ,
ਇੱਦਾਂ ਹੀ ਤੁਰਨੇ ਦੀ
ਵਡਿਆਂ ਦਿਆਂ ਰਾਹਾਂ ਤੇ।
ਲਭ ਹਮਖਿਆਲੀ ਨੂੰ
ਹਰ ਸੰਭਵ ਹੀਲੇ ਨਾਲ,
ਰਲ 'ਕੱਠੇ ਬੈਠਣ ਲਈ
ਹਰਿਆਂ ਜਿਹਿਆਂ ਘਾਵਾਂ ਤੇ।

ਕੁਝ ਉਹੋ ਲੋਕੀਂ ਵੀ
ਨਵਿਆਂ ਨੂੰ ਖਿਚ ਜਾਂਦੇ,
ਅਧਿਕਾਰ ਸਮਝਦੇ ਜੋ
ਕੁੜੀਆਂ ਦੇ ਛੇੜਨ ਨੂੰ।
ਆਵਾਜ਼ੇ ਕਸ ਕਸ ਕੇ
ਗੰਦਿਆਂ ਵਿਚਾਰਾਂ ਸੰਗ,
ਚੰਗਿਆਂ ਨੂੰ ਭੰਡਣ ਲਈ
ਜਾਬਾਂ ਦੇ ਭੇੜਨ ਨੂੰ।

ਇਹ ਨਵਿਆਂ ਆਇਆਂ ਨੂੰ
ਮਸਾਲੇ ਲਾ ਲਾ ਕੇ,
ਤੇ ਮੱਖਣ ਲਾ ਲਾ ਕੇ
ਗੱਲ ਇੰਝ ਸੁਣਾਂਦੇ ਨੇ।
ਕੁਝ ਆਚਰਣਹੀਣ ਹੁੰਦੇ
ਕੁਝ ਕੋਲੋਂ ਘੜ ਲੈਂਦੇ,
ਇੰਝ ਆਪਣੀ ਨੀਤੀ ਨਾਲ
ਸਭ ਨੂੰ ਉਕਸਾਂਦੇ ਨੇ।

ਕਿ ਸੁੰਨਿਆਂ ਰਾਹਾਂ ਤੇ
ਜਾਂ ਮੂਹਰੇ ਲੋਕਾਂ ਦੇ,
ਜਾਂ ਭੀੜ ਭੜੱਕੇ ਵਿਚ
ਗੱਡੀ ਵਿਚ ਚੜ੍ਹਨ ਸਮੇਂ।
ਕਾਲਜ ਦਿਆਂ ਰਾਹਾਂ ਤੇ
ਕੁੜੀਆਂ ਦੇ ਹੋਸਟਲ ਵਲ,
ਜਾਂ ਪਬਲਿਕ ਥਾਵਾਂ ਤੇ
ਬੱਸਾਂ ਵਿਚ ਖੜ੍ਹਨ ਸਮੇਂ।

ਕੋਈ ਅਸ਼ਲੀਲ ਜਿਹੀ
ਇਖਲਾਕੋਂ ਗਿਰੀ ਹੋਈ,
ਬਦਚਲਣੀ ਨਾਲ ਭਰੀ
ਕਿੰਝ ਹਰਕਤ ਕੀਤੀ ਏ।
ਨਾ ਕਿਸੇ ਰੋਕਿਆ ਏ
ਨਾ ਕਿਸੇ ਟੋਕਿਆ ਏ,
ਉਹ ਡਰ ਬਦਨਾਮੀ ਤੋਂ
ਬਸ ਚੁੱਪ ਹੀ ਕੀਤੀ ਏ।

"ਮੂੜ ਟਾਇਮ ਚੁਕਣਾ ਏ,
ਨਿੱਤ ਉਸੇ ਵੇਲੇ ਹੀ,"
ਇਹੋ ਜਿਹੀ ਭਾਸ਼ਾ ਨਾਲ
ਨਵਿਆਂ ਨੂੰ ਰਝਾਂਦੇ ਨੇ।
ਫਿਰ ਡਾਵਾਂਡੋਲ ਜਿਹੇ
ਸਭ ਮਾਨਸਿਕ ਰੋਗੀਆਂ ਨੂੰ,
ਇੰਝ ਚੋਗਾ ਪਾ ਪਾ ਕੇ
ਰਾਹ ਮੰਦੇ ਪਾਂਦੇ ਨੇ।

ਇਹ ਸਾਰੇ ਹੀ ਜਾਨਣ
ਕੁੜੀਆਂ ਦੀ ਚੁਪੀ ਨੇ,
ਇਹਨਾਂ ਗੰਦੇ ਲੋਕਾਂ ਨੂੰ
ਕਿੱਦਾਂ ਝਮਲਾਇਆ ਏ।
ਸਾਡੇ ਸੰਸਕਾਰਾਂ ਵਿਚ
ਕੁੜੀਆਂ ਦੀ ਇੱਜ਼ਤ ਹੀ,
ਇਕ ਵੱਡਾ ਗਹਿਣਾ ਏ
ਬਜ਼ੁਰਗਾਂ ਸਮਝਾਇਆ ਏ।

ਕੁਝ ਕੁੜੀਆਂ ਵਲੋਂ ਵੀ
ਹੁੰਦੀ ਤਾਂ ਘਾਟ ਨਹੀਂ,
ਇਹ ਨਵੀਆਂ ਆਈਆਂ ਨੂੰ
ਏਸੇ ਰਾਹ ਪਾਉਂਦੀਆਂ ਨੇ।
ਆਕਰਸਕ ਬਨਣ ਲਈ
ਸਿਰ ਨੰਗੇ ਰਖਣ ਲਈ,
ਫੈਸ਼ਨਪ੍ਰਸਤੀ ਦੇ
ਕਈ ਢੰਗ ਸਖਾਉਂਦੀਆਂ ਨੇ।

ਰਖ ਪਰੇ ਕਿਤਾਬਾਂ ਨੂੰ
ਕੁਝ ਊਲ-ਜਲੂਲ ਜਿਹੇ,
ਅੱਧ ਨੰਗੇ ਕਪੜੇ ਪਾ
ਫੈਸ਼ਨ ਸ਼ੋਅ ਲਾਇਆ ਏ।
ਕਮਜ਼ੋਰ ਮਨਾਂ ਵਾਲੇ
ਇੰਞ ਹਿੱਲੇ ਮੁੰਡਿਆਂ ਦੇ,
ਮਨ ਗੰਦੇ ਕਰਨੇ ਦਾ
ਜਿਮਾਂ ਅਪਣਾਇਆ ਏ।

ਕੁਝ ਅਕਿਰਤਘਣਾਂ ਰਲਕੇ
ਸਭ ਨਵਿਆਂ ਆਇਆਂ ਨੂੰ,
ਹੁਣ ਪਤਿਤ ਕਰਾਵਣ ਦੀ
ਨੀਤੀ ਅਪਣਾਈ ਏ।
ਇਹਨਾਂ ਪਿਆਰੇ ਕੇਸਾਂ ਨੂੰ
ਕੁਝ ਭਰਮ ਭੁਲੇਖੇ ਪਾ,
ਫਿਰ ਕਤਲ ਕਰਾਵਣ ਦੀ
ਮੁਹਿੰਮ ਚਲਾਈ ਏ।

ਨਸ਼ਿਆਂ ਵਲ ਧੱਕ ਸਭ ਨੂੰ
ਤਾਕਤ ਜੋ ਜਵਾਨੀ ਦੀ,
ਅੰਞਾਈ ਗਵਾਵਣ ਲਈ
ਸਕੀਮ ਬਣਾਈ ਹੈ।
ਕਿਸੇ ਫਿਲਮੀ ਹੀਰੋ ਵਾਂਗ
ਕਟ ਦੇਕੇ ਕੇਸਾਂ ਨੂੰ,
ਫੁਕਰਾ ਜਿਹਾ ਬਾਣਾ ਪਾ
ਕੰਨ ਮੁੰਦਰੀ ਪਾਈ ਹੈ।

ਕਿਉਂ ਲੋਕੀਂ ਭੁਲ ਜਾਂਦੇ
ਕਿ ਸਾਡੇ ਮਾਪਿਆਂ ਨੇ,
ਲੱਖਾਂ ਹੀ ਸਧਰਾਂ ਨਾਲ
ਸਾਨੂੰ ਇਥੇ ਪੁਚਾਇਆ ਏ।
ਕਿੰਝ ਕਰਜਾ ਚੁੱਕ ਚੁੱਕ ਕੇ,
ਖੁਦ ਔਖੇ ਹੋ ਹੋ ਕੇ,
ਬਿਨ ਦਸਿਆਂ ਸਾਡੇ ਲਈ
ਸਭ ਦਾਅ ਤੇ ਲਾਇਆ ਏ।

ਵਿੱਦਿਆ ਨੂੰ ਪਾਵਣ ਲਈ
ਕੁਝ ਬਣ ਦਿਖਲਾਵਣ ਲਈ,
ਬਣ ਭੈਣ ਭਰਾ ਸਭਦੇ
ਰਹਿਣਾ ਸਿਖਾਵਣ ਲਈ।
ਸਰਬਤ ਦੇ ਭਲੇ ਵਾਲਾ
ਉਚੇ ਇਖਲਾਕ ਵਾਲਾ,
ਸੱਚ ਦੇ ਪਾਂਧੀ ਬਣ
ਰਸਤਾ ਅਪਣਾਵਣ ਲਈ।

ਇਹੋ ਗੁਰੂ ਨਾਨਕ ਤੋਂ
ਗੁਰੂ ਗੋਬਿੰਦ ਸਿੰਘ ਜੀ ਤੱਕ,
ਅੱਜ ਗ੍ਰੰਥ ਗੁਰੂ ਜੀ ਨੇ
ਰਸਤਾ ਦਿਖਲਾਇਆ ਏ।
ਤਾਹੀਂ ਕੁਝ ਵੀਰਾਂ ਨੇ
ਗੋਬਿੰਦ ਦੇ ਨਾਂ ਹੇਠਾਂ,
ਇਖਲਾਕੀ ਵਿੱਦਿਆ ਦਾ
ਸਰਕਲ ਬਣਾਇਆ ਏ।

ਹਰ ਪਿੰਡ ਸ਼ਹਿਰ ਦੇ ਸਭ
ਸਕੂਲਾਂ ਤੇ ਕਾਲਜਾਂ ਵਿਚ,
ਏਸੇ ਹੀ ਸਰਕਲ ਨੇ
ਘੇਰਾ ਵਧਾਇਆ ਏ
ਦੁਨਿਆਵੀ ਵਿੱਦਿਆ ਵਿਚ
ਨਿਪੁੰਨ ਹੋਣ ਦੇ ਨਾਲ,
ਨੈਤਿਕ ਕੀਮਤਾਂ ਲਈ
ਬੜਾ ਜ਼ੋਰ ਲਗਾਇਆ ਏ।

ਇਸ ਸਰਕਲ ਦੇ ਬੱਧੇ
ਸਭ ਵੀਰਾਂ ਭੈਣਾਂ ਨੇ,
ਸਰਬਤ ਦੇ ਭਲੇ ਵਾਲਾ
ਮਾਟੋ ਅਪਣਾਇਆ ਏ।
ਬਸ ਏਸੇ ਕਾਰਣ ਹੀ
ਸਭ ਨਵਿਆਂ ਆਇਆਂ ਨੂੰ,
ਜੀ ਆਇਆਂ ਆਖਣ ਲਈ
ਸਦਾ ਸੀਸ ਨਿਵਾਇਆ ਏ।

◆◆◆◆◆

# ਮੈਂ ਇਕ ਖ਼ਬਰ ਹਾਂ

ਮੈਂ ਇਕ ਖਬਰ ਹਾਂ
ਰੇਡੀਓ ਤੇ ਟੀ.ਵੀ.ਜਾਂ
ਕਿਸੇ ਅਖਬਾਰ ਦੀ,
ਲੋਕਾਂ ਦੇ ਮਨਭਾਉਂਦੇ
ਪ੍ਰਚਲਤ ਰਸਾਲੇ ਦੇ
ਰਸਮੀ ਇਸ਼ਤਿਹਾਰ ਦੀ।
ਮੈਂ ਇਕ ਖਬਰ ਹਾਂ।
ਸੱਚ ਤੋਂ ਬੇਖਬਰ ਹਾਂ।
ਪਿੰਡਾਂ ਦੀਆਂ ਖੇਡਾਂ 'ਚੋਂ
ਇਕ ਖੇਡ ਕਬੱਡੀ ਨੂੰ
ਪ੍ਰਚੱਲਤ ਕਰਨਾ ਏ,
ਸਬੰਧਤ ਖਿਡਾਰੀਆਂ ਨੂੰ
ਤੇ ਸਭ ਅਧਿਕਾਰੀਆਂ ਨੂੰ
ਸਨਮਾਨਿਤ ਕਰਨਾ ਏ।
ਪਿੰਡਾਂ ਦੇ ਮੁੰਡੇ ਜਦ
ਕਪੜੇ ਜਿਹੇ ਲਾਹ ਕੇ ਤੇ
ਨੰਗੇ ਜਿਹੇ ਹੋ ਕੇ ਤੇ,
ਕਿਸਮਤ ਉਹ ਆਪਣੀ ਨੂੰ
(ਖੇਡ) ਖੇਡ ਕੇ ਮਿੱਟੀ ਵਿਚ
ਉਸੇ ਵਿਚ ਖੋ ਕੇ ਤੇ
ਉਹ ਧੱਕਿਆਂ ਮੁੱਕਿਆਂ ਦੇ
ਤੇ ਪਾਲੇ ਜੁਸਿਆਂ ਦੇ
ਜਦ ਜੌਹਰ ਦਿਖਾਂਦੇ ਨੇ,
ਇੰਝ ਲਿਬੜੇ ਫਿਰਦੇ ਜੋ
ਸੱਭੇ ਹੀ ਖੇਡਾਂ 'ਚੋਂ
ਬੜੇ ਮਨ ਨੂੰ ਭਾਂਦੇ ਨੇ।
ਇਹਨਾਂ ਮਿਹਨਤੀ ਲੋਕਾਂ ਦੀ
ਪਿੰਡਾਂ ਵਿਚ ਤਾਕਤ ਜੋ
ਹੱਕ ਸੱਚ ਲਈ ਲੜ ਸਕਦੀ,
ਸਮਾਜਿਕ ਕੁਰੀਤੀਆਂ ਨੂੰ
ਸੰਸਾਰ 'ਚੋਂ ਕਢਣ ਲਈ
ਕੋਈ ਉੱਦਮ ਕਰ ਸਕਦੀ।
ਉਹ ਸਾਰੀ ਤਾਕਤ ਹੀ
ਇਸ ਧੱਕੇ ਮੁੱਕੀ ਵਿਚ
ਹੋ ਜਾਂਦੀ ਖਪਤ ਜਿਹੀ,
ਜੋ ਬਾਕੀ ਬਚ ਜਾਂਦੀ
ਹੋ ਨੀਤੀਵਾਨਾਂ ਦੀ
ਸਿਆਸਤ ਵਿਚ ਜਪਤ ਜਿਹੀ।
ਮਿੱਟੀ ਵਿਚ ਖੇਡਣ ਤੇ
ਡਰ ਬਣਿਆ ਰਹਿੰਦਾ ਏ
ਕੇਸਾਂ ਦੇ ਲਿਬੜਨ ਦਾ,
ਸਿਰ ਮਿੱਟੀ ਪੈਂਦੀ ਹੈ
ਕੇਸਾਂ ਤੋਂ ਪਕੜਨ ਦਾ
ਕੇਸਾਂ ਦੇ ਉਲਝਣ ਦਾ।
ਬਸ ਏਸੇ ਕਾਰਣ ਹੀ
ਕਈ ਖੇਡ ਦਿਖਾਵਣ ਲਈ
ਫਿਰ ਕੇਸ ਕਟਾ ਜਾਂਦੇ,
ਪਿੱਠ ਕਰਕੇ ਗੁਰੂਆਂ ਵਲ
ਸਿੱਖੀ ਵਿਚ ਪਤਿਤਾਂ ਦੀ

ਗਿਣਤੀ ਵਿਚ ਆ ਜਾਂਦੇ।
ਮੇਰੀ ਇਹ ਡਿਊਟੀ ਏ
ਮੈਂ ਚਾਲ ਕਸੂਤੀ ਹਾਂ
ਮੈਂ ਖ਼ਬਰ ਸਬੂਤੀ ਹਾਂ।
ਪ੍ਰਫੁੱਲਤ ਕਰਨੇ ਨੇ
ਅਸਭਿਆਚਾਰਕ ਜੋ
ਮੇਲੇ ਜਿਹੇ ਦਿਸਦੇ ਨੇ,
ਸਭ ਗਾਣੇ ਜਿਹਨਾਂ ਦੇ
ਮੰਦੀਆਂ ਸੋਚਾਂ ਨਾਲ
ਚੋਂਦੇ ਤੇ ਰਿਸਦੇ ਨੇ।
ਜਿਹਨਾਂ ਦੀਆਂ ਕੈਸਟਾਂ ਨੇ
ਇਕ ਲਹਿਰ ਚਲਾਈ ਏ,
ਦਿਲ ਆਪ ਮੁਹਾਰੇ ਦੀ
ਉਕਸਾਹਟ ਪੈਦਾ ਕਰ
ਕੀਤੀ ਵਡਿਆਈ ਏ।
ਸਨਮਾਨ ਬਖਸ਼ਣਾ ਏ
ਉਹਨਾਂ ਅਖਬਾਰਾਂ ਨੂੰ
ਤੇ ਪੱਤਰਕਾਰਾਂ ਨੂੰ,
ਸਰਬ ਉੱਚਤਾ ਦਾ
ਟੀ.ਵੀ.ਕਲਾਕਾਰਾਂ ਨੂੰ
ਫਿਲਮੀ ਅਦਾਕਾਰਾਂ ਨੂੰ
ਜੋ ਕੋਸ਼ਿਸ਼ ਕਰਦੇ ਨੇ
ਸਮਾਜਿਕ ਜ਼ਿੰਦਗੀ ਤੋਂ
ਸੱਚ ਦੂਰ ਛਪਾਵਣ ਲਈ,
ਤਾਹੀਂਓ ਤਾਂ ਲੋਕੀਂ ਇਹ
ਉਤਸ਼ਾਹਤ ਹੋਵਣਗੇ
ਗੰਦ ਹੋਰ ਵਧਾਵਣ ਲਈ।

ਮੈਂ ਲਾਉਂਦੀ ਲੂਤੀ ਹਾਂ
ਮੈਂ ਖ਼ਬਰ ਸਬੂਤੀ ਹਾਂ
ਮੈਂ ਚਾਲ ਕਸੂਤੀ ਹਾਂ।
ਲੋਕਾਂ ਵਿਚ ਵੋਟਾਂ ਦਾ
ਵੋਟਰਾਂ ਵਿਚ ਨੋਟਾਂ ਦਾ
ਉਤਸ਼ਾਹ ਬਥੇਰਾ ਏ,
ਚੋਣ ਦਰਸ਼ਕਾਂ ਨੇ
ਦੱਸਿਆ ਕਿਸ ਬੰਦੇ ਦਾ
ਪਰਚਾਰ ਵਧੇਰਾ ਏ।
ਬਸ ਏਹੋ ਸੁਣਦੇ ਹੀ
ਬਾਕੀ ਦੇ ਲੋਕਾਂ ਵੀ
ਸਭ ਵਰਤੇ ਹੀਲੇ ਨੇ,
ਚਉਧਰ ਹਥਿਆਉਣ ਲਈ
ਹਉਮੈ ਦਿਖਲਾਉਣ ਲਈ
ਫਿਰ ਬਿਕਣੇ ਕੀਲੇ ਨੇ।
ਸਖ਼ਤ ਹਦਾਇਤਾਂ ਨੇ
ਸਰਬ ਸੰਮਤੀ ਨਾ
ਹੋ ਜਾਵੇ ਕਿਧਰੇ ਵੀ,
ਕੋਈ ਰਲ ਬੈਠੇ ਨਾ
ਸਭ ਦੁਸ਼ਮਣ ਬਣ ਜਾਵਣ
ਅੱਖ ਦੇਖੇ ਜਿਧਰੇ ਵੀ।
ਕੋਈ ਕੰਮ ਤਰੱਕੀ ਦਾ
ਆਪਸੀ ਮਿਲਵਰਤਣ ਦਾ
ਇਕ ਭਾਈਚਾਰੇ ਦਾ,
ਹੋ ਜਾਵੇ ਕਿਧਰੇ ਨਾ
ਸੁਧਰਨ ਲਈ ਤਰਸ ਰਹੇ
ਸਮਾਜ ਵਿਚਾਰੇ ਦਾ।

ਜੋ ਮਾੜੇ ਹੋਵਣਗੇ
ਉਹ ਮਦਦ ਮੰਗਣ ਲਈ
ਸਾਡੇ ਕੋਲ ਆਵਣਗੇ,
ਫਿਰ ਛੋਟੇ ਪੱਧਰ ਤੇ
ਪਾਰਟੀ ਸਾਡੀ ਦੀ
ਇੰਝ ਮੋਹਰ ਲਵਾਵਣਗੇ।
ਲੋਕਾਂ ਨੂੰ ਪਾੜਨ ਲਈ
ਕਹਿ ਆਪਣੇ ਬੰਦੇ ਉਹ
ਜੱਗ ਵਿਚ ਸਤਿਕਾਰਾਂਗੇ,
ਇੰਝ ਰਾਜ ਚਲਾਵਣ ਲਈ
ਤੇ ਤਾਜ ਬਚਾਵਣ ਲਈ
ਲੋਕ-ਰਾਜ ਪਰਚਾਰਾਂਗੇ।
ਮੈਂ ਖ਼ਬਰ ਸਬੂਤੀ ਹਾਂ
ਤੇ ਚਾਲ ਕਸੂਤੀ ਹਾਂ।
ਉਹਨਾਂ ਪਰਿਵਾਰਾਂ ਨੂੰ
ਮੁਆਵਜ਼ਾ ਦੇਣਾ ਏ
ਸਰਕਾਰੀ ਦਰ ਵਿਚੋਂ,
ਸ਼ਰਾਬ ਜ਼ਹਿਰੀਲੀ ਨੂੰ
ਪੀ ਕੇ ਕੋਈ ਮਰ ਗਿਆ ਹੈ
ਜਿਹਨਾਂ ਦੇ ਘਰ ਵਿਚੋਂ।
ਬਸ ਏਨਾ ਸੁਣਦੇ ਹੀ
ਸਭ ਅਮਲੀ ਲੋਕਾਂ ਨੇ
ਸਰਕਾਰ ਸਲਾਹੀ ਏ,
ਹਮੇਸ਼ਾਂ ਵਾਂਗੂ ਹੀ
ਨਸ਼ਿਆਂ ਦੇ ਖੁਲ੍ਹਣ ਦੀ
ਫਿਰ ਮੰਗ ਦੁਹਰਾਈ ਏ।
ਰੋਜੀ ਲਈ ਤਰਸ ਰਹੇ
ਫਿਰ ਲੱਖਾਂ ਲੋਕਾਂ ਨੇ
ਇਕ ਮਤਾ ਪਕਾਇਆ ਏ,
ਟਬਰਾਂ ਨੂੰ ਪਾਲਣ ਲਈ
ਰਲ ਜ਼ਹਿਰ ਨੂੰ ਪੀਵਣ ਦਾ
ਮਨ ਫੇਰ ਬਣਾਇਆ ਏ।
ਤਕ ਕਾਮਯਾਬੀ ਨੂੰ
ਸਰਕਾਰ ਅਸਾਡੀ ਨੇ
ਰਸਤਾ ਅਪਣਾਇਆ ਏ,
ਹਰ ਪਿੰਡ ਮੁਹੱਲੇ ਵਿਚ
ਠੇਕੇ ਖੁਲਵਾਵਣ ਦਾ
ਬੀੜਾ ਹੀ ਉਠਾਇਆ ਏ।
ਮੇਰੇ ਵਤਨ ਦੇ ਲੋਕੀਂ ਜਦ
ਰੱਜ ਦਾਰੂ ਪੀਵਣਗੇ
ਸਭ ਕੁਝ ਭੁੱਲ ਜਾਵਣਗੇ,
ਆਪਣੇ ਬਿਗਾਨੇ ਤੋਂ
ਜੀਵਨ ਦੇ ਨਿਸ਼ਾਨੇ ਤੋਂ
ਆਪੇ ਰੁੱਲ ਜਾਵਣਗੇ।
ਮੇਰੇ ਦੇਸ਼ ਤਰੱਕੀ ਦਾ
ਵੱਧ ਕੇ ਸਭ ਦੇਸ਼ਾਂ 'ਚੋਂ
ਇਹ ਪਲਾਨ ਬਣਾਇਆ ਏ,
ਗਰੀਬੀ ਨੂੰ ਕੱਢਣ ਲਈ
ਗਰੀਬ ਹੀ ਮਾਰ ਦਿਓ
ਥੋਨੂੰ ਸਮਝ ਨਾ ਆਇਆ ਏ।
ਮੈਂ ਫਰੇਬ ਪਰੂਤੀ ਹਾਂ
ਮੈਂ ਖ਼ਬਰ ਸਬੂਤੀ ਹਾਂ
ਮੈਂ ਚਾਲ ਕਸੂਤੀ ਹਾਂ।
ਅੱਜ ਵਿਸ਼ਵ ਸੁੰਦਰੀ ਦਾ

ਕਿਸੇ ਸੁੰਦਰ ਲੜਕੀ ਨੂੰ
ਗਿਆ ਤਾਜ ਪਹਿਨਾਇਆ ਏ,
ਇੰਝ ਸਾਰੀ ਦੁਨੀਆਂ ਵਿਚ
ਉਸ ਦੇਸ਼ ਆਪਣੇ ਦਾ
ਅੱਜ ਮਾਣ ਵਧਾਇਆ ਏ।
ਬਸ ਏਨਾ ਸੁਣਦੇ ਹੀ
ਲੱਖਾਂ ਹੀ ਕੁੜੀਆਂ ਨੇ
ਸਭ ਪੜਦੇ ਲਾਹ ਤੇ ਨੇ,
ਅਧ ਨੰਗੀਆਂ ਹੋ ਕੇ ਤੇ
ਆ ਸਾਹਮਣੇ ਲੋਕਾਂ ਦੇ
ਸੰਸਕਾਰ ਦਖਾਤੇ ਨੇ।
ਕੁਝ ਨੈਣਾਂ ਨਕਸ਼ਾਂ ਦੇ
ਅੰਗਾਂ ਦੀ ਬਣਤਰ ਦੇ
ਇਥੇ ਪਾਰਖੂ ਵਸਦੇ ਨੇ,
ਤਨ ਸੁਡੌਲ ਬਨਾਵਣ ਲਈ
ਆਕਰਸ਼ਣ ਲਿਆਵਣ ਲਈ
ਕਿਰਿਆਵਾਂ ਦਸਦੇ ਨੇ।
ਇਸ ਨਵੇਂ ਜ਼ਮਾਨੇ ਨਾਲ
ਰਲ-ਮਿਲ ਕੇ ਚੱਲਣ ਲਈ
ਇਹ ਗਤੀ ਜ਼ਰੂਰੀ ਏ,
ਆਚਰਣਹੀਣਤਾ ਲਈ
ਉਕਸਾਹਟ ਪੈਦਾ ਕਰ
ਇਹ ਅਤੀ ਜ਼ਰੂਰੀ ਏ।
ਮੈਂ ਇਹੀ ਚਾਹੁੰਦੀ ਹਾਂ
ਮੈਂ ਖ਼ਬਰ ਸਬੂਤੀ ਹਾਂ।
ਮੈਂ ਚਾਲ ਕਸੂਤੀ ਹਾਂ।
ਲਾਟਰੀ ਸਿਸਟਮ ਨੂੰ
ਇਨਾਮਾਂ ਵੱਡਿਆਂ ਨਾਲ
ਪ੍ਰਫੁੱਲਤ ਕਰਨਾ ਏ,
ਲੇ ਸੁਪਨਾ ਪੈਸੇ ਦਾ
ਬਿਨ ਹੱਥ ਹਿਲਾਵਣ ਤੋਂ
ਚਸਕਾ ਜਿਹਾ ਭਰਨਾ ਏ।
ਭੁੱਲ ਕਿਰਤ ਧਰਮ ਦੀ ਨੂੰ
ਵਿਚ ਲਾਲਚ ਦੇ ਆਕੇ
ਜੋ ਲਾਟਰੀ ਪਾਵਣਗੇ,
ਸਵਰਗਾਂ ਦੇ ਸੁਫਨੇ ਲੈ
ਸੱਟੇ ਤੇ ਜੂਏ ਤਕ
ਆਪੇ ਪੁੱਜ ਜਾਵਣਗੇ।
ਬਚ ਬੇਰੁਜ਼ਗਾਰੀ ਤੋਂ
ਇਹ ਦੇਸ਼ ਤਰੱਕੀ ਵੱਲ
ਲੈ ਕੇ ਹੀ ਜਾਵਣਗੇ,
ਫਿਰ ਜਦ ਇਹ ਹਾਰਨਗੇ
ਤਾਂ ਕਰਜ਼ਾ ਮੋੜਨ ਲਈ
ਕਰਜ਼ਾ ਹੀ ਉਠਾਵਣਗੇ।
ਮੈਂ ਇਹੀ ਚਾਹੁੰਦੀ ਹਾਂ
ਮੈਂ ਖ਼ਬਰ ਸਬੂਤੀ ਹਾਂ
ਮੈਂ ਚਾਲ ਕਸੂਤੀ ਹਾਂ।
ਮਦਦ ਦੇਣੀ ਏ
ਉਹਨਾਂ ਉਦਯੋਗਾਂ ਨੂੰ
ਰਕਮਾਂ ਚੰਗੀਆਂ ਨਾਲ,
ਮਸ਼ਹੂਰੀ ਕਰਨ ਜਿਹੜੇ
ਤਸਵੀਰਾਂ ਨੰਗੀਆਂ ਨਾਲ
ਜਾਂ ਤੁਕਾਂ ਬੇਢੰਗੀਆਂ ਨਾਲ।
ਉਸੇ ਉਤਪਾਦਨ ਦਾ

ਰਿਕਾਰਡ ਜੋ ਪਿਛਲਾ ਸੀ
ਆਪ ਟੁੱਟ ਜਾਵੇਗਾ,
ਕੌਮੀ ਉਤਪਾਦਨ ਵਿਚ
ਇੰਝ ਦੂਹਰੀ ਨੀਤੀ ਨਾਲ
ਵਾਧਾ ਹੋ ਜਾਵੇਗਾ।
ਇਹ ਮੇਰੀ ਨੀਤੀ ਏ
ਮੈਂ ਖ਼ਬਰ ਸਬੂਤੀ ਹਾਂ,
ਮੈਂ ਚਾਲ ਕਸੂਤੀ ਹਾਂ।
ਇਕ ਵੱਡੇ ਨੇਤਾ ਦਾ
ਨੀਤੀ ਅਭਿਨੇਤਾ ਦਾ
ਸਕੈਂਡਲ ਫੜਿਆ ਏ,
ਲਾ ਠੱਗੀ ਲੋਕਾਂ ਨੂੰ
ਸਰਕਾਰ ਵਿਦੇਸ਼ੀ ਕੋਲ
ਉਸ ਕੋਠਾ ਭਰਿਆ ਏ।
ਫਿਰ ਨਾਅਰੇ ਗੂੰਜੇ ਨੇ
ਦੁੱਧ ਪਾਣੀ ਛਾਨਣ ਲਈ
ਇਕ ਕਮਿਸ਼ਨ ਬੈਠਾਵਾਂਗੇ,
ਲੈ ਤਾਕਤ ਨੀਤੀ ਦੀ
ਫਿਰ ਉਸੇ ਪੈਸੇ ਨਾਲ
ਫੈਸਲਾ ਕਰਾਵਾਂਗੇ।
ਫਿਰ ਅਗਲੀਆਂ ਚੋਣਾਂ ਵਿਚ
ਮੁੜ ਦੇਸ਼ ਨੂੰ ਖ਼ਤਰੇ ਦਾ
ਰਲ ਮਾਟੋ ਗਾਵਾਂਗੇ,
ਫਿਰ ਭੋਲੇ ਲੋਕਾਂ ਨੂੰ
ਓਹੋ ਹੀ ਦੇ ਪੈਸੇ
ਸੀਟਾਂ ਹਥਿਆਵਾਂਗੇ।
ਮੈਂ ਇਹੀ ਨੀਤੀ ਹਾਂ
ਮੈਂ ਖਬਰ ਸਬੂਤੀ ਹਾਂ,
ਮੈਂ ਚਾਲ ਕਸੂਤੀ ਹਾਂ।
ਪਰਚਾਰਨਾ ਨਾਅਰਾ ਹੈ
ਕਿ ਸਾਰੀ ਦੁਨੀਆਂ 'ਚੋਂ
ਮੇਰਾ ਦੇਸ਼ ਮਹਾਨ ਹੈ,
ਹਰ ਮਾੜੀ ਨੀਤੀ ਵੀ
ਸਮਾਜਿਕ ਕੁਰੀਤੀ ਵੀ
ਮੇਰੇ ਦੇਸ਼ ਦੀ ਸ਼ਾਨ ਹੈ।
ਹੋਰਾਂ ਦੇ ਦੇਸ਼ ਦੀਆਂ
ਜੋ ਚੰਗੀਆਂ ਗੱਲਾਂ ਨੇ
ਉਹ ਤਾਂ ਮਨਜ਼ੂਰ ਨਹੀਂ,
ਸਾਂਝ ਗੁਣਾਂ ਕੇਰੀ
ਛਡ ਅਵਗੁਣ ਨੂੰ ਪਾਸੇ
ਸਾਡਾ ਦਸਤੂਰ ਨਹੀਂ।
ਮਹਾਨ ਤਾਂ ਕੇਵਲ ਹੀ
ਚੰਗਿਆਈ ਹੁੰਦੀ ਹੈ
ਇਹ ਜਾਨਣ ਸਾਰੇ ਹੀ,
ਸਾਰੀ ਦੁਨੀਆਂ ਵਿਚ
ਜੋ ਸ਼ੁਭ ਗੁਣ ਹੁੰਦੇ ਨੇ
ਜਾਂਦੇ ਸਤਿਕਾਰੇ ਹੀ।
ਸੁਲਝੇ ਹੋਏ ਲੋਕੀਂ ਜੋ
ਕਦੇ ਆਪਣੇ ਵਤਨਾਂ ਦੀ
ਹਰ ਇਕ ਬੁਰਾਈ ਨੂੰ,
ਮਹਾਨ ਤਾਂ ਨਹੀਂ ਕਹਿੰਦੇ
ਸਭ ਬੁਰੀਆਂ ਗੱਲਾਂ ਲਈ
ਨੀਤੀ ਚਤੁਰਾਈ ਨੂੰ।
ਆਪਣੇ ਮੂਹੋਂ ਹੀ

ਮੀਆਂ ਮਿੱਠੂ ਮੈਂ
ਆਪੇ ਹੀ ਬਨਣਾ ਹੈ,
ਗੁਣਾਂ ਦੀ ਗੱਲ ਨਾਲੋਂ
ਹੱਦਾਂ ਦੀ ਹਰ ਗੱਲ ਨੂੰ
ਸਨਮਾਨਿਤ ਕਰਨਾ ਹੈ।
ਹਉਮੈ ਵਸ ਹੋ ਕੇ ਸਭ
ਮੇਰੇ ਵਤਨ ਦੇ ਲੋਕੀਂ ਜਦ
ਇਹ ਨਾਅਰੇ ਲਾਵਣਗੇ,
ਫਿਰ ਹੌਲੀ ਹੌਲੀ ਉਹ
ਸਭੇ ਬੁਰਾਈਆਂ ਨੂੰ
ਅਪਣਾਂਦੇ ਜਾਵਣਗੇ।
ਮੈਂ ਲਾਊਂਦੀ ਲੂਤੀ ਹਾਂ
ਮੈਂ ਖਬਰ ਸਬੂਤੀ ਹਾਂ
ਮੈਂ ਚਾਲ ਕਸੂਤੀ ਹਾਂ।
ਇਕ ਗੱਲ ਉਡਾਉਣੀ ਹੈ
ਸਿੱਖਾਂ ਤੇ ਦਲਿਤਾਂ ਵਿਚ
ਇਕ ਵੱਡਾ ਪਾੜਾ ਹੈ,
ਤੱਕ ਸਾਡੀ ਨੀਤੀ ਨੂੰ
ਜੇ ਇਕੱਠੇ ਹੋ ਗਏ ਤਾਂ
ਸਾਡੇ ਲਈ ਮਾੜਾ ਹੈ।
ਭਾਰਤ ਦੀ ਬਹੁਗਿਣਤੀ
ਸਦੀਆਂ ਤੋਂ ਦੱਬੇ ਜੋ
ਦਲਿਤ ਅਖਵਾਂਦੇ ਨੇ,
ਜਾਨਣ ਲਗ ਜਾਵਣ ਨਾ
ਕਿ ਸੁਧਰੇ ਦਲਿਤ ਹੀ
ਸਦਾ ਸਿੱਖ ਕਹਾਂਦੇ ਨੇ।
ਆਦਿ ਕਾਲ ਤੋਂ ਹੀ
ਦਲਿਤਾਂ ਮਜਬੂਰਾਂ ਨਾਲ
ਬੜਾ ਧੱਕਾ ਹੋਇਆ ਏ,
ਸਾਰੀ ਹੀ ਦੁਨੀਆਂ ਨੇ
ਆਪਣੇ ਹਰ ਸਵਾਰਥ ਲਈ
ਇਹਨਾਂ ਨੂੰ ਕੋਹਿਆ ਏ।
ਅਣਖ ਨਾਲ ਜੀਵਨ ਲਈ
ਹਿਫ਼ਾਜ਼ਤ ਆਪਣੀ ਲਈ
ਜੋ ਮੀਰੀ ਚਾਂਹਦੇ ਸਨ,
ਉਹਨਾਂ ਮਜਬੂਰਾਂ ਦੇ
ਹਥਿਆਰ ਚੁੱਕਣ ਤੇ
ਹੱਥ ਕੱਟੇ ਜਾਂਦੇ ਸਨ।
ਪੀਰੀ ਨੂੰ ਚਾਹਣ ਤੇ
ਦਾਤੇ ਨੂੰ ਧਿਆਵਣ ਤੇ
ਸਿਮਰਨ ਵਿਚ ਜਾਵਣ ਤੇ,
ਗੁਣ ਗਾਉਂਦੀ ਰਸਨਾ ਨੂੰ
ਕਟ ਦਿੱਤਾ ਜਾਂਦਾ ਸੀ
ਭਗਤੀ ਅਪਣਾਵਣ ਤੇ।
ਰੱਬ ਦੀ ਗੱਲ ਕੋਈ ਵੀ
ਸੁਣ ਜਾਵੇ ਸ਼ੂਦਰ ਨਾ
ਕੰਨ ਸਿੱਕਾ ਪਾਉਂਦੇ ਸੀ,
ਦਲਿਤਾਂ ਨੂੰ ਦੁੱਖ ਦੇਣਾ
ਹੈ ਸਭ ਤੋਂ ਪੁੰਨ ਵੱਡਾ
ਮੰਦਰੀਂ ਸਮਝਾਉਂਦੇ ਸੀ।
ਸਿਰ ਟੰਗੀ ਫੰਗ ਫਿਰੇ
ਜਾਂ ਬੰਨੀ ਟੱਲ ਫਿਰੇ
ਆਪਾ ਦਿਖਲਾਵਣ ਲਈ,
ਸਾਨੂੰ ਭਿਟ ਜਾਵੇ ਨਾ

ਪਿਛੇ ਬੰਨੀ ਝਿੰਗ ਫਿਰੇ
ਹਰ ਪੈੜ ਮਿਟਾਵਣ ਲਈ।
ਉਸ ਵੇਲੇ ਨਾਨਕ ਨੇ
ਇਹਨਾਂ ਹੀ ਦਲਿਤਾਂ ਤੋਂ
ਇਕ ਪੰਥ ਚਲਾਇਆ ਸੀ,
ਮੀਰੀ ਤੇ ਪੀਰੀ ਨੂੰ
ਕਰ ਕੱਠਿਆਂ ਇਹਨਾਂ ਦੀ
ਝੋਲੀ ਵਿਚ ਪਾਇਆ ਸੀ।
ਕੋਈ ਜਾਤ ਪਾਤ ਨਹੀਂ ਹੈ
ਨਾ ਉਚਾ ਨੀਵਾਂ ਏ
ਇਕ ਨੂਰੋਂ ਆਇਆ ਏ,
ਤ਼ਾਹੀਓਂ ਗੁਰੂ ਗੋਬਿੰਦ ਨੇ
ਫਿਰ ਸਾਜ ਖਾਲਸੇ ਨੂੰ
ਇਹ ਦ੍ਰਿੜ੍ਹ ਕਰਵਾਇਆ ਏ।
ਸਰੋਵਰ ਬਣਵਾ ਕੇ ਤੇ
ਲੰਗਰ ਚਲਵਾ ਕੇ ਤੇ
ਸਭ ਭਰਮ ਮਿਟਾਇਆ ਏ,।
'ਸਭ ਮੀਤ ਹਮਾਰੇ ਨੇ
ਹਮ ਸਾਜਨ ਸਭਨਾਂ ਦੇ'
ਇਹੋ ਰੱਬ ਨੂੰ ਭਾਇਆ ਏ।
ਇਹਨਾਂ ਸਭ ਦਲਿਤਾਂ ਤੋਂ
ਨੀਤੀ ਜੋ ਨਾਨਕ ਦੀ
ਅਸੀਂ ਅੱਜ ਛੁਪਾਣੀ ਏ,
ਸਿਰ ਚੁਕ ਕੇ ਦੇਖਣ ਨਾ
ਅੱਜ ਨੀਤੀ ਪਾੜਨ ਦੀ
ਅਸੀਂ ਮੁੜ ਦੁਹਰਾਉਣੀ ਏ।
ਮੈਂ ਇਹੀ ਚਾਹੁੰਦੀ ਹਾਂ
ਮੈਂ ਖਬਰ ਸਬੂਤੀ ਹਾਂ,
ਮੈਂ ਚਾਲ ਕਸੂਤੀ ਹਾਂ।

# ਕੇਤੀਆ

ਕਿੰਝ ਮੰਗੀਏ 'ਕੇਤੀਆ' ਭੈਣ ਮਾਫ਼ੀ
ਸ਼ਰਮ ਆਂਵਦੀ ਏ ਮਾਫ਼ੀ ਮੰਗਦੇ ਨੂੰ।
ਗਰਕਣ ਵਾਸਤੇ ਕਦੋਂ ਜ਼ਮੀਨ ਫਟਦੀ
ਥਾਂ ਵੀ ਲੱਭਦਾ ਨਹੀਂ ਹੁਣ ਤਾਂ ਸੰਗਦੇ ਨੂੰ।
ਸਿੰਘ ਲੱਗਿਆ ਨਾਮ ਦੇ ਨਾਲ ਕਿਉਂਕਿ
ਤੇਰੇ ਮੁਜ਼ਰਿਮ ਏਸ ਭਾਰਤੀ ਰੰਗ ਦੇ ਨੂੰ।
ਨੱਕ ਡੋਬਣ ਲਈ ਚੱਪਣੀ ਲੱਭਦੀ ਨਾ
ਲੋਕ ਰਾਜ ਨੂੰ ਦੇਖ ਨਵੇਂ ਢੰਗ ਦੇ ਨੂੰ।

ਸਿੰਘ ਸਾਜੇ ਸੀ ਗੁਰੂ ਗੋਬਿੰਦ ਸਿੰਘ ਨੇ
ਨਿਰਬਲ ਚਿੜੀਆਂ ਬਚਾਉਣ ਲਈ ਕਾਵਾਂ ਕੋਲੋਂ।
ਉੱਚਾ ਸੁੱਚਾ ਚਰਿੱਤਰ ਸੀ ਉਦੋਂ ਇਹਨਾਂ
ਸਿੱਖਿਆ ਹੁੰਦਾ ਅਣਖੀਲੀਆਂ ਮਾਵਾਂ ਕੋਲੋਂ।
ਅਣਖ ਖਾਤਿਰ ਸੀ ਤਲੀ ਤੇ ਜਾਨ ਰੱਖਦੇ
ਪੁੱਛ ਦੇਖੋ ਸ਼ਹੀਦਾਂ ਦੀਆਂ ਥਾਵਾਂ ਕੋਲੋਂ।
ਆਚਾਰ ਰਖਦੇ ਉਪਰ ਸੀ ਸੱਚ ਨਾਲੋਂ
ਦੂਰ ਰਹਿੰਦੇ ਸੀ ਹਉਮੈ ਦਿਆਂ ਨਾਵਾਂ ਕੋਲੋਂ।

ਹਜ਼ਾਰਾਂ 'ਕੇਤੀਆ' ਰਹੇ ਵਸਾਉਂਦੇ ਮੁੜ ਕੇ
ਜੂਝ, ਖੋਹ ਕੇ ਸਦਾ ਅਬਦਾਲੀਆਂ ਤੋਂ।
ਘਰੀਂ ਉਹਨਾਂ ਹੀ ਮਾਪਿਆਂ ਦੇ ਜਾਕੇ
ਅਯੋਗ ਹੋਂਵਦੇ ਜੋ ਰਖਵਾਲੀਆਂ ਤੋਂ।
ਬੇਸ਼ਰਮੀ ਕਾਰਣ ਦੁਰਕਾਰ ਜੋ ਚੁੱਕੇ ਹੁੰਦੇ
ਭਾਈਚਾਰੇ ਅਤੇ ਭਾਈਵਾਲੀਆਂ ਤੋਂ।
ਹਿਕ ਡਾਹ ਸੀ ਖਾਲਸੇ ਪੇਸ਼ ਹੁੰਦੇ
ਮੁਨੱਕਰ ਹੋਏ ਨਾ ਕਦੇ ਸਵਾਲੀਆ ਤੋਂ।

ਕਿਉਂ ਝੁਕ ਗਿਆ ਏਹਨਾਂ ਦਾ ਸਿਰ ਆਖਿਰ
ਇਸ ਸੰਸਾਰ ਤੇ ਸਾਹਮਣੇ ਤੇਰੇ ਭੈਣੇ।
ਹੱਕੇ ਬੱਕੇ ਬੇਬਾਕ ਤੇ ਸੁੰਨ ਜਾਪਣ
ਛਿੱਥੇ ਪਾਏ ਸੁਆਲਾਂ ਦੇ ਘੇਰੇ ਭੈਣੇ।
ਤੇਰੇ ਮੁਜਰਿਮ ਦਾ ਨਹੀਂ ਕਸੂਰ ਕੋਈ
ਸਚ ਦੱਸਾਂ ਤੂੰ ਸੁਣੀਂ ਕਰ ਜੇਰੇ ਭੈਣੇ।
ਭਾਵੇਂ ਹਾਲਾਤਾਂ ਅਤੇ ਬਦਕਿਸਮਤੀ ਨੇ
ਲਵਾ ਦਿੱਤੇ ਕਟਿਹਰੇ ਦੇ ਫੇਰੇ ਭੈਣੇ।

ਅਕਲ ਸ਼ਕਲ ਨਾ ਪਿਤਾ ਨਾਲ ਜਦੋਂ ਰਲਦੀ
ਉਦੋਂ ਪਿਉ ਦਾ ਹੋਣ ਦੀ ਆਸ ਕੀ ਏ ?
ਸਾਡਾ ਸਿੱਖਾਂ ਦਾ ਪਿਓ ਦਸਮੇਸ਼ ਹੀ ਏ
ਉਹਤੋਂ ਵਿਛੜ ਕੇ ਸਾਡਾ ਧਰਵਾਸ ਕੀ ਏ ?
ਬੇਦਾਵਾ ਜਿਨ੍ਹਾਂ ਦਸਮੇਸ਼ ਨੂੰ ਅੱਜ ਦਿੱਤਾ
ਉਥੇ ਸੱਚ ਆਚਾਰ ਦੀ ਆਸ ਕੀ ਏ ?
ਭੈਣ ਕਿਸੇ ਦੀ, ਸਮਝਣ ਜੋ ਆਪਣੀ ਨਾ
ਆਪਦੀ ਭੈਣ ਦੇ ਪ੍ਰਤੀ ਵਿਸ਼ਵਾਸ ਕੀ ਏ ?

ਤੂੰ ਨਹੀਂ ਜਾਣਦੀ ਏਸ ਸੰਸਾਰ ਅੰਦਰ
ਹੁੰਦੀ ਕੀ ਕੀ 'ਕੇਤੀਆ' ਨਾਲ ਇਥੇ।
ਲੁਟਾ ਇੱਜ਼ਤਾਂ ਬਹਿੰਦੀਆਂ ਚੁੱਪ ਕਰਕੇ
'ਕੇਤੀਆ' ਕਿੰਨੀਆਂ ਹੀ ਹਰ ਸਾਲ ਇਥੇ।
ਮਤਾਂ ਖੁੱਸ ਨਾ ਜਾਵੇ ਬਦਨਾਮੀ ਕਾਰਣ
ਵਿਆਉਤਾ ਜੀਵਨ ਦਾ ਸੋਹਣਾ ਖਿਆਲ ਇਥੇ।
ਬਹਾਈਆਂ ਜਾਂਦੀਆਂ ਸ਼ਾਨ ਨਾਲ ਕੋਠਿਆਂ ਤੇ
ਲੋਕਤਾਂਤਰਿਕ ਢੰਗਾਂ ਨੂੰ ਭਾਲ ਇੱਥੇ।

ਚੁੱਪ ਕਰਾਂਵਦੇ ਇਥੇ ਧਨਵਾਨ ਲੋਕੀਂ
ਮੂੰਹ ਬੰਦ ਦਾ ਮੁੱਲ ਪਵਾ ਕੇ ਤੇ।
ਕਾਨੂੰਨ ਕੋਲੋਂ ਇਹ ਅਕਸਰ ਬਚ ਜਾਂਵਦੇ ਨੇ
ਉੱਚ ਅਹੁਦੇ ਦੀ ਵਰਤੋਂ ਕਰਵਾ ਕੇ ਤੇ।
ਅਖਾਉਤੀ ਇੱਜ਼ਤ ਨੂੰ ਕਈ ਬਚਾ ਜਾਂਦੇ
ਸਦਾ ਵਾਸਤੇ ਗੱਡੀ ਚੜ੍ਹਾ ਕੇ ਤੇ।
ਆਤਮਘਾਤ ਹੀ ਕਈ ਕਰ ਜਾਂਦੀਆਂ ਨੇ
ਪਰਜਾਤੰਤਰਿਕ ਢੰਗ ਅਪਣਾਕੇ ਤੇ।

ਜਿੰਨਾ ਅਦਾਰਿਆਂ ਵਿਚ ਤੂੰ ਜਾਂਵਦੀ ਏ
ਕੇਂਦਰ ਰੋਜ਼ੀ ਜਾਂ ਵਿੱਦਿਅਕ ਪ੍ਰਸਾਰ ਦੇ ਨੇ।
ਤੇਰੀ ਇੱਜ਼ਤ ਦੇ ਦੁਸ਼ਮਣ ਇਹ ਲੱਗ ਪਿੱਛੇ
ਅੱਖਾਂ ਪਾੜ ਕੇ ਤੈਨੂੰ ਨਿਹਾਰਦੇ ਨੇ।
ਇਹ ਗੱਲ ਤਾਂ ਹਰ ਕੋਈ ਜਾਣਦਾ ਏ
ਲੱਛਣ ਅੱਜ ਕੀ ਗੰਦੇ ਸੰਸਾਰ ਦੇ ਨੇ
ਆਪਣੀ ਭੈਣ ਵੀ ਇਹਨਾਂ ਦੀ 'ਕੇਤੀਆ' ਹੈ
ਇਹ ਗੱਲ ਇਹ ਅਕਸਰ ਵਿਸਾਰ ਦੇ ਨੇ।

ਆਖ਼ਿਰ ਸਮਝ ਤੂੰ ਗਈ ਏ ਕਿ ਕਿੱਦਾਂ
ਮੁਜ਼ਰਿਮ ਤੇਰਾ ਤਾਂ ਬੇਕਸੂਰ ਜਾਪੇ।
ਕਸੂਰ ਚੋਰ ਦਾ ਨਹੀਂ ਉਹਦੀ ਮਾਂ ਦਾ ਏ
ਅਖਾਣ ਏਹ ਸਚਾਈ ਭਰਪੂਰ ਜਾਪੇ।
ਵਿਰਸਾ ਦੱਸਿਆ ਨਹੀਂ ਜਿਨ੍ਹਾਂ ਬੱਚਿਆਂ ਨੂੰ
ਉਹਨਾਂ ਮਾਪਿਆਂ ਦਾ ਹੀ ਕ਼ਸੂਰ ਜਾਪੇ।
ਏਸੇ ਕਾਰਣ ਅੱਜ ਝੁਕੇ ਨੇ ਸਿਰ ਸਾਡੇ
ਆਪਣਾ ਆਪ ਅੱਜ ਸਾਨੂੰ ਕਰੂਰ ਜਾਪੇ।

ਜਿਹਨਾਂ ਗੁਰੂਆਂ ਦੀ ਧਰਤੀ ਨੂੰ ਦੇਖਣੇ ਲਈ
ਆਪਣੇ ਦੇਸ਼ੋਂ ਤੂੰ ਇਥੇ ਸੀ ਆਈ ਭੈਣੇ।
ਉਹਨਾਂ ਗੁਰੂਆਂ ਤੋਂ ਬੇਮੁਖ ਹੁੰਦਿਆਂ ਨੂੰ
ਸਾਨੂੰ ਰਤਾ ਵੀ ਸ਼ਰਮ ਨਾ ਆਈ ਭੈਣੇ।
ਪੜ੍ਹਿਆ ਜੋ ਸੀ ਤੈਂ ਇਤਿਹਾਸ ਅੰਦਰ
ਸਿੱਖੀ, ਸਿੱਖਿਆ, ਪ੍ਰੇਮ ਕਮਾਈ ਭੈਣੇ
ਉਹਨਾਂ ਸਿੱਖਾਂ ਦਾ ਅਸੀਂ ਤਾਂ ਭੇਖ ਕੀਤਾ
ਐਪਰ ਅੰਦਰੋਂ ਫ਼ਰਕ ਨਾ ਕਾਈ ਭੈਣੇ।

ਮੌਕਾ ਹੋਰ ਦੇ ਕੇਤੀਆ ਭੈਣ ਸਾਨੂੰ
ਵਿਰਸਾ ਬੱਚਿਆਂ ਨੂੰ ਸਮਝਾਵਣਾ ਨੀਂ।
ਫਲਸਫਾ ਆਚਰਣ ਤੇ ਸਾਂਝੀਵਾਲਤਾ ਦਾ
ਖ਼ੂਨ ਇਹਨਾਂ ਦੇ ਅੰਦਰ ਰਚਾਵਣਾ ਨੀਂ।
ਅਜਿਹਾ ਹੋਵੇ ਨਾ ਕਿ ਤੇਰੀਆਂ ਬੱਚੀਆਂ ਨੇ
ਹੋਵੇ ਪੰਜਾਬ ਦੇ ਵਿਚ ਜਦੋਂ ਆਵਣਾ ਨੀਂ।
ਵਾਂਗ ਮੁਜ਼ਰਮਾਂ ਅੱਜ ਦੇ ਵਾਂਗ ਮੁੜ ਕੇ
ਪਵੇ ਸਿਰ ਨਾ ਸਾਨੂੰ ਝੁਕਾਵਣਾ ਨੀਂ।

# ਧਰਮ-ਅਧਰਮ

ਲੁੱਟ ਖੋਹ ਦੇ ਏਸ ਸੰਸਾਰ ਅੰਦਰ
ਜਦੋਂ ਸਮਝ ਇਨਸਾਨ ਨੂੰ ਆਉਣ ਲੱਗੀ।
ਦਰਦ ਦੂਜੇ ਦਾ ਆਪਦੇ ਦਰਦ ਵਰਗਾ
ਗੱਲ ਇਹ ਜਦ ਮਨਾਂ ਨੂੰ ਭਾਉਣ ਲੱਗੀ।
ਰਲ ਮਿਲ ਕੇ ਪ੍ਰੇਮ ਨਾਲ ਰਹਿਣ ਦੇ ਲਈ
ਦੁੱਖ ਸੁੱਖ ਨੂੰ ਖਲਕਤ ਵੰਡਾਉਣ ਲੱਗੀ।
ਦਇਆ ਦੂਜੇ ਇਨਸਾਨਾਂ ਤੇ ਜਦੋਂ ਆਈ
ਮਾਂ ਧਰਮ ਦੀ ਫਿਰ ਇਹ ਕਹਾਉਣ ਲੱਗੀ।

ਜਨਮ ਲੈ ਦਇਆ ਦੀ ਕੁੱਖ ਵਿਚੋਂ
ਧਰਮ ਵਧਣ ਲੱਗਾ ਸੰਸਾਰ ਅੰਦਰ।
ਸਿਰਜਣਹਾਰ ਜਿਹੜਾ ਸਾਰੀ ਖਲਕਤ ਦਾ ਹੈ
ਖਾਲਕ ਆਉਣ ਲੱਗਾ ਫਿਰ ਵਿਚਾਰ ਅੰਦਰ।
ਸਾਰੀ ਸ੍ਰਿਸ਼ਟੀ ਦੇ ਵਿਚ ਰੱਬ ਦਿੱਸਣ ਲੱਗਾ
ਪਾਪ ਦਿੱਸਣ ਲੱਗਾ ਮੁਰਦਾਰ ਅੰਦਰ।
ਜਨਮ ਮਰਨ ਜਦ ਸਮਝ ਦੇ ਵਿਚ ਆਇਆ
ਅੰਤਰ ਮੁਖੀ ਫਿਰ ਹੋਇਆ ਇਹ ਪਿਆਰ ਅੰਦਰ।

ਦੁੱਖ ਦੇਣ ਜੋ ਕਿਸੇ ਦੇ ਤਨ ਮਨ ਨੂੰ
ਅਵਗੁਣ ਇਹ ਆਖ ਹਟਾਉਣ ਲੱਗਾ।
ਰੱਬ ਜਾਪਿਆ ਗੁਣਾਂ ਦੀ ਖਾਣ ਇਹਨੂੰ
ਗੁਣ ਉਸਤੋਂ ਆਉਂਦੇ ਦਰਸਾਉਣ ਲੱਗਾ।
ਦੂਰ ਕਰਨ ਲਈ ਅਵਗੁਣਾਂ ਸਾਰਿਆਂ ਨੂੰ
ਸ਼ੁਭ ਗੁਣਾਂ ਨੂੰ ਫੇਰ ਆਪ ਅਪਨਾਉਣ ਲੱਗਾ।
ਇੱਛਾ ਰਖ ਫਿਰ ਖਾਲਕ ਵਿਚ ਮਿਲਣ ਵਾਲੀ
ਆਪਣੇ ਆਪ ਨੂੰ ਧਰਮੀ ਅਖਵਾਉਣ ਲੱਗਾ।

ਇਕ ਨੂਰ ਤੋਂ ਸਾਰਾ ਸੰਸਾਰ ਬਣਿਆ
ਸਾਰੇ ਇਕ ਦੇ ਪੁੱਤਰ ਸਦਵਾਂਵਦੇ ਨੇ।
ਪ੍ਰੇਮ ਕਰਦਾ ਜੋ ਉਹਦੇ ਸਭ ਪੁੱਤਰਾਂ ਨੂੰ
ਉਹਦੇ ਨਾਲ ਹੀ ਪ੍ਰੇਮ ਕਰਵਾਂਵਦੇ ਨੇ।
ਭਲਾ ਸਰਬੱਤ ਦਾ ਧਿਆਨ ਵਿਚ ਰਖਦੇ ਜੋ
ਮੀਤ ਆਪੇ ਹੀ ਸਾਰੇ ਬਣ ਜਾਂਵਦੇ ਨੇ।
ਚੰਗੇਰੀ ਅਤੇ ਆਦਰਸ਼ਕ ਜ਼ਿੰਦਗੀ ਲਈ
ਬਣਾਏ ਅਸੂਲ ਹੀ ਧਰਮ ਅਖਵਾਂਵਦੇ ਨੇ।

ਚੰਗੇ ਗੁਣਾਂ ਦਾ ਨਿਯਮ ਹੀ ਧਰਮ ਹੁੰਦਾ
ਐਪਰ ਲੋਗਾਂ ਨੇ ਵੰਡੀਆਂ ਪਾ ਲਈਆਂ।
ਸਮੁੱਚੇ ਜੱਗ ਦਾ ਧਰਮ ਤਾਂ ਇਕ ਹੀ ਹੈ
ਭਾਵੇਂ ਮਜ਼ਹਬਾਂ ਨੇ ਮੰਡੀਆਂ ਪਾ ਲਈਆਂ।
ਮੰਜ਼ਿਲ ਇਕ ਹੈ ਮਜ਼ਹਬਾਂ ਸਾਰਿਆਂ ਦੀ
ਲੋਕਾਂ ਵਖਰੀਆਂ ਡੰਡੀਆਂ ਪਾ ਲਈਆਂ।
ਸਾਰੇ ਜੱਗ ਨੂੰ ਰੱਬ ਨਾਲ ਜੋੜਨ ਦੀ ਥਾਂ
ਲੜਕੇ ਆਪਣੀਆਂ ਭੰਡੀਆਂ ਪਾ ਲਈਆਂ।

ਧਾਰਮਿਕਤਾ ਦਾ ਕਈਆਂ ਭੇਸ ਕਰਕੇ
ਹਰ ਪਖੰਡ ਨੂੰ ਅੰਦਰ ਛੁਪਾ ਲਿਆ ਏ।
ਉੱਚਾ ਸੁੱਚਾ ਜੀਵਨ ਬਨਾਉਣ ਦੀ ਥਾਂ
ਕਰਮ-ਕਾਂਡਾਂ ਨੂੰ ਕੇਵਲ ਅਪਨਾ ਲਿਆ ਏ।
**ਬਾਕੀ** ਪਦਾਰਥਾਂ ਵਾਂਗ ਹੀ ਰੱਬ ਨੂੰ ਵੀ
**ਵਿਧੀਆਂ** ਜੁਗਤੀਆਂ ਨਾਲ ਜੜਾ ਲਿਆ ਏ।
ਇੰਝ ਉਹਨਾਂ ਨੇ ਆਪਣੀ ਬੁੱਧੀ ਨਾਲੋਂ
ਛੋਟਾ ਰੱਬ ਨੂੰ ਸਗੋਂ ਬਣਾ ਲਿਆ ਏ।

ਪਖੰਡ ਕਰਨ ਜੋ ਧਰਮ ਦੇ ਨਾਂ ਉੱਤੇ
ਧਰਮੋਂ ਕਈਆਂ ਨੂੰ ਉਹਨਾਂ ਹਟਾ ਦਿੱਤਾ।
ਕਿਸੇ ਹੋਰ ਵਿਚਾਰਾਂ ਦੀ ਧਾਰਾ ਦੇ ਨਾਲ
ਉਹਨਾਂ ਵਾਲਾ ਸੀ ਜੱਫਾ ਮਰਵਾ ਦਿੱਤਾ।
ਪਖੰਡ ਉਹਨਾਂ ਦੇ ਨਾਲ ਨਾ ਚਲੇ ਜਿਹੜਾ
ਫੱਟਾ ਨਾਸਤਿਕ ਵਾਲਾ ਚਿਪਕਾ ਦਿੱਤਾ।
ਪਖੰਡਵਾਦ ਤੋਂ ਸਤੇ ਹੋਏ ਲੋਕਾਂ ਕੋਲੋਂ
ਨਸ਼ਾ ਧਰਮ ਨੂੰ ਉਹਨਾਂ ਅਖਵਾ ਦਿੱਤਾ।

ਨਸ਼ਾ ਧਰਮ ਨੂੰ ਜੇਕਰ ਕੋਈ ਆਖਦਾ ਏ
ਉਹ ਮੂਰਖ ਨਹੀਂ ਸਗੋਂ ਅਨਜਾਣ ਲੱਗਦਾ।
ਸੱਚੇ ਧਰਮ ਦਾ ਸੱਚਾ ਹੈ ਨਸ਼ਾ ਜਿਹੜਾ
ਕਦੇ ਉਹ ਨਾ ਸਰੀਰਾਂ ਨੂੰ ਖਾਣ ਲੱਗਦਾ।
ਦੁਨਿਆਵੀ ਅਤੇ ਪਦਾਰਥਕ ਨਸ਼ਿਆਂ ਵਾਂਗਰ
ਕੁਝ ਘੰਟਿਆਂ ਵਿਚ ਨਹੀਂ ਜਾਣ ਲੱਗਦਾ।
ਝੂਠੇ ਸਰੂਰ 'ਚ ਵਿਕਾਰਾਂ ਦੀ ਭੇਂਟ ਹੋ ਕੇ
ਹੋਸ਼ ਆਈ ਤੋਂ ਤੋੜ ਨਹੀਂ ਲਾਣ ਲੱਗਦਾ।

ਨਸ਼ਾ ਹੋਂਵਦਾ ਜੋ ਵੀ ਪਦਾਰਥਾਂ ਦਾ
ਉਹ ਤਾਂ ਮੱਤਿ ਤੋਂ ਥੱਲੇ ਗਿਰਾਂਵਦਾ ਏ।
ਕੁਝ ਸਮੇਂ ਲਈ ਆਪ ਨੂੰ ਭੁੱਲ ਬੰਦਾ
ਮਤਹੀਣ ਹੀ ਸਗੋਂ ਬਣ ਜਾਂਵਦਾ ਏ।
ਦੱਬੇ ਪਏ ਵਿਕਾਰਾਂ ਨੂੰ ਤੇਜ਼ ਕਰਕੇ
ਹਰ ਸੰਭਵ ਕੁਕਰਮ ਕਰਾਂਵਦਾ ਏ।
ਨਸ਼ੇ ਵਿਚੋਂ ਇਨਸਾਨ ਜਦ ਬਾਹਰ ਆਉਂਦਾ
ਫਿਰ ਉਹ ਸਦਾ ਦੇ ਵਾਂਗ ਪਛਤਾਂਵਦਾ ਏ।

ਐਪਰ ਧਰਮ ਦੇ ਨਸ਼ੇ ਨੂੰ ਚੱਖਿਆ ਜਿਸ
ਉਹ ਤਾਂ ਸੱਚਾ ਇਨਸਾਨ ਬਣ ਜਾਂਵਦਾ ਏ।
ਕਿਉਂਕਿ ਜੱਗ ਦੇ ਨਸ਼ੇ ਤੋਂ ਉਲਟ ਇਹ ਤਾਂ
ਬੰਦਾਂ ਮਤ ਤੋਂ ਉਪਰ ਪੁਚਾਂਵਦਾ ਏ।
ਜੀਵਨ ਵਾਲੀਆਂ ਉੱਚੀਆਂ ਸੁੱਚੀਆਂ ਇੰਝ
ਕਦਰਾਂ ਕੀਮਤਾਂ ਸਭੇ ਅਪਣਾਂਵਦਾ ਏ।
ਕਾਮ ਰਸ ਹੀ ਉਦੋਂ ਨਾਮ ਰਸ ਬਣ ਕੇ
ਸੁਤੀਆਂ ਤਾਕਤਾਂ ਸਭੇ ਜਗਾਂਵਦਾ ਏ।

ਸੱਚਾ ਧਰਮ ਤਾਂ ਬਣਦਾ ਹੈ ਨਸ਼ਾ ਸੱਚਾ
ਖੁਮਾਰੀ ਏਸਦੀ ਪਦਾਰਥ ਲਕੋਏ ਜਾਪਣ।
ਸਤ, ਸੰਤੋਖ, ਦਇਆ, ਵਿਚਾਰ ਦੇ ਨਾਲ
ਸੇਵਾ, ਸਿਮਰਨ ਵੀ ਵਿਚ ਸਮੋਏ ਜਾਪਣ
ਕਿਰਤ , ਨਾਮ ਤੇ ਵੰਡ ਕੇ ਛਕਣ ਦੇ ਗੁਣ
ਉੱਚੇ ਆਚਰਣ ਨਾਲ ਪਰੋਏ ਜਾਪਣ।
'ਹਰ ਕਾ ਨਾਮ ਜਪ ਨਿਰਮਲ ਕਰਮ ਕਰਨੇ'
ਅਸੂਲ ਧਰਮ ਦੇ ਬੜੇ ਨਰੋਏ ਜਾਪਣ

ਹੋਂਦ ਰੱਬ ਦੀ ਜੋ ਸਵੀਕਾਰਦੇ ਨਾ
ਨੈਤਿਕ ਕਦਰਾਂ ਤੇ ਕੀਮਤਾਂ ਭੁੱਲ ਜਾਂਦੇ।
ਕੇਵਲ ਪਦਾਰਥ ਹੀ ਉਹਨਾਂ ਦੀ ਖੁਸ਼ੀ ਹੁੰਦੀ
ਹਰ ਕੀਮਤ ਤੇ ਪਾਉਣ ਲਈ ਤੁਲ ਜਾਂਦੇ।
ਲੋਕ ਜਦੋਂ ਪਰਮਾਰਥ ਨੂੰ ਛੱਡ ਦਿੰਦੇ।
ਰਸਤੇ ਸਵਾਰਥ ਦੇ ਉਹਨਾਂ ਲਈ ਖੁੱਲ੍ਹ ਜਾਂਦੇ।
ਆਪੋ ਧਾਪੀ ਦੀ ਵਿਰਤੀ ਫਿਰ ਸ਼ੁਰੂ ਹੁੰਦੀ
ਸੱਚ ਅਚਾਰ ਫਿਰ ਵਿਚ ਹੀ ਰੁਲ ਜਾਂਦੇ।

ਅਧਰਮ ਵੀ ਇਕ ਤਰ੍ਹਾਂ ਨਸ਼ਾ ਹੁੰਦਾ
ਪੁੰਨ ਪਾਪ ਦਾ ਸੰਕਲਪ ਮਿਟਾਵਣੇ ਦਾ।
ਡਰ ਰੱਬ ਦੇ ਨੂੰ ਇੰਝ ਦੂਰ ਰੱਖ ਕੇ
ਆਪਣੀ ਖੁਸ਼ੀ ਲਈ ਸਭ ਕਰ ਜਾਵਣੇ ਦਾ।
ਖਿਆਲ ਉਹਨਾਂ ਨੂੰ ਰਤਾ ਨਾ ਆ ਸਕਦਾ
ਕਿਸੇ ਹੋਰ ਦਾ ਦਿਲ ਦੁਖਾਵਣੇ ਦਾ।
ਲੇਖੇ ਜੋਖੇ ਦਾ ਕਿਉਂਕਿ ਫਿਕਰ ਹਟਦਾ
ਮਾੜੇ ਕਰਮਾਂ ਨਾਲ ਜਨਮ ਦੁਹਰਾਵਣੇ ਦਾ।

ਰਹਿ ਕੇ ਪਿਆਰ ਨਾਲ ਜੱਗ ਤੇ ਦੂਜਿਆਂ ਦਾ
ਤਨ ਮਨ ਨਾ ਜਿਹੜੇ ਦੁਖਾਂਵਦੇ ਨੇ।
ਜੀਂਦੇ ਅਤੇ ਜਿਉਂ ਲੈਣ ਦੇਣ ਦੇ ਨਾਲ
ਸਗੋਂ ਜਿਊਣ ਵਿਚ ਮਦਦ ਪਹੁਚਾਂਵਦੇ ਨੇ।
ਉਹਦੇ ਹੁਕਮ ਤੇ ਰਜ਼ਾ ਨੂੰ ਮੰਨ ਏਦਾਂ
ਸਰਗੁਣ ਰੂਪ ਦੇ ਸਾਹਵੇਂ ਹੋ ਜਾਂਵਦੇ ਨੇ।
ਉਹ ਲੋਕ ਤਾਂ ਨਾਸਤਿਕ ਜਾਪਦੇ ਨਹੀਂ
ਸਤੇ ਪਖੰਡ ਤੋਂ ਕਈ ਅਖਵਾਂਵਦੇ ਨੇ।

ਕਰਮ-ਕਾਂਡੀਆਂ ਤੋਂ ਜਿਹੜੇ ਲੋਕ ਸਤ ਕੇ
ਆਪਣੇ ਆਪ ਨੂੰ ਨਾਸਤਿਕ ਮੰਨਦੇ ਨੇ।
ਪਹਿਚਾਣ ਸੱਚ ਤੇ ਝੂਠ ਦੀ ਹੋਂਵਦੀ ਨਹੀਂ
ਅੰਦਰ ਬਣ ਗਿਆ ਭਰਮ ਨਾ ਭੰਨਦੇ ਨੇ।
ਸਚੇ ਧਰਮੀ ਅਤੇ ਪਖੰਡੀਆਂ ਨੂੰ
ਭੁੱਲੇ ਇਕੋ ਹੀ ਰੱਸੀ ਨਾਲ ਬੰਨਦੇ ਨੇ।
ਹੌਲੀ ਹੌਲੀ ਉਹ ਮਨ ਤੋਂ ਦੂਰ ਹੋ ਕੇ
ਆਖਿਰ ਜੁੜ ਜਾਂਦੇ ਨਾਲ ਤਨ ਦੇ ਨੇ।

ਮਜ਼ਹਬ ਸਾਰੇ ਹੀ ਏਸ ਸੰਸਾਰ ਅੰਦਰ
ਸਦਾ ਇਕੋ ਹੀ ਸੱਚ ਨਾਲ ਜੋੜਦੇ ਨੇ।
ਪੈਰੋਕਾਰ ਜੋ ਧਰਮ ਦੇ ਸੱਚੇ ਹੁੰਦੇ
ਵਕਤ ਝਗੜਿਆਂ ਵਿਚ ਨਾ ਰੋੜਦੇ ਨੇ।
ਧਰਮੀ ਨਹੀਂ ਉਹ ਤਾਂ ਪਖੰਡੀ ਹੁੰਦੇ
ਦੰਗੇ ਧਰਮ ਦੇ ਨਾਂ ਤੇ ਜੋ ਲੋੜਦੇ ਨੇ।
ਧਰਮੀ ਉਹਨਾਂ ਇਨਸਾਨਾਂ ਨੂੰ ਕੌਣ ਆਖੇ
ਜਿਹੜੇ ਬੰਦੇ ਤੋਂ ਬੰਦੇ ਨੂੰ ਤੋੜਦੇ ਨੇ।

ਰਹਿਣ ਸੱਚੇ ਜੇ ਦੁਨੀਆਂ ਦੇ ਲੋਕ ਜਿੰਨੇ
ਆਪੋ ਆਪਣੇ ਮਜ਼ਹਬਾਂ ਅਨੁਸਾਰ ਸਾਰੇ।
ਬੈਰੀ ਅਤੇ ਬੇਗ਼ਾਨੇ ਫਿਰ ਜਾਪਣੇ ਨਾ
ਦਿਖਣਾ ਜੱਗ ਤੇ ਇਹ ਕੇਵਲ ਪਿਆਰ ਸਾਰੇ।
ਜ਼ਰੇ ਜ਼ਰੇ ਤੇ ਹਰ ਇਨਸਾਨ ਅੰਦਰ
ਇਕੋ ਜੋਤ ਦਾ ਹੋਣਾ ਦੀਦਾਰ ਸਾਰੇ।
ਆਪੋ ਆਪਣੇ ਮਜ਼ਹਬਾਂ ਅਨੁਸਾਰ ਦਿਖਣੇ
ਰਾਮ, ਅੱਲ੍ਹਾ, ਮਸੀਹ, ਕਰਤਾਰ ਸਾਰੇ।

ਕੰਕਰ, ਕੰਡਿਆਂ, ਪੱਥਰਾਂ ਨਾਲ ਭਰਿਆ
ਮਾਰਗ ਟੇਢਾ ਨਾਂ ਧਰਮ ਸਦਾਵੰਦਾ ਏ।
ਅਣਡਿੱਠੀ ਤੇ ਕਾਲਪਨਿਕ ਮੰਜ਼ਿਲ ਦੇ ਵਲ
ਪੁਚਾਉਣ ਖਾਤਿਰ ਨਾ ਲਾਰਾ ਏਹ ਲਾਂਵਦਾ ਏ।
ਮਰ ਕੇ ਮੁਕਤ ਹੋ ਜਾਣ ਦੇ ਨਾਲੋਂ ਇਹ ਤਾਂ
ਸਗੋਂ ਜਿਉਂਦਿਆਂ ਮੁਕਤ ਕਰਾਂਵਦਾ ਏ।
ਸੱਚੇ ਦਿਲ ਨਾਲ ਲੋਕ ਜਦ ਧਾਰਨ ਇਸ ਨੂੰ
ਆਪਣੇ ਆਪ ਵਿਚ ਮੰਜ਼ਿਲ ਹੋ ਜਾਂਵਦਾ ਏ।

ਗੱਡੀ ਧਰਮ ਦੀ ਦੇ ਪਹੀਏ ਦੋ ਹੁੰਦੇ
ਇਕ ਸ਼ਰਧਾ ਤੇ ਦੂਜਾ ਵਿਚਾਰ ਵਾਲਾ।
ਇਹਨਾਂ ਦੋਹਾਂ 'ਚੋ ਕਿਸੇ ਵੀ ਇਕ ਬਾਝੋਂ
ਰਸਤਾ ਵਿਛੜਦਾ ਮੰਜ਼ਿਲ ਦੀ ਸਾਰ ਵਾਲਾ।
ਸਿਰਫ ਸ਼ਰਧਾ ਵਾਲਾ ਤਾਂ ਅੰਨ੍ਹਾ ਹੁੰਦਾ
ਲੰਗੜਾ ਹੋਂਵਦਾ ਗਿਆਨ ਦੇ ਭਾਰ ਵਾਲਾ।
ਦੋਨਾਂ ਪਹੀਆਂ ਵਿਚ ਸਤ ਦੀ ਹਵਾ ਲੈ ਕੇ
ਗੱਡੀ ਭਾਲਦੀ ਰਸਤਾ ਨਿੰਰਕਾਰ ਵਾਲਾ।

# ਇਕ ਸਭਿਅਕ ਟੂਰ

ਸਕੂਲਾਂ, ਕਾਲਜਾਂ ਦੀ ਜਦੋਂ ਗੱਲ ਕਰੀਏ
ਘੁੰਮਣ ਵਾਸਤੇ ਵਿਦਿਆਰਥੀ ਤਿਆਰ ਰਹਿੰਦੇ।
ਕਿਉਂਕਿ ਸੈਰ ਹੀ ਹੁੰਦੀ ਦਵਾਈ ਇਕੋ
ਕਿਤਾਬਾਂ ਪੜ੍ਹਦੇ ਉਹ ਜਦੋਂ ਬਿਮਾਰ ਰਹਿੰਦੇ।
ਨਵੇਂ ਟੂਰ ਦਾ ਜਦੋਂ ਪ੍ਰਬੰਧ ਹੁੰਦਾ
ਲਿਖਵਾਉਣ ਵਾਸਤੇ ਨਾਮ ਹੁਸ਼ਿਆਰ ਰਹਿੰਦੇ।
ਜਿਹੜੀ ਸੰਸਥਾ ਵਲੋਂ ਹੈ ਟੂਰ ਜਾਂਦਾ
ਮੈਂਬਰ ਉਸੇ ਦੇ ਬਣ ਬਰਕਰਾਰ ਰਹਿੰਦੇ।

ਨਾ ਸਮਾਜਿਕ ਤੇ ਨਾ ਇਤਿਹਾਸਕ ਹੁੰਦਾ
ਮਕਸਦ ਕਈਆਂ ਦਾ ਟੂਰ ਤੇ ਜਾਣ ਵਾਲਾ।
ਨਾ ਹੀ ਧਾਰਮਿਕ ਵਿੱਦਿਅਕ ਜਾਂ ਹੋਰ ਹੁੰਦਾ
ਬਸ ਹੁੰਦਾ ਹੈ ਮਨ ਪਰਚਾਣ ਵਾਲਾ।
ਆਪਣੇ ਮਨ ਦੇ ਅਨੁਕੂਲ ਅਵਾਰਾ ਜਿਹਾ
ਸਿਰਫ ਹੁੰਦਾ ਹੈ ਘੁੰਮਣ ਘੁਮਾਣ ਵਾਲਾ।
ਤਾਂਹੀਓਂ ਮੈਂ ਵੀ ਇੰਝ ਹੀ ਸੀ ਕੀਤਾ
ਟੂਰ ਦੇਖ 'ਬੜੂ ਸਾਹਿਬ' ਨੂੰ ਜਾਣ ਵਾਲਾ।

ਕਿਉਂਕਿ ਮੈਂ ਵੀ ਬੜਾ ਸੀ ਅੱਕ ਚੁੱਕਾ
ਪੜ੍ਹਦਾ ਨਹੀਂ, ਸਗੋਂ ਟੂਰਾਂ ਤੇ ਜਾ ਜਾ ਕੇ।
ਭਾਵੇਂ ਦੇਖਣ ਨੂੰ ਜਗ੍ਹਾ ਤਾਂ ਸ਼ਾਂਤ ਹੁੰਦੀ
ਲਭਦੀ ਸ਼ਾਂਤੀ ਨਾ, ਸ਼ਾਂਤੀ ਵਿਚ ਆ ਆ ਕੇ।
ਬੇਚੈਨੀ ਵਿਚ ਹੀ ਵਾਪਸ ਸੀ ਆ ਜਾਂਦਾ
ਸੁਣਾ ਕੇ ਕਵਿਤਾ ਜਾਂ ਭੰਗੜਾ ਪਾ ਪਾ ਕੇ।
ਪ੍ਰਦਰਸ਼ਨੀ ਇਹਨਾਂ ਦੀ ਅਤੇ ਮੁਹਾਰਤ ਪਾਉਂਦੀ
ਭਰਮ ਸ਼ਾਂਤੀ ਵਾਲਾ ਲਾਰਾ ਲਾ ਲਾ ਕੇ।

ਨਾਲ ਗਏ ਤਾਂ ਹੁੰਦੇ ਸਨ ਖ਼ੁਸ਼ ਸਾਰੇ
ਮੈਨੂੰ ਹਰ ਥਾਂ ਹਨੇਰਾ ਹੀ ਜਾਪਦਾ ਸੀ
ਲਕੀਰਾਂ ਹੁੰਦੀਆਂ ਪਹਿਲਾਂ ਤੋਂ ਗੂੜੀਆਂ ਸੀ
ਭਾਵੇਂ ਚਿਹਰਾ ਕਰੂਪ ਮੇਰਾ ਆਪਦਾ ਸੀ
ਗਮੀ, ਫਿਕਰ, ਚਿੰਤਾ ਸਗੋਂ ਹੋਰ ਵਧਦੇ
ਨਤੀਜਾ ਇਹ ਤਾਂ ਸਭ ਸੰਗਤ ਦੀ ਛਾਪ ਦਾ ਸੀ
ਕਿਉਂਕਿ ਜਿਹੜੀ ਵੀ ਸੰਗਤ ਸੀ ਉਦੋਂ ਬਣਦੀ
ਹਰ ਕੋਈ ਆਪਦੇ ਰਾਗ ਅਲਾਪਦਾ ਸੀ।

ਸ਼ਿੱਦਤ ਰਹਿਣ ਲੱਗ ਪਈ ਮੇਰੇ ਮਨ ਅੰਦਰ
ਅਜਿਹੇ ਲੋਗਾਂ ਦੇ ਮਨਾਂ ਨੂੰ ਪੜ੍ਹਨ ਵਾਲੀ
ਫੋਕੀ ਖ਼ੁਸ਼ੀ ਨਾਲ ਜਿਹੜੇ ਸੀ ਖ਼ੁਸ਼ ਹੁੰਦੇ
ਹਕੀਕਤ ਸਾਹਮਣੇ ਬੂਰ ਵਾਂਗ ਝੜਨ ਵਾਲੀ
ਕੋਸ਼ਿਸ਼ ਉਹਨਾਂ ਦੀ ਮੈਨੂੰ ਸੀ ਇੰਝ ਲੱਗਦੀ
ਬੱਚੇ ਵਲੋਂ ਪ੍ਰਛਾਵੇਂ ਨੂੰ ਫੜਨ ਵਾਲੀ
ਸੁਪਨੇ ਦੇਖਣ ਦੀ ਮੈਨੂੰ ਫਿਰ ਪਈ ਆਦਤ
ਨਾਲੇ ਕਲਪਨਾ ਦੇ ਨਾਲ ਲੜਨ ਵਾਲੀ।

ਸੁਪਨੇਮਈ ਅਵਸਥਾ ਵਿਚ ਫੇਰ ਇਕ ਦਿਨ
ਜਾਪਿਆ ਟੂਰ ਤੇ ਕੋਈ ਲਜਾ ਰਿਹਾ ਸੀ
ਚੇਪੀ ਪਹਿਲਾਂ ਵਾਂਗੂ ਮੁੜ ਮੈਂ ਹੋ ਕਰਕੇ
ਆਪਣੀ ਚੁਸਤੀ ਤੇ ਖ਼ੁਸ਼ੀ ਮਨਾ ਰਿਹਾ ਸੀ
ਅਰਦਾਸ ਕੀਤੀ ਹੋ 'ਕੱਠੇ ਵਿਦਿਆਰਥੀਆਂ ਨੇ
ਕੋਈ ਅਕਾਲ ਦੇ ਨਾਰੇ ਗਜਾ ਰਿਹਾ ਸੀ
ਸੀਟਾਂ ਉਪਰ ਵਿਦਿਆਰਥੀ ਜਦੋਂ ਬੈਠੇ
ਨਜ਼ਾਰਾ ਵਖਰੀ ਹੀ ਦੁਨੀਆਂ ਦਾ ਭਾ ਰਿਹਾ ਸੀ।

ਬਹਿੰਦੇ ਸਾਰ ਹੀ ਕੀਰਤਨ ਸ਼ੁਰੂ ਹੋ ਗਿਆ
ਜੋੜੀ ਪੇਟੀ ਹੁੰਗਾਰਾ ਸੀ ਨਾਲ ਭਰਿਆ
ਸਭ ਵਿਦਿਆਰਥੀ ਨਾਲੋਂ ਸੀ ਨਾਲ ਗਾਉਂਦੇ
ਵਾਤਾਵਰਣ ਸੀ ਬਣ ਗਿਆ ਢਾਲ ਭਰਿਆ
ਸਮੇਂ ਵਾਲਾ ਨਾ ਰਤਾ ਖ਼ਿਆਲ ਆਇਆ
ਰੱਬੀ ਬਾਣੀ ਨੇ ਕੇਹਾ ਖਿਆਲ ਭਰਿਆ
ਦੁਨਿਆਵੀ ਟੂਰ ਨਹੀਂ, ਬਹਾਨਾ ਸਤ ਸੰਗਤ ਦਾ ਇਹ
ਖਿਆਲ ਵੀਰਾਂ ਨੇ ਘਾਲਣਾ ਘਾਲ ਭਰਿਆ।

ਕੀਰਤਨ ਖਤਮ ਹੁੰਦਾ ਵਿਚਾਰਾਂ ਸ਼ੁਰੂ ਹੁੰਦੀਆਂ
ਸਿਧਾਂਤ, ਫਿਲਾਸਫੀ, ਹਿਸਟਰੀ ਸਿੱਖ ਦੀ ਤੇ
ਸੁਭਾ ਸ਼ਾਮ ਵੇਲੇ ਨਿਤਨੇਮ ਹੁੰਦਾ
ਵਿਚਾਰ ਹੁੰਦੀ ਫਿਰ ਯਾਤਰਾ ਨਿੱਤ ਦੀ ਤੇ
ਵਿਹਲੇ ਸਮੇਂ ਨੂੰ ਸਫਲ ਬਨਾਉਣ ਖਾਤਿਰ
ਗੁਰਮਤਿ ਟ੍ਰੈਕਟ ਸੀ ਸੀਟ ਹਰ ਇਕ ਦੀ ਤੇ
ਗੁਰਮਤਿ ਕਲਾਸ ਫਿਰ ਵਿਚ ਹੀ ਲੱਗ ਜਾਂਦੀ
ਉਸਾਰੂ ਸੋਚ ਵਿਚਾਰ ਜੋ ਦਿੱਖ ਦੀ ਤੇ।

ਰਸਤੇ ਵਿਚ ਇਤਿਹਾਸਕ ਗੁਰਧਾਮ ਜਿਹੜੇ
ਮੱਥਾ ਟੇਕ ਇਤਿਹਾਸ ਵਿਚਾਰਿਆ ਸੀ
ਜੋ ਜੋ ਸਿੱਖਦੇ ਗਏ ਸਤਸੰਗਤ ਵਿਚੋਂ
ਨੋਟ ਬੁੱਕਾਂ ਵਿਚ ਲਿਖ ਸ਼ਿੰਗਾਰਿਆ ਸੀ
ਪੜ੍ਹਾਅ ਰਾਤ ਦਾ ਜਿਥੇ ਵੀ ਹੋਂਵਦਾ ਸੀ
ਕੀਰਤਨ ਚੌਂਕੀ ਦੇ ਨਾਲ ਸਤਿਕਾਰਿਆ ਸੀ
ਜੋ ਜੋ ਦੇਖਦੇ, ਪੜ੍ਹਦੇ ਤੇ ਯਾਦ ਕਰਦੇ
ਕੁਇਜ਼-ਮੁਕਾਬਲਿਆਂ ਰਾਹੀਂ ਚਿਤਾਰਿਆ ਸੀ।

ਸਟੱਡੀ ਸਰਕਲ ਦਸਮੇਸ਼ ਦੇ ਨਾਮ ਤੇ ਜੋ
ਕੀਰਿਆ ਉਹਨਾਂ ਦਾ ਸੋਹਣਾ ਪ੍ਰਬੰਧ ਸੀ ਇਹ।
ਰਿਸ਼ਤੇ ਖ਼ੂਨ ਦੇ ਨਾਲੋਂ ਤਾਂ ਕਿਤੇ ਵਧ ਕੇ
ਬਖਸ਼ਿਆ ਗੁਰੂ ਦਾ ਸਿੱਖੀ ਸਬੰਧ ਸੀ ਇਹ।
ਤਿੰਨ ਦਿਨ ਅਤੇ ਤਿੰਨ ਰਾਤਾਂ ਵਾਲੇ
ਟੂਰ ਵਿਚ ਤਿੰਨ ਸ਼ਬਦ ਪਾਬੰਦ ਸੀ ਇਹ।
ਵੀਰ, ਭੈਣ ਜੀ ਜਾਂ ਫਿਰ ਵਾਹਿਗੁਰੂ ਜੀ
ਕੇਹਾ ਸੰਗਤ ਦਾ ਅਸਰ ਪ੍ਰਚੰਡ ਸੀ ਇਹ।

ਅੰਮ੍ਰਿਤ ਵਰਖਾ ਜੋ ਅੱਜ ਤਕ ਤੱਕੀ ਨਾ ਸੀ
ਮੇਰੇ ਝੁਲਸੇ ਦਿਮਾਗ਼ ਤੇ ਰਹੀ ਵਰਦੀ।
ਕਿਣਕੇ ਬਣ ਬਣ ਸਮਾਉਂਦੀ ਹੀ ਜਾ ਰਹੀ ਸੀ
ਅਜਬ ਸ਼ਾਂਤੀ ਜੋ ਜਾਪੇ ਅਣਡਿੱਠੇ ਘਰ ਦੀ।
ਰਹੇ ਬੈਠੇ ਅੰਦਰ ਜਾਂ ਫਿਰ ਦੂਰ ਘੁੰਮਦੇ
ਕਦੋਂ ਚਲਦੀ ਤੇ ਕਦੋਂ ਸੀ ਬਸ ਖੜਦੀ।
ਤਿੰਨ ਦਿਨ ਤਿੰਨ ਰਾਤਾਂ ਕਿੰਝ ਖ਼ਤਮ ਹੋ ਗਏ
ਸੁਪਨੇ ਵਾਲੀ ਗੱਲ ਸੋਚ ਵੀ ਨਹੀਂ ਫੜਦੀ।

ਮਨੁੱਖ ਦੇਖਦਾ ਜਦੋਂ ਅਣਗਿਣਤ ਸੁਪਨੇ
ਰਹਿੰਦੀ ਹਰ ਗੱਲ ਘਟ ਹੀ ਯਾਦ ਦੇ ਵਿਚ
ਇਕ ਦਿਨ ਘੁੰਮਦੇ ਪਰੀਆਂ ਦੇ ਦੇਸ਼ ਪੁੱਜੇ
ਗੱਲ ਧੁੰਦਲੀ ਜਿਹੀ ਆਵੇ ਦਿਮਾਗ਼ ਦੇ ਵਿਚ
ਜੂਨਾਂ ਵਿਚ ਆਈਆਂ, ਅਜੂਨੀ ਦੇ ਅੱਗੇ
ਜਾਪਣ ਖੜੀਆਂ ਕਿਸੇ ਫਰਿਆਦ ਦੇ ਵਿਚ
ਨਿੱਕੀਆਂ ਨਿੱਕੀਆਂ ਪਰੀਆਂ ਨਿੱਕੇ ਹੱਥ ਜੋੜੇ
ਸਭੇ ਦੇਖਦੇ ਰਹੇ ਵਿਸਮਾਦ ਦੇ ਵਿਚ।

ਉਹਦੀ ਕੁਦਰਤ ਦੇ ਰੰਗ ਕੋਈ ਕਿਵੇਂ ਦੇਖੇ
ਬਣ ਕੇ ਰਹਿੰਦਾ ਜੋ ਡੱਡੂ ਖਵਾਜੇ ਵਾਲਾ
ਮੇਰੇ ਸਾਥੀ ਤੇ ਪਰੀਆਂ ਦੇ ਸੁਰ ਮਿਲਗੇ
ਸੰਗੀਤ ਉਠਿਆ ਜੋ ਜੋੜੀ ਤੇ ਵਾਜੇ ਵਾਲਾ
ਇਹ ਪਰੀਆਂ ਭੁਲੇਖਾ ਜਿਹਾ ਪਾਉਂਦੀਆਂ ਸੀ
ਦ੍ਰਿਸ਼ ਦੱਸਾਂ ਜੇ ਸਮਝੋ ਅੰਦਾਜ਼ੇ ਵਾਲਾ
ਸੁਣੀਆਂ ਬਚਪਨ ਵਿਚ ਰਾਤਾਂ ਨੂੰ ਬਾਤਾਂ ਵਿਚਲੇ
ਅਖਾਉਤੀ ਸਵਰਗਾਂ ਦੇ ਕਲਪਿਤ ਦਰਵਾਜ਼ੇ ਵਾਲਾ।

ਸੁਧ-ਬੁਧ ਖੋ ਕੇ, ਚਕਾਚੌਂਧੀ ਅੱਗੇ
ਜਾਪਣ ਹਸਰਤੀ ਨੈਣ ਤਿਰਹਾਏ ਮੇਰੇ
ਆਪਣਾ ਆਪ ਮੈਨੂੰ ਜਾਪਿਆ ਰਾਕਸ਼ ਉਸ ਦਿਨ
ਅਰਥ ਮਨੁੱਖ ਦੇ ਸਮਝ ਜਦ ਆਏ ਮੇਰੇ
ਕਾਮ, ਕ੍ਰੋਧ ਤੇ ਲੋਭ, ਮੋਹ ਜਾਪਣ
ਨਾਲ ਹੰਕਾਰ ਦੇ ਅੰਦਰ ਸਮਾਏ ਮੇਰੇ
ਹਉਮੈ, ਝੂਠ, ਨਿੰਦਿਆ, ਚੁਗਲੀ, ਈਰਖਾ ਵੀ
ਜਾਪੇ ਸਾਰੇ ਹੀ ਫੇਰ ਹਮਸਾਏ ਮੇਰੇ।

ਫਿਰ ਅਹਿਸਾਸ ਹੋਇਆ, ਬਾਲ ਕਹਾਣੀਆਂ ਵਾਂਗ
ਰਾਕਸ਼ ਚਿਹਰੇ ਨਾ ਕੋਈ ਡਰਾਵਣੇ ਨੇ
ਸਗੋਂ ਰਾਕਸ਼ ਤਾਂ ਹੁੰਦੀ ਏ ਬੁੱਧ ਸਾਡੀ
ਕਿੰਤੂ ਪਿਤਾ ਤੇ ਜਦੋਂ ਪ੍ਰਗਟਾਵਣੇ ਨੇ
ਚੁੜੇਲਾਂ, ਭੂਤ ਸਾਰੇ ਦਿਓ, ਜਿੰਨ ਜਿੰਨੇ
ਵਿਸ਼ੇ ਵਿਕਾਰ ਹੀ ਸਮਝ ਵਿਚ ਆਵਣੇ ਨੇ
ਕਾਬੂ ਇਹਨਾਂ ਵਿਕਾਰਾਂ ਤੇ ਜਿੰਨਾ ਪਾਇਆ
ਉਹੀ ਦੇਵਤੇ ਫੇਰ ਕਹਿਲਾਵਣੇ ਨੇ।

ਸਵਰਗ ਨਰਕ ਦੀਆਂ ਕਲਪਿਤ ਕਹਾਣੀਆਂ ਵਾਂਗ
ਪੁੰਨ ਏਨਾ ਹੀ ਮੇਰਾ ਸੀ ਕੀਤਾ ਹੋਇਆ
ਓਨਾ ਬਣਦਾ ਸਵਰਗ ਮੈਂ ਭੋਗ ਲਿਆ ਸੀ
ਭਾਵੇਂ ਬੈਠਾ ਸੀ ਅਜੇ ਬਦਨੀਤਾ ਹੋਇਆ
ਉਹਨਾਂ ਨੰਨ੍ਹੀਆਂ ਪਰੀਆਂ ਦੇ ਦੇਸ਼ ਵਿਚੋਂ
ਮੁੜਦਿਆਂ ਘੁਟ ਸੀ ਸਬਰ ਦਾ ਪੀਤਾ ਹੋਇਆ
ਇਕ ਖੋਹ ਜਿਹੀ ਪੈਂਦੀ ਸੀ ਕਾਲਜੇ ਤੇ
ਮੁੜ ਰਿਹਾ ਸੀ ਦਰਦ ਵਿਚ ਸੀਤਾ ਹੋਇਆ।

ਦਰਦਨਾਸ਼ਕ ਦਵਾਈ ਦਾ ਕੰਮ ਫਿਰ ਤਾਂ
ਉਹਨਾਂ ਸੱਜਣਾਂ ਦਾ ਘੇਰਾ ਕਰ ਰਿਹਾ ਸੀ
ਬਣ ਚੁੱਕੇ ਸਨ ਭੈਣ ਭਰਾ ਜਿਹੜੇ
ਰੰਗ ਗੁਰੂ ਦੀ ਮੱਤਿ ਦਾ ਚੜ੍ਹ ਰਿਹਾ ਸੀ
ਰਿਸ਼ਤੇ ਖ਼ੂਨ ਦੇ ਨਾਲੋਂ ਤੇ ਕਿਤੇ ਉੱਤੇ
ਰਿਸ਼ਤਾ ਸਿੱਖੀ ਦਾ ਜ਼ਿਹਨ ਵਿਚ ਬੜ ਰਿਹਾ ਸੀ
ਦੁਨਿਆਵੀ ਜੱਗ ਦੀਆਂ ਗੱਲਾਂ ਨੂੰ ਭੁਲ ਕੇ ਤੇ
ਹਰ ਕੋਈ ਬਾਣੀ ਨਿਰੰਕਾਰ ਦੀ ਪੜ੍ਹ ਰਿਹਾ ਸੀ।

ਇਕੋ ਛਿਨ ਵਿਚ ਅਲੋਪ ਸੀ ਸਭ ਹੋਇਆ
ਜਦੋਂ ਖੁਲੀ ਸੀ ਸੁਪਨੇ ਤੋਂ ਅੱਖ ਮੇਰੀ
ਧੜਕਣ ਦਿਲ ਦੀ ਬੜੀ ਸੀ ਤੇਜ਼ ਹੋਈ
ਤੇ ਬੇਚੈਨੀ ਜਿਹੀ ਵਧੀ ਸੀ ਵੱਖ ਮੇਰੀ
ਖਿਡਾਉਣਾ ਦੇ ਕੇ ਬੱਚੇ ਨੂੰ ਖੋਹਣ ਵਾਲੀ
ਜਾਪੀ ਹਾਲਤ ਸੀ ਮੈਨੂੰ ਪ੍ਰਤੱਖ ਮੇਰੀ
ਅੱਖਾਂ ਮੀਚ ਮੁੜ ਸੁਪਨੇ ਵਿਚ ਜਾਣ ਵਾਲੀ
ਫੇਲ੍ਹ ਕੋਸ਼ਿਸ਼ ਸੀ ਹੋਈ ਫਿਰ ਲੱਖ ਮੇਰੀ।

ਭਾਵੇਂ ਸੁਪਨਾ ਤੇ ਭਾਵੇਂ ਹਕੀਕਤ ਹੋਵੇ
ਫਿਰ ਮੈਂ ਸੋਚਿਆ ਡੂੰਘੇ ਵਿਸ਼ਵਾਸ ਦੇ ਵਿਚ
ਮੰਗਣ ਭਲਾ ਸਰਬਤ ਦਾ ਜੋ ਕੇਵਲ
ਰਲਜਾਂ ਉਹਨਾਂ ਦੀ ਇਸੇ ਅਰਦਾਸ ਦੇ ਵਿਚ
ਸੰਗਤ ਮੁੜ ਜੇ ਇਦਾਂ ਦੀ ਮਿਲੇ ਮੈਨੂੰ
ਵਸਦਾ ਦਿਖੇ ਉਹ ਸਾਸ-ਗਿਰਾਸ ਦੇ ਵਿਚ
ਪਿਆਰੇ ਮਿਲਣ ਜੇ ਮਿਲਣ ਤਾਂ ਸੋਈ ਮੈਨੂੰ
ਮਿਲਿਆਂ ਨਾਮ ਚਿੱਤ ਆਵੇ ਰਹਾਂ ਆਸ ਦੇ ਵਿਚ।

ਐ ਘੁੰਮਣ-ਘੁਮਾਣ ਦੇ ਚਾਹਵਾਨੋ
ਅੰਤਰ ਸੰਗਤ-ਕੁਸੰਗਤ ਦਾ ਪਾ ਜਾਈਏ।
ਭਓ ਇਕ ਉਤਾਰਦੀ ਦੋ ਚਾੜ੍ਹੇ
ਮਾੜੀ ਸੰਗਤ ਨਾਲ ਘੁੰਮਣ ਲਈ ਨਾ ਜਾਈਏ।
ਬਹਾਨਾ ਟੂਰ ਦਾ ਬਣੇ ਜੇ ਸਤ ਸੰਗਤ
ਐਸੀ ਸੰਗਤ ਨੂੰ ਸਦਾ ਅਪਣਾ ਜਾਈਏ।
ਜੇਕਰ ਜਾਈਏ ਇਤਿਹਾਸਕ ਗੁਰਦੁਆਰਿਆਂ ਨੂੰ
ਇਤਿਹਾਸ ਜਾਣ ਫਿਰ ਹੁਕਮ ਵਿਚ ਆ ਜਾਈਏ।
ਨਾਮ ਰੂਪੀ ਹੀ ਤੀਰਥ ਦੀ ਗੱਲ ਕਰੀਏ
ਮੌਕਾ ਮਿਲਣ ਤੇ ਗੋਤਾ ਤਾਂ ਲਾ ਜਾਈਏ।

# ਕੁਝ ਕਰ

ਬੰਦਗੀ ਨੂੰ ਪਹਿਲ ਦੇ
ਜ਼ਿੰਦਗੀ ਨੂੰ ਪਿਆਰ ਕਰ।
ਬੰਦਗੀ ਦਾ ਜ਼ਿੰਦਗੀ ਦੇ
ਨਾਲ ਇਕਰਾਰ ਕਰ।

ਹੈਵਾਨੀਅਤ ਤੋਂ ਦੂਰ ਜਾ।
ਇਨਸਾਨੀਅਤ ਦੇ ਕੋਲ ਆ।
ਮੰਜ਼ਿਲ ਉਡੀਕੇ ਤੈਨੂੰ,
ਕੁਝ ਤਾਂ ਵਿਚਾਰ ਕਰ।

ਭੈੜੇ ਛੱਡ ਕਾਰਿਆਂ ਨੂੰ।
ਲਾਲਚਾਂ ਤੇ ਲਾਰਿਆਂ ਨੂੰ।
ਤ੍ਰਿਸ਼ਨਾ ਦੀ ਨਦੀ ਵਿਚੋਂ,
ਦਿਲ ਨੂੰ ਤੂੰ ਪਾਰ ਕਰ।

ਦੁਨੀਆਂ ਦੇ ਕੰਮ ਆ।
ਦੁਖੀਆਂ ਦੇ ਗ਼ਮ ਖਾ।
ਡਿੱਗੇ ਇਨਸਾਨ ਉਤੇ,
ਭੁਲ ਕੇ ਨਾ ਵਾਰ ਕਰ।

ਸਮੇਂ ਕੋਲੋਂ ਅਗੇ ਲੰਘ।
ਵਹਿਮ ਭਰਮ ਛਿਕੇ ਟੰਗ।
ਨੇਕੀ ਵਾਲੇ ਕੰਮ ਮਨਾ
ਚਾਹੇ ਬੇਸ਼ੁਮਾਰ ਕਰ।

ਪਾਪਾਂ ਕੋਲੋਂ ਦੂਜ ਭੱਜ।
ਪੁੰਨਾਂ ਕੋਲ ਆਣ ਗੱਜ।
ਭੈੜਿਆਂ ਕੰਮਾਂ ਤੋਂ ਸਦਾ
ਆਪਾ ਖ਼ਬਰਦਾਰ ਕਰ।

ਦੇਖੀਂ ਐਵੇਂ ਡਰੀ ਨਾ ਤੂੰ।
ਮੌਤ ਦੇਖ ਮਰੀ ਨਾ ਤੂੰ।
ਮਿਹਨਤਾਂ ਮੁਸ਼ੱਕਤਾਂ ਨਾਲ,
ਸੁਪਨੇ ਸਾਕਾਰ ਕਰ।

ਝੂਠ ਕੋਲੋਂ ਦੂਰ ਰਹੁ।
ਸੱਚ ਨੂੰ ਜ਼ਰੂਰ ਕਹੁ।
ਦੁਖੀ ਮਜ਼ਲੂਮਾਂ ਲਈ
ਇਨਸਾਫ਼ ਦੀ ਪੁਕਾਰ ਕਰ।

ਛੱਡ ਦੇ ਤੂੰ ਚੋਰੀ ਯਾਰੀ।
ਧੋਖੇ ਠੱਗੀ ਦੀ ਬਿਮਾਰੀ।
ਨਿੰਦਿਆ ਤੇ ਚੁਗਲੀ ਤੇ
ਸਤ ਵਾਲੀ ਮਾਰ ਕਰ।

ਰੱਬ ਅੱਗੇ ਹੱਥ ਬੰਨ੍ਹ।
ਪੁੱਠੇ ਕੰਮੋਂ ਦਿਲ ਥੰਮ।
ਦਿਲ ਤੇ ਦਿਮਾਗ਼ ਦੀਆਂ
ਅੱਖੀਆਂ ਨੂੰ ਚਾਰ ਕਰ।

ਹੱਥ ਰੱਖ ਕਾਰ ਵੱਲ।
ਦਿਲ ਰੱਖ ਯਾਰ ਵੱਲ।
ਮਸਾਂ ਮਿਲੀ ਜ਼ਿੰਦਗੀ ਨੂੰ
ਐਵੇਂ ਨਾ ਖੁਆਰ ਕਰ।

ਕਾਮ ਕਰੋਧ ਲੋਭ ਮੋਹ।
ਹੰਕਾਰ ਕੋਲੋਂ ਦੂਰ ਹੋ।
ਵਿਸ਼ਿਆਂ ਵਿਕਾਰਾਂ ਉਤੇ
ਨਾਮ ਦੀ ਫੁਹਾਰ ਕਰ।

# ਪਰ—ਉਪਕਾਰ

ਇਕ ਫ਼ਕੀਰ ਤੇ ਇਕ ਸ਼ਗਿਰਦ ਉਸਦਾ
ਕਿਸੇ ਰਸਤੇ ਤੇ ਕਿਤੇ ਨੂੰ ਜਾ ਰਹੇ ਸੀ
ਇਕ ਛੱਪੜ ਦੇ ਕੋਲ ਦੀ ਜਦੋਂ ਲੰਘੇ
ਡਿੱਗ ਕੇ 'ਠੂਹਾਂ ਜੀ' ਗੋਤਾ ਜਿਹਾ ਖਾ ਰਹੇ ਸੀ।

ਫ਼ਕੀਰ ਸੁਭਾਅ ਦਾ ਬੜਾ ਸੀ ਨੇਕ ਬੰਦਾ
ਦਿਆ ਕਾਰਨ ਉਹ ਠੂਹੇਂ ਨੂੰ ਕੱਢਣ ਲੱਗਾ
ਹੱਥ ਜਦੋਂ ਉਸ ਪਾਣੀ ਦੇ ਵਿਚ ਪਾਇਆ
ਠੂਹਾਂ ਉਸੇ ਤੇ ਦੰਦੀਆਂ ਵੱਢਣ ਲੱਗਾ।

ਕੱਟਣ ਕਾਰਣ ਜੋ ਹੱਥ ਤੇ ਪੀੜ ਹੁੰਦੀ
ਸੀ ਠੂਹਾਂ ਫ਼ਕੀਰ ਤੋਂ ਛੁੱਟ ਜਾਂਦਾ
ਬਾਰ ਬਾਰ ਫਿਰ ਠੂਹੇ ਤੋਂ ਡੰਗ ਖਾ ਕੇ
ਫ਼ਕੀਰ ਕੱਢਣ ਲਈ ਮੁੜ ਸੀ ਜੁੱਟ ਜਾਂਦਾ।

ਗੱਲ ਸਾਰੀ ਜੋ ਤਕੀ ਸ਼ਗਿਰਦ ਉਸਦੇ
ਹੱਥ ਜੋੜ ਫ਼ਕੀਰ ਨੂੰ ਕਹਿਣ ਲੱਗਾ
ਡੰਗ ਮਾਰਨਾ ਉਸਦਾ ਸੁਭਾ ਬਣਿਆ
ਕਾਹਤੋਂ ਬਾਬਾ ਮੁਸੀਬਤ ਵਿਚ ਪਇਣ ਲੱਗਾ।

ਉਸਤਾਦ ਆਖਿਆ ਮੇਰੇ ਸ਼ਗਿਰਦ ਬੇਟੇ
ਪਿੱਠ ਕਰੋ ਨਾ ਕਦੇ ਸੱਚਾਈ ਕੋਲੋਂ
ਜੇਕਰ ਬੁਰਾ ਬੁਰਾਈ ਤੋਂ ਨਹੀਂ ਹਟਦਾ
ਚੰਗਾ ਕਾਸਤੋਂ ਹਟੇ ਚੰਗਿਆਈ ਕੋਲੋਂ।

ਉਸੇ ਰਸਤੇ ਫ਼ਕੀਰ ਤੇ ਓਹੀ ਚੇਲਾ
ਉਸੇ ਛਪੜੀ ਕੋਲੋਂ ਫੇਰ ਜਾਣ ਲੱਗੇ
ਉਹੀ 'ਠੂਹਾਂ ਜੀ' ਉਸੇ ਹੀ ਚਾਲ ਕਾਰਣ
ਜਾਣ ਬੁਝ ਕੇ ਡੁਬਕੀਆਂ ਲਾਣ ਲੱਗੇ।

ਫ਼ਕੀਰ ਵਧਿਆ ਜਦ ਉਸੇ ਉਦੇਸ਼ ਕਾਰਣ
ਐਪਰ ਚੇਲੇ ਨੇ ਉਹਨੂੰ ਹਟਾ ਦਿੱਤਾ
ਏਸੇ ਲਈ ਦਸਤਾਨਾ ਜੋ ਸੀ ਲਿਆਇਆ
ਉਹਨੇ ਫਕੀਰ ਦੇ ਹੱਥ ਪੁਆ ਦਿੱਤਾ।

ਹਰ ਸੰਭਾਵੀ ਖਤਰੇ ਤੋਂ ਮੁਕਤ ਹੋ ਕੇ
ਠੂਹਾਂ ਕੱਢ ਫਕੀਰ ਨੇ ਬਾਹਰ ਧਰਿਆ
ਦੋਹਾਂ ਪਾਸਿਆਂ ਤੋਂ ਛਿੰਝ ਰਹਿ ਸੱਚਾ
ਸਿਆਣਪ ਵਰਤ ਉਸ ਪਰਉਪਕਾਰ ਕਰਿਆ।

ਨੰਗੇ ਹੱਥ ਦੇ ਨਾਲ ਤਾਂ ਵਾਂਗ ਪਹਿਲਾਂ
ਸਫ਼ਲ ਕਦੇ ਨਹੀਂ ਉਹ ਸੀ ਹੋ ਸਕਦਾ
ਪਰਉਪਕਾਰ ਤਾਂ ਬਣਨੀ ਸੀ ਦੂਰ ਦੀ ਗੱਲ
ਸੀ ਉਹ ਜਾਨ ਤੋਂ ਹੱਥ ਵੀ ਧੋ ਸਕਦਾ।

ਠੂਹੇਂ ਰੂਪੀ ਏਸ ਸੰਸਾਰ ਅੰਦਰ
ਪਰਉਪਕਾਰ ਦੀ ਭਾਵਨਾ ਜੇ ਹੋਵੇ
ਸਿਆਣਪ ਰੂਪੀ ਦਸਤਾਨੇ ਨੂੰ ਕੋਲ ਰੱਖੋ
ਧਰਮ ਕਮਾਉਣ ਦੀ ਕਾਮਨਾ ਜੇ ਹੋਵੇ।

ਗੱਲ ਕਰਨ ਅਸੂਲ ਦੀ ਜੋ ਕੇਵਲ
ਲਾਗੂ ਕਿਵੇਂ ਕਰਨਾ ਇਹ ਜਾਣਦੇ ਨਾ
ਸਿਆਣਪ ਬਾਝ ਨਾ ਸਫ਼ਲ ਉਹ ਕਦੇ ਹੁੰਦੇ
ਜਿੱਤ ਕਦੇ ਉਹ ਮਕਸਦ ਵਿਚ ਮਾਣਦੇ ਨਾ।

ਤੇਜ਼ ਗਤੀ ਦੇ ਏਸ ਜ਼ਮਾਨੇ ਅੰਦਰ
ਜੇਕਰ ਧਰਮ ਦੀ ਗੱਲ ਪੁਚਾਵਣੀ ਏਂ
ਨੀਤੀ ਵਰਤ ਹੀ 'ਠੂਹੇਂ' ਦੀ ਕਰੋ ਸੇਵਾ
ਗੱਲ ਏਹੋ ਹੀ ਗੁਰੂ ਨੂੰ ਭਾਵਣੀ ਏਂ।

❖❖❖❖❖

# ਰੁਬਾਈਆਂ

## ਪਹੁੰਚ

ਚੰਦ ਕੋਲ ਪੁੱਜ ਗਿਆ
ਅਸਮਾਨ ਕੋਲ ਪੁੱਜ ਗਿਆ।
ਦੁਨੀਆਂ ਦੀ ਹਰ ਚੀਜ਼ ਦੇ
ਇਨਸਾਨ ਕੋਲ ਪੁੱਜ ਗਿਆ।
ਪਰ ਕਿਸਮਤ ਬਦਲੇਗੀ
ਉਸ ਵੇਲੇ ਜੱਗ ਦੀ,
ਜਦ ਕਿਤੇ ਆਦਮੀ
ਭਗਵਾਨ ਕੋਲ ਪੁੱਜ ਗਿਆ।

## ਵਤਨ

ਪੁੱਤ ਸਪੁੱਤੀ ਕੰਤ ਸੁਹਾਗਣ
ਨਾਰੀ ਮੇਰੇ ਵਤਨਾਂ ਦੀ।
ਪ੍ਰੇਮ ਗਲੀ ਸਿਰ ਤਲੀ ਤੇ ਧਰਦੀ
ਯਾਰੀ ਮੇਰੇ ਵਤਨਾਂ ਦੀ।
ਦੁਨੀਆਂ ਫਿਰਦੀ ਮੋਤੀ ਲਭਦੀ
ਡੂੰਘੇ ਸਤ ਸਮੁੰਦਰਾਂ 'ਚੋਂ,
ਮਨ 'ਚੋਂ ਹੋ ਕੇ ਰੱਬ ਤੱਕ ਪੁੱਜੀ
ਤਾਰੀ ਮੇਰੇ ਵਤਨਾਂ ਦੀ।

## ਨਾਕਾਮੀਅਤ

ਇੰਤਕਾਮ ਨੂੰ ਰੋਕਣ ਲਈ
ਇੰਤਕਾਮ ਹੁੰਦੇ ਦੇਖੇ ਨੇ।
ਕਤਲਾਂ ਨੂੰ ਰੋਕਣ ਲਈ
ਕਤਲਿਆਮ ਹੁੰਦੇ ਦੇਖੇ ਨੇ।
ਲਾਉਂਦੇ ਹਨ ਜੋ ਨਾਅਰਾ
ਵਕਤ ਦੀ ਨਜ਼ਾਕਤ ਦਾ,
ਵਕਤ ਫੜਨ ਦੀ ਕੋਸ਼ਿਸ਼ ਵਿਚ
ਨਾਕਾਮ ਹੁੰਦੇ ਦੇਖੇ ਨੇ।

## ਅਨੋਖਾ ਸਾਥੀ

ਰਾਹੀ ਦੀ ਜੁੱਤੀ ਵਿਚ ਲੱਗ ਕੇ
ਕੰਢੇ ਅਰਜ਼ ਗੁਜ਼ਾਰੀ।
"ਮੈਂ ਤੇਰਾ ਮਹਿਮਾਨ ਵੇ ਦੋ ਪਲ
ਨਾ ਮੈਨੂੰ ਦੁਰਕਾਰੀਂ।
ਤੂੰ ਵੀ ਰਾਹੀ, ਮੈਂ ਵੀ ਰਾਹੀ
ਵਖਰਾ ਤੁਰਨ ਵਸੀਲਾ,
ਕੁਝ ਪਲ ਸਫਰ ਤੇਰੇ ਨਾਲ ਕਰਨਾ
ਲਾ ਚਰਨਾਂ ਸੰਗ ਯਾਰੀ"।

## ਅਨੋਖਾ ਜੀਵ

ਲੱਖ ਚੁਰਾਸੀ ਜੀਵ ਬਣਾਉਂਦੇ
ਰੱਬ ਦੇ ਦਿਲ ਕੁਝ ਆਇਆ।
ਸੋਚ ਸਮਝ ਕੇ ਸਭ ਤੋਂ ਸਿਆਣਾ
ਉਸ ਇਕ ਜੀਵ ਬਣਾਇਆ।
ਹੋਰ ਜੀਵ ਤਾਂ ਪੇਟ ਭਰਨ ਲਈ
ਇਕ ਦੂਜੇ ਨੂੰ ਖਾਂਦੇ,
ਪਰ ਇਸ ਜੀਵ ਸਵਾਰਥ ਖਾਤਿਰ
ਸਭ ਨੂੰ ਮਾਰ ਮੁਕਾਇਆ।

## ਧਰਤੀ ਦੁਆਲੇ ਘੇਰਾ

ਗਿਰਝਾਂ ਉਡੀਆਂ, ਘੇਰਾ ਬੰਨਿਆ
ਮੁਕਦਾ ਨਜ਼ਰ ਨਾ ਆਵੇ।
ਜਦ ਮੈਂ ਪੁਛਿਆ ਦਸਣ ਲੱਗੀਆਂ
ਭਰ ਕੇ ਹੋਕੇ ਹਾਵੇ।
"ਇਕ ਮਰਦਾ ਤਾਂ ਭੋਜਨ ਬਣਦਾ
ਪਰ ਹੈ ਖੇਡ ਅਨੋਖੀ,
ਮਰਿਆ ਨਹੀਂ, ਪਰ ਮਰਨ ਕਿਨਾਰੇ
ਜੱਗ ਹੀ ਡੋਲੇ ਖਾਵੇ"।

## ਭਟਕਣ

ਕਿਸ ਨੇ ਪਾਇਆ ਜੀਣ ਦਾ ਚਸਕਾ
ਨਾ ਮੈਂ ਉਸਨੂੰ ਜਾਣਾ,
ਕਿਸ ਨੇ ਦਸਿਆ ਰਾਹ ਮੰਜ਼ਿਲ ਦਾ
ਨਾ ਉਸਨੂੰ ਪਹਿਚਾਣਾ।
ਜਿਸ ਨੇ ਮੈਨੂੰ ਬਾਹੋਂ ਫੜ ਕੇ
ਮੰਜ਼ਿਲ ਸੀ ਦਿਖਲਾਈ,
ਆਖਿਰ ਉਹ ਵੀ ਭੌਂਦਾ ਮਿਲਿਆ
ਰਸਤੇ ਤੋਂ ਅਣਜਾਣਾ।

## ਹਕੀਕਤ

ਹੋਸ਼ ਵਿਚ ਦੇਸ਼ੋਂ ਨਿਕਾਲਾ ਆਖ ਕੇ
ਖ਼ਾਬ ਵਿਚ ਵਤਨਾਂ ਨੇ ਦਿੱਤੀ ਜ਼ਿੰਦਗੀ।
ਯਾਰ ਨੇ ਕੱਖਾਂ ਦਾ ਭਾੜਾ ਲੈ ਲਿਆ
ਗ਼ੈਰ ਦੇ ਰਤਨਾਂ ਨੇ ਦਿੱਤੀ ਜ਼ਿੰਦਗੀ।
ਜਿੱਤ ਕੇ ਮੰਜ਼ਿਲ ਪਿਛਾਹਾਂ ਛੁੱਟ ਗਈ
ਹਾਰ ਤੇ ਪਤਨਾਂ ਨੇ ਦਿੱਤੀ ਜ਼ਿੰਦਗੀ।
ਪਾਣ ਦੀ ਚਾਹਤ ਨੇ ਸਭ ਕੁਝ ਖੋਹ ਲਿਆ
ਮੌਤ ਦੇ ਯਤਨਾਂ ਨੇ ਦਿੱਤੀ ਜ਼ਿੰਦਗੀ।

## ਵਖੋ ਵਖਰੇ

ਉਹ ਇੱਕੋ ਉਹਦੇ ਨਾਮ ਬਥੇਰੇ
ਰੱਬ, ਰਹੀਮ ਤੇ ਰਾਮ ਵੀ ਉਸਦਾ।
ਸਭ ਥਾਈਂ ਉਸੇ ਦਾ ਜਲਵਾ
ਗੀਤਾ, ਗ੍ਰੰਥ, ਕੁਰਾਨ ਵੀ ਉਸਦਾ।
ਉਸੇ ਦੀ ਸੰਤਾਨ ਨੇ ਆਕੇ
ਜੱਗ ਵੀ ਵੰਡਿਆ, ਰੱਬ ਵੀ ਵੰਡਿਆ,
"ਨਾ ਕੋਈ ਵੈਰੀ ਨਾਹੀਂ ਬੇਗਾਨਾ"
ਸਭ ਤਾਈਂ ਫੁਰਮਾਨ ਵੀ ਉਸਦਾ।

## ਮਾਣ

ਜੇ ਕਿਸੇ ਨੂੰ ਕਿਸੇ ਦੀ ਚਾਹ ਹੋਵੇ
ਉਹਦੀ ਮਿਲਣ ਦੀ ਰੀਝ ਨਹੀਂ ਮੁੱਕ ਸਕਦੀ।
ਪਾਣੀ ਲਗੇ ਜੇ ਵੇਲ ਨੂੰ ਧਰਮ ਵਾਲਾ
ਅਜਿਹੀ ਵੇਲ ਕਦੇ ਨਹੀਂ ਸੁੱਕ ਸਕਦੀ।
ਹੋਵੇ ਕਿੰਨਾ ਹੀ ਝੂਠ ਦਾ ਬੋਲ ਬਾਲਾ
ਪਰ ਸਚਾਈ ਤਾਂ ਕਦੇ ਨਹੀਂ ਛੁੱਪ ਸਕਦੀ।
ਜਿਸ ਧੌਣ ਤੇ ਅਣਖ ਦਾ ਲੇਪ ਚੜ੍ਹਿਆ
ਉਹ ਤਾਂ ਕਿਸੇ ਅਗੇ ਨਹੀਂ ਝੁੱਕ ਸਕਦੀ।

## ਦੁੱਖ ਦਾਰੂ

ਹਾਕਾਂ ਮਾਰ ਸੁੱਖਾਂ ਨੂੰ ਥੱਕਿਆ
ਸੁਣੀਂ ਕਿਸੇ ਨਾ ਰੁਕ ਕੇ।
'ਵਾਜ ਕੰਨਾਂ ਵਿਚ ਦੁਖ ਦੇ ਪੈਗੀ
ਆਖਣ ਲੱਗਾ ਝੁਕ ਕੇ।
'ਜੋ ਸੁਖਾਂ ਨੂੰ ਪਾ ਕੇ ਲੋਕੀਂ
ਸਾਨੂੰ ਨੇ ਭੁਲ ਜਾਂਦੇ,
ਓਹੀ ਸੁਖ ਮੰਜ਼ਿਲ ਤੇਰੀ ਤੋਂ,
ਦੂਰ ਲਜਾਂਦੇ ਚੁੱਕ ਤੇ।

## ਅਨੋਖੀ ਅੱਗ

ਐ ਦਾਤਾ ਅੱਜ ਮਾਸ ਸੜਨ ਦੀ
'ਬੂ ਦੁਨੀਆਂ 'ਚੋਂ ਉੱਠੀ।
ਕਾਵਾਂ ਗਿਰਝਾਂ ਘੇਰਾ ਪਾਇਆ
ਕੇਹੀ ਕਿਸਮਤ ਰੁੱਠੀ।
ਤੇਰੇ ਲੋਕਾਂ, ਤੇਰੇ ਜੱਗ ਤੇ
ਐਸੀ ਅਗਨੀ ਲਾਈ,
ਸਿਰ ਤੋਂ ਚਲ ਪੈਰਾਂ ਤਕ ਪੁਜਦੀ
ਮੁੜ ਤੁਰ ਪੈਂਦੀ ਪੁੱਠੀ।

## ਹੁਸੀਨ ਮੌਤ

ਰੋਂਦੇ ਰੋਂਦੇ ਰੋਣਾ ਛੱਡ ਕੇ
ਗੱਲ ਮੈਂ ਇਕ ਵਿਚਾਰੀ।
ਜਿਸ ਹਾਸੇ ਤੋਂ ਕੰਨੀ ਮੋੜੀ
ਉਸ ਰੋ ਉਮਰ ਗੁਜ਼ਾਰੀ।
ਚੰਗਾ ਹੁੰਦਾ ਇਕ ਵਾਰੀ ਹੱਸ ਕੇ
ਮੈਂ ਵੀ ਜੇ ਮਰ ਜਾਂਦਾ,
ਸਾਰੀ ਉਮਰ ਰੋਣ ਤੋਂ ਚੰਗਾ
ਹੱਸ ਮਰਨਾ ਇਕ ਵਾਰੀ।

## ਅਗਾਂਹ-ਵਧੂ

ਹੱਸਣ ਵਾਲੇ ਜ਼ਿੰਦਗੀ ਦੇ
ਰੋਣੇ ਧੋਣੇ ਲਾਂਭੇ ਕਰ,
ਰੋਂਦੇ ਰੋਂਦੇ ਹੱਸਣ ਦਾ
ਅੰਦਾਜ਼ ਸਿੱਖ ਜਾਂਦੇ ਨੇ।
ਜ਼ਿੰਦਗੀ ਤੋਂ ਦੂਰ ਰਹਿੰਦੇ
ਮੌਤ ਕੋਲੋਂ ਡਰਨ ਵਾਲੇ
ਮੌਤ ਕੋਲੋਂ ਜ਼ਿੰਦਗੀ
ਜਾਂਬਾਜ਼ ਸਿੱਖ ਜਾਂਦੇ ਨੇ।

## ਜੋਸ਼

ਹਿੰਮਤ ਵਾਲੇ ਕਿਸਮਤ ਨਾਲੋਂ
ਬਾਹਾਂ ਨੂੰ ਅਜ਼ਮਾਂਦੇ ਨੇ।
ਹੱਥ ਦੇ ਵਿਚ ਹਥਿਆਰ ਪਕੜ ਕੇ
ਆਫਤ ਨਾਲ ਟਕਰਾਂਦੇ ਨੇ।
ਦੋ ਪੱਥਰ ਜਦ ਨੀਵੇਂ ਪਾਸੇ
ਇਕ ਦੂਜੇ ਵਲ ਰੁੜਦੇ ਨੇ
ਰਾਹ ਵਿਚ ਆਉਂਦੀ ਹਰ ਵਸਤੂ ਨੂੰ
ਕੁਚਲ ਕੁਚਲ ਲੰਘ ਜਾਂਦੇ ਨੇ।

## ਭੋਲਾ

ਇਨਸਾਨੀਅਤ ਦੇ ਰਸਤੇ ਤੋਂ
ਫਿਰ ਗਿਆ ਇਨਸਾਨ ਹੈ।
ਮੋਹ ਮਾਇਆ ਦੇ ਜਾਲ ਅੰਦਰ
ਘਿਰ ਗਿਆ ਇਨਸਾਨ ਹੈ।
ਦੂਰ ਹੈ ਇਨਸਾਨ ਅੱਜ
ਓਸ ਹਕੀਕੀ ਪਹੁੰਚ ਤੋਂ,
ਜ਼ਿੰਦਗੀ ਦੀਆਂ ਖੁਸ਼ੀਆਂ ਦੇ ਨਾਲ
ਵਿਰ ਗਿਆ ਇਨਸਾਨ ਹੈ।

## ਆਦਮੀ ਤੇ ਰੂਹ

ਕਬਰਾਂ ਵਿਚੋਂ ਮੁਰਦਾ ਉਠ ਕੇ
ਸਿੱਧਾ ਘਰ ਨੂੰ ਆਇਆ।
ਘਰ ਵਿਚ ਪੈਂਦਾ ਰੌਲਾ ਸੁਣ ਕੇ
ਦਿਲ ਉਸਦਾ ਘਬਰਾਇਆ।
ਸਾਰੀ ਜ਼ਿੰਦਗੀ ਭੁਖਾ ਭਾਣਾ
ਜੋ ਦਰ ਦਰ ਸੀ ਫਿਰਦਾ,
ਰੂਹ ਉਸੇ ਦੀ ਖੁਸ਼ ਕਰਨ ਲਈ
ਘਰਦਿਆਂ ਜੱਗ ਰਚਾਇਆ।

## ਪਹਿਲੀ ਹਾਰ

ਕੌਣ ਕਹਿੰਦਾ ਏ ਕਿ
ਮਰ ਗਿਆ ਹਾਂ ਮੈਂ।
ਜ਼ਿੰਦਗੀ ਦਾ ਸਫ਼ਰ ਪੂਰਾ
ਕਰ ਗਿਆ ਹਾਂ ਮੈਂ।
ਕਰ ਰਿਹਾ ਹਾਂ, ਮੈਂ ਤਿਆਰੀ
ਅਗਲੇ ਮੈਚ ਦੀ,
ਜ਼ਿੰਦਗੀ ਦੀ ਗੇਮ ਇਕ
ਹਰ ਗਿਆ ਹਾਂ ਮੈਂ।

## ਲਿਖਤਾਂ

ਨਾ ਕੋਈ ਆਪ ਮੁਹਾਰਾ ਲਿਖਦਾ
ਨਾ ਕੋਈ ਲਿਖੇ ਲਿਖਾਇਆਂ।
ਨਾ ਕੋਈ ਲਿਖਦਾ ਵਲਵਲਿਆਂ ਨੂੰ
ਹਿਰਦੇ ਵਿਚ ਸਮਾਇਆਂ।
ਜਦ ਵੀ ਤਾਰ ਜਿਗਰ ਦੀ ਹਿਲਦੀ
ਕਲਮ ਲਪੇਟੀ ਜਿਸਨੇ,
ਫਿਰ ਨਾ ਰੁਕਦੀ ਭਾਵਾਂ ਨੂੰ
ਬਿਨ ਕਾਗਜ਼ ਤੇ ਪ੍ਰਗਟਾਇਆਂ।


## ਹੱਸਦੇ ਅੱਖਰ

ਕਾਲਜ਼ ਕਲਮ ਫੜ ਇਕਾਂਤ ਵਿਚ
ਲਿਖਣ ਜਦੋਂ ਲੱਗ ਜਾਵਾਂ।
ਮਿੱਠੇ ਮਿੱਠੇ ਸਾਹਾਂ ਵਾਲੀਆਂ।
ਲਗਦੀਆਂ ਵਗਣ ਹਵਾਵਾਂ
ਜਦ ਮੈਂ ਦੇਖਾਂ ਚਾਰ ਚੁਫੇਰੇ
ਕੌਣ ਅਜਨਬੀ ਆਇਆ,
ਮੈਨੂੰ ਤਕ ਕੇ ਖਿੜਖਿੜ ਹਸਦੀਆਂ
ਕਾਗਜ਼ ਤੇ ਰਚਨਾਵਾਂ।।

◆◆◆◆◆

ਗਿਆਨੀ ਸਰੂਪ ਸਿੰਘ ਕਡਿਆਣਾ
★ ਪੰਥਕ ਢਾਡੀ ਜੱਥਾ ★
98150-03075
ਪਿੰਡ ਕਡਿਆਣਾ ਤਹਿ. ਫਿਲੌਰ (ਜਲੰਧਰ)





'ਵਿਰਸੇ ਦੀ ਪਹਿਚਾਣ' ਦੇ ਕਰਤਾ ਡਾ. ਗੁਰਮੀਤ ਸਿੰਘ ਬਰਸਾਲ ਸੰਜੀਦਾ ਸਾਹਿਤ ਦੀ ਰਚਨਾ ਦੇ ਮੁਦਈ ਹਨ। ਪੰਜਾਬੀ ਸਾਹਿਤ ਵਿਚ ਨੀਵੀਂ ਪੱਧਰ ਦੀਆਂ ਕਵਿਤਾਵਾਂ ਤੇ ਗੀਤਾਂ ਨੇ ਨਸ਼ਿਆਂ ਅਤੇ ਅਖੌਤੀ ਪਿਆਰ ਦੇ ਦੋਸ਼ ਪੈਦਾ ਕਰ ਦਿੱਤੇ ਹਨ। ਡਾ. ਬਰਸਾਲ ਦਾ ਪ੍ਰਥਮ ਕਾਵਿ ਸੰਗ੍ਰਹਿ ਅਤਿ ਢੁਕਵੇਂ ਮੁੱਲ ਕੇਵਲ 10 ਰੁ: ਵਿਚ ਨੌਜਵਾਨ ਉਭਰਦੇ ਲੇਖਕਾਂ ਤੇ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ।

ਪ੍ਰਕਾਸ਼ਕ